# One Year Diploma in Sikh Theology

## III : Theological Study of Sikh Institutions

### Unit I-Shabad

**Structure**

1.0 ਉਦੇਸ਼

1.1 ਜਾਣ-ਪਛਾਣ

1.2 ਅਰਥ

1.3 ਪਰਿਭਾਸ਼ਾ

1.4 ਸ਼ਬਦ-ਗੁਰੂ ਨੂੰ ਗੁਰਗੱਦੀ ਇਤਿਹਾਸਿਕ ਪਿਛੋਕੜ

1.4.1 ਪੋਥੀ ਸਾਹਿਬ

1.4.2 ਆਦਿ ਬੀੜ

1.4.3 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

1.5 ਸ਼ਬਦ-ਗੁਰੂ

1.6 ਧੁਰ ਕੀ ਬਾਣੀ

1.7 ਸ਼ਬਦ-ਗੁਰੂ ਦਾ ਸਤਿਕਾਰ

1.8 ਸ਼ਬਦ-ਗੁਰੂ ਦੀ ਸ਼ਖ਼ਸੀਅਤ

1.8.1 ਭਗਤੀ

1.8.2 ਸਹਿਜ

1.8.3 ਪ੍ਰਸਾਦਿ

1.9 ਮਹੱਤਵ

1.9.1 ਸ਼ਬਦ-ਗੁਰੂ ਸਿਖੀ ਮਾਰਗ ਤੇ ਮੰਜਿਲ

1.10 ਸਾਰ

1.11 ਸਹਾਇਕ ਪੁਸਤਕਾਂ

## 1.0 ਉਦੇਸ਼

ਸਿੱਖ ਧਰਮ ਵਿਚ ਦਸ ਗੁਰੂ ਸਾਹਿਬਾਨਾ ਤੋਂ ਬਾਅਦ 'ਸ਼ਬਦ ਗੁਰੂ' ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ ਜੋ ਕਿ ਕਿਸੇ ਵੀ ਧਰਮ ਅੰਦਰ ਨਹੀਂ ਹੈ। ਸਿੱਖ ਧਰਮ ਵਿਚ ਸ਼ਬਦ ਗੁਰੂ ਦੀ ਮਹਾਨਤਾ ਨੂੰ ਉਜਾਗਰ ਕਰਨਾ ਹੀ ਹੱਥਲੇ ਪਰਚੇ ਦਾ ਉਦੇਸ਼ ਹੈ। ਜਿਸ ਵਿਚ ਸ਼ਬਦ ਗੁਰੂ ਦੇ ਇਤਿਹਾਸਕ ਪਿਛੋਕੜ ਪੋਥੀ ਸਾਹਿਬ ਤੋਂ ਆਰੰਭ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਦੀ ਜਾਣਕਾਰੀ ਸਾਂਝੀ ਕੀਤੀ ਗਈ ਹੈ।

## 1.1ਜਾਣ-ਪਛਾਣ

ਹਰੇਕ ਧਰਮ ਵਿੱਚ ਗੁਰੂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਬੰਧਿਤ ਧਰਮ ਦੇ ਮੋਢੀ ਨੂੰ ਉਸ ਧਰਮ ਦਾ ਗੁਰੂ ਸਵੀਕਾਰ ਕੀਤਾ ਜਾਂਦਾ ਸੀ। ਗੁਰੂ ਧਾਰਨ ਕਰਨ ਦਾ ਜ਼ਕਿਰ ਵੀ ਹਰ ਧਰਮ ਵਿੱਚ ਪ੍ਰਾਪਤ ਹੁੰਦਾ ਹੈ। ਗੁਰੂ ਦੇ ਕਹੇ ਬਚਨਾਂ ਉੱਤੇ ਚੱਲ ਕੇ ਸਾਧਕ ਆਪਣੇ ਜੀਵਨ ਨੂੰ ਸਾਰਥਕ ਕਰਨ ਦੀ ਕੋਸ਼ਸ਼ਿ ਕਰਦਾ ਹੈ। ਹਰ ਧਰਮ ਵਿੱਚ ਵਿਅਕਤੀ ਵਿਸ਼ੇਸ਼ ਗੁਰੂ ਧਾਰਨ ਦੀ ਪ੍ਰਥਾ ਪ੍ਰਚੱਲਤ ਰਹੀ ਹੈ। ਸਿੱਖ ਧਰਮ ਦੀ ਗੱਲ ਕੀਤੀ ਜਾਵੇ ਤਾਂ ਗੁਰੂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਹੈ। ਸਿੱਖ ਧਰਮ ਵਿੱਚ ਗੁਰੂ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕੀਤੀ ਜਾਂਦੀ ਹੈ ਅਤੇ ਵਰਤਮਾਨ ਸਮੇਂ ਵਿੱਚ ਇਹ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਹੀ ਵਰਤਿਆ ਜਾਂਦਾ ਹੈ ਕਿਸੇ ਹੋਰ ਲਈ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਵਿਚ ਗੁਰੂ ਦੀ ਮਹਿਮਾ, ਮਹੱਤਵ, ਗੁਰੂ ਦੇ ਸਰੂਪ ਅਤੇ ਗੁਰੂ ਦੀ ਲੋੜ ਤੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਗੁਰੂ ਦੇ ਤਿੰਨ ਪ੍ਰਮੁੱਖ ਰੂਪ ਦਰਸਾਇ ਗਏ ਹਨ। ਜਿਨ੍ਹਾਂ ਵਿਚ ਪਹਿਲਾ ਗੁਰੂ ਦਾ ਪ੍ਰਮਾਤਮਾ ਰੂਪ, ਦੂਜਾ ਮਨੁੱਖੀ ਰੂਪ ਅਤੇ ਤੀਜਾ ਸ਼ਬਦ ਰੂਪ ਹੈ। ਪਹਿਲਾ ਰੂਪ ਇਹ ਸਪਸ਼ਟ ਕਰਦਾ ਹੈ ਕਿ ਪਰਮਾਤਮਾ ਆਪ ਹੀ ਗੁਰੂ ਹੈ। ਗੁਰੂ ਦਾ ਦੂਜਾ ਰੂਪ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦੇਹ ਰੂਪ ਵਿਚ ਵਿਚਰਣ ਸਬੰਧੀ ਹੈ। ਤੀਜਾ ਰੂਪ ਸ਼ਬਦ ਭਾਵ ਗੁਰੂ ਵੱਲੋਂ ਉਚਾਰਨ ਕੀਤੀ ਹੋਈ ਬਾਣੀ, ਅਰਥਾਤ ਅਨੁਭਵੀ ਬੋਲਾਂ ਨੂੰ ਰੂਪਮਾਨ ਕਰਦਾ ਹੈ। ਇਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ ਕਿਹਾ ਜਾਂਦਾ ਹੈ। ਕਿਉਂਕਿ ਇਸ ਵਿਚ ਗੁਰੂ ਦੀ ਬਾਣੀ ਭਾਵ ਧੁਰ ਕੀ ਬਾਣੀ ਜਾਂ ਗੁਰੂ ਦਾ ਅਗੰਮੀ ਸ਼ਬਦ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਸ਼ਬਦ ਨੂੰ ਅੱਗੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਜਿਨ੍ਹਾਂ ਵਿੱਚ ਪਹਿਲਾ ਸ਼ਬਦ ਦਾ ਬ੍ਰਹਮ ਸਰੂਪ ਹੈ, ਦੂਜਾ ਅਨਹਦ ਸਰੂਪ ਅਤੇ ਤੀਜਾ ਗੁਰੂ ਉਪਦੇਸ਼ ਸਰੂਪ ਅਰਥਾਤ ਗੁਰਬਾਣੀ ਹੈ। ਸ਼ਬਦ ਦੇ ਬ੍ਰਹਮ ਸਰੂਪ ਤੋਂ ਭਾਵ ਹੈ ਕਿ ਬ੍ਰਹਮ ਤਿੰਨਾਂ ਲੋਕਾਂ ਵਿਚ ਸ਼ਬਦ ਰੂਪ ਵਿਚ ਵਿਦਮਾਨ ਹੈ। ਉਹ ਨਿਰਗੁਣ ਅਤੇ ਸਰਗੁਣ ਦੋਵਾਂ ਸਥਿਤੀਆਂ ਵਿੱਚ ਸ਼ਬਦ ਰੂਪ ਵਿਚ ਵਿਦਮਾਨ ਰਹਿੰਦਾ ਹੈ। ਉਹ ਸ੍ਰਿਸ਼ਟੀ ਦੇ ਆਦਿ ਵਿੱਚ ਵੀ ਸ਼ਬਦ ਰੂਪ ਵਿੱਚ ਮੌਜੂਦ ਸੀ ਅਤੇ ਸ੍ਰਿਸ਼ਟੀ ਦੀ ਰਚਨਾ ਤੇ ਉਹ ਇਸ ਦੇ ਅੰਦਰ ਸ਼ਬਦ ਰੂਪ ਹੋ ਕੇ ਸਮਾਇਆ ਹੋਇਆ ਹੈ। ਸ਼ਬਦ ਦਾ ਅਨਹਦ ਸਰੂਪ ਰੱਬੀ ਅਨੁਭਵ ਦੀ ਅਵਸਥਾ ਦਾ ਲਖਾਇਕ ਹੈ। ਏਸੇ ਅਵਸਥਾ ਵਿੱਚ ਹੀ ਗੁਰੂ ਸਾਹਿਬਾਨ ਨੂੰ ਰੱਬੀ ਬਾਣੀ ਦਾ ਆਵੇਸ਼ ਹੋਇਆ। ਇਸ ਆਵੇਸ਼ ਰਾਹੀਂ ਪ੍ਰਾਪਤ ਸ਼ਬਦ ਨੂੰ 'ਧੁਰ ਕੀ ਬਾਣੀ' ਕਿਹਾ ਜਾਂਦਾ ਹੈ। ਸ਼ਬਦ ਦਾ 'ਗੁਰੂ ਉਪਦੇਸ਼ ਸਰੂਪ' ਸ਼ਬਦ ਦੇ ਅਨਹਦ ਸਰੂਪ ਨੂੰ ਮਨੁੱਖੀ ਭਾਸ਼ਾ ਵਿੱਚ ਵਿਅਕਤ ਕਰਨ ਦਾ ਇੱਕ ਵਾਹਨ ਹੈ। ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ ਸ਼ਬਦ ਨੂੰ ਬ੍ਰਹਮ ਕਿਹਾ ਗਿਆ ਹੈ, ਉਥੇ ਗੁਰੂ ਵੀ ਆਖਿਆ ਗਿਆ ਹੈ।

## 1.2 ਅਰਥ

ਹੁਣ ਇਹ ਸੁਆਲ ਪੈਦਾ ਹੁੰਦਾ ਹੈ, ਕਿ ਸ਼ਬਦ ਕੀ ਹੈ? ਜੋ ਗੁਰੂ ਰੂਪ ਹੋ ਕੇ ਵਿਚਰ ਰਿਹਾ ਹੈ ਅਤੇ ਜਿਸ ਨੂੰ ਗੁਰੂ ਨਾਨਕ ਨਾਮ ਲੇਵਾ ਸਮੁੱਚਾ ਪੰਥ 'ਗੁਰੂ' ਸਰੂਪ ਮੰਨਦਾ ਹੈ। ਸ਼ਬਦ ਦਾ ਅਰਥ ਹੈ- ਬਾਣੀ, ਆਵਾਜ਼, ਪਰ ਇਹ ਉਹ ਬਾਣੀ ਮੰਨੀ ਗਈ ਹੈ, ਜਿਸ ਦੇ ਸੱਚ ਦੀ ਸਾਖ ਬਾਣੀਕਾਰ ਜਾਂ ਕਹਿਣ ਵਾਲਾ ਆਪਣੇ ਨਿੱਜੀ ਤਜਰਬੇ ਦੇ ਆਧਾਰ ਤੇ ਦੇ ਸਕੇ। ਸ਼ਬਦ

ਦਾ ਆਧਾਰ ਆਪਣਾ ਨਿੱਜੀ ਤਜਰਬਾ ਹੈ। ਸਾਰੀ ਗੁਰਬਾਣੀ ਸ਼ਬਦ ਹੈ ਗੁਰੂ ਸਾਹਿਬ ਨੇ ਆਪਣੇ ਨਾਲ ਵਰਤੀ ਆਪ ਡਿੱਠੀ ਵਾਰਤਾ ਸ਼ਬਦ ਵਿੱਚ ਦੱਸੀ ਹੈ।

ਸ਼ਬਦ ਦਾ ਅਰਥ ਬਾਣੀ ਅਤੇ ਗੁਰੂ ਦਾ ਅਰਥ ਹੁੰਦਾ ਹੈ ਅਜਿਹੀ ਸਿੱਖਿਆ ਦੇਣ ਵਾਲਾ ਜੋ ਜੀਵਨ ਵਿਚ ਬਦਲਾਓ ਲਿਆ ਕੇ ਖ਼ੁਸ਼ੀਆਂ ਭਰੇ ਨਵੇਂ ਰੰਗ ਭਰਦਾ ਹੈ। ਸ਼ਬਦ ਗੁਰੂ ਦੇ ਮੂਲ ਢਾਂਚੇ ਦੇ ਸਬੰਧ ਵਿਚ ਇਸ ਦੀ ਪਰਿਭਾਸ਼ਾ ਜਾਣਨੀ ਪਵੇਗੀ। ਸ਼ਬਦ ਦੀ ਬਣਤਰ 'ਸ' ਅਤੇ 'ਬਦ' ਅੱਖਰਾਂ ਤੋਂ ਬਣਦੀ ਹੈ, 'ਸ' ਦਾ ਅਰਥ ਹੁੰਦਾ ਹੈ 'ਹਉਮੈ' ਦਾ ਪ੍ਰਗਟਾਵਾ, ਜਿਸ ਨਾਲ ਅਸੀਂ ਜੁੜੇ ਹੁੰਦੇ ਹਾਂ, 'ਬਦ' ਦਾ ਅਰਥ ਹੁੰਦਾ ਹੈ, ਛੱਡਣਾ ਜਾਂ ਖ਼ਤਮ ਕਰਨਾ। ਇਸ ਤਰ੍ਹਾਂ ਸ਼ਬਦ ਦਾ ਅਰਥ ਬਣਦਾ ਹੈ, ਆਪਣੀ 'ਮੈਂ" ਭਾਵ 'ਹਉਮੈਂ" ਨੂੰ ਖ਼ਤਮ ਕਰਨ ਵਾਲੀ ਬਾਣੀ। ਇਸ ਪ੍ਰਸੰਗ ਵਿੱਚ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਇਹ ਬਾਣੀ ਕੋਈ ਸਾਧਾਰਨ ਗੀਤ ਜਾਂ ਦੁਨੀਆਵੀ ਗਿਆਨ ਨਹੀਂ ਹੁੰਦੀ, ਬਲਕਿ ਇਸ ਤਾਂ ਉਸ ਬ੍ਰਹਮ ਦੀ ਵਿਚਾਰ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਪੰਨਾ 335

ਭਾਈ ਕਾਨ੍ਹ ਸਿੰਘ ਨਾਭਾ ਨੇ ਸ਼ਬਦ ਦੇ ਅਰਥ- ਧੁਨੀ, ਆਵਾਜ਼, ਸੁਰ, ਲਫ਼ਜ਼, ਗੁਫ਼ਤਗੂ, ਗੁਰ ਉਪਦੇਸ਼, ਬ੍ਰਹਮ, ਮਜ਼ਹਬ, ਪੈਗ਼ਾਮ, ਸੁਨੇਹਾ ਆਦਿ ਲਏ ਹਨ। ਇਸ ਤੋਂ ਇਲਾਵਾ ਸ਼ਬਦ ਦਾ ਅਰਥ- ਧਰਮੀ ਜੀਵਨ ਅਤੇ ਹੁਕਮ ਵੀ ਲਏ ਗਏ ਹਨ। ਅਧਿਆਤਮਿਕ ਖੇਤਰ ਵਿਚ ਸ਼ਬਦ ਨੂੰ ਬ੍ਰਹਮ, ਗੁਰੂ, ਬਚਨ, ਧੁਨੀ ਆਦਿ ਅਰਥਾਂ ਵਿੱਚ ਵਰਤਿਆ ਗਿਆ ਹੈ।

### 1.3 ਪਰਿਭਾਸ਼ਾ

ਸ਼ਬਦ ਦੀ ਪਰਿਭਾਸ਼ਾ ਦੇ ਸੰਬੰਧ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ: 'ਸ਼ਬਦ ਉਹ ਤੱਤ ਹੈ, ਜਿਸ ਨੂੰ ਜਾਣਦਿਆਂ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕਮਿਕ ਹੋ ਜਾਈਦਾ ਹੈ'।

ਮੈਕਨੀਕਲ ਲਿਖਦਾ ਹੈ: 'ਸ਼ਬਦ ਭਾਸ਼ਾ ਦਾ ਉਹ ਗੁਪਤ ਬਚਨ ਹੈ, ਜਿਹੜਾ ਅਣਦਿਸਦੇ ਬਾਰੇ ਗਿਆਨ ਪ੍ਰਦਾਨ ਕਰਦਾ ਹੈ'। ਡਾ. ਸ਼ਮਸ਼ੇਰ ਸਿੰਘ ਅਨੁਸਾਰ- ਸ਼ਬਦ ਤਿੰਨਾਂ ਗੁਣਾਂ ਤੋਂ ਉੱਪਰ ਉੱਠ ਕੇ ਚੌਥੀ ਅਵਸਥਾ ਵਿੱਚ ਪਹੁੰਚੇ ਹੋਏ ਰੱਬੀ ਮਨੁੱਖ ਦੇ ਗਿਆਨ ਨੂੰ ਮਨੁੱਖੀ ਭਾਸ਼ਾ ਵਿੱਚ ਪ੍ਰਗਟ ਕਰਨ ਦਾ ਇੱਕ ਹਥਿਆਰ ਹੈ। ਸ਼ਬਦ, ਸਤ (ਹੋਂਦ), ਚਿਤ (ਗਿਆਨ), ਅਨੰਦ (ਪਰਮ ਪ੍ਰੇਮ), ਬ੍ਰਹਮ ਦੇ ਪਵਿੱਤਰ ਅਮਰ ਗਿਆਨ ਦਾ ਸਾਕਾਰ ਅੱਖਰੀ ਰੂਪ ਹੈ। ਸ਼ਬਦ ਇਕ ਪਾਸੇ ਆਤਮਿਕ ਗਿਆਨ ਹੈ, ਦੂਜੇ ਪਾਸੇ ਆਤਮਿਕ ਜੋਤ ਹੈ। ਇਸ ਜੋਤ ਨੇ ਸਿੱਖ ਸਤਿਗੁਰਾਂ ਦੇ ਹਿਰਦੇ ਰਾਹੀਂ ਪ੍ਰਗਟ ਹੋ ਕੇ ਲਗਪਗ 239 (1469-1708) ਸਾਲ ਮਨੁੱਖਤਾ ਦੀ ਅਗਵਾਈ ਕੀਤੀ।

### 1.4 ਸ਼ਬਦ-ਗੁਰੂ ਨੂੰ ਗੁਰਗੱਦੀ ਇਤਿਹਾਸਿਕ ਪਿਛੋਕੜ

ਸਭ ਤੋਂ ਪਹਿਲਾਂ ਇਹ ਵੇਖਣ ਦੀ ਲੋੜ ਹੈ ਕਿ 'ਗੁਰੂ ਮਾਨਿਓ ਗ੍ਰੰਥ' ਵਾਲੇ ਸਰੂਪ ਤਕ ਪਹੁੰਚਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਹੜੇ ਕਿਹੜੇ ਪੜਾਵਾਂ ਵਿੱਚੋਂ ਗੁਜ਼ਰਨਾ ਪਿਆ ਸੀ। ਸ਼ਬਦ ਗੁਰੂ ਦੇ ਹੁਣ ਤਕ ਤਿੰਨ ਨਾਮ ਪ੍ਰਚੱਲਤ ਰਹੇ ਹਨ। ਪਹਿਲਾਂ ਪੋਥੀ ਸਾਹਿਬ, ਦੂਜਾ ਆਦਿ ਗ੍ਰੰਥ ਅਤੇ ਤੀਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

#### 1.4.1 ਪੋਥੀ ਸਾਹਿਬ

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਆਪ ਹੀ ਲਿਖਦੇ ਸਨ ਅਤੇ ਉਸ ਨੂੰ ਸਦਾ ਹੀ ਨਾਲ ਵੀ ਰੱਖਦੇ ਸਨ। ਇਸ ਦਾ ਪ੍ਰਮਾਣ ਭਾਈ ਗੁਰਦਾਸ ਜੀ ਨੇ ਸੰਭਾਲਿਆ ਹੋਇਆ ਹੈ

ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।<br>
ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੨)<br>
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?<br>
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।<br>
ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੩)

ਇਤਿਹਾਸਕ ਵੇਰਵਿਆਂ ਨੂੰ ਆਧਾਰ ਬਣਾ ਕੇ ਇਹ ਕਿਹਾ ਜਾ ਸਕਦਾ ਹੈ ਗੁਰੂ ਜੀ ਜਿਤਨੀ ਵੀ ਬਾਣੀ ਉਚਾਰਦੇ ਉਸ ਨੂੰ ਨਾਲ ਦੀ ਨਾਲ ਲਿਖਤੀ ਰੂਪ ਦੇਂਦੇ ਸਨ। ਇਹ ਪੋਥੀ ਸਾਹਿਬ ਗੁਰਗੱਦੀ ਦੇਣ ਦੇ ਨਾਲ ਹੀ ਦਿੱਤੀ ਜਾਂਦੀ ਸੀ। ਪੋਥੀ ਸਾਹਿਬ ਦਾ ਸਿਲਸਿਲਾ ਪਹਿਲੇ ਪੰਜ ਗੁਰੂ ਸਾਹਿਬਾਨ ਤੱਕ ਚੱਲਦਾ ਰਿਹਾ ਸੀ। ਡਾ. ਰਤਨ ਸਿੰਘ ਜੱਗੀ ਨੇ ਪੁਰਾਤਨ ਜਨਮ ਸਾਖੀ ਦੇ ਹਵਾਲੇ ਨਾਲ ਲਿਖਿਆ ਹੋਇਆ ਹੈ ਕਿ ਬਾਣੀ ਦੀ ਉਹ ਹੀ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਪ੍ਰਦਾਨ ਕਰਨ ਵੇਲੇ ਦਿੱਤੀ ਸੀ। ਪੋਥੀ ਸਾਹਿਬ ਦਾ ਇਹ ਰੂਪ ਗੁਰਗੱਦੀ ਦੇ ਨਾਲ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਚਲਦਾ ਰਿਹਾ ਸੀ ਅਤੇ ਇਹੀ ਪੋਥੀ ਸਾਹਿਬ ਆਦਿ ਬੀੜ ਦੇ ਸੰਕਲਨ ਵੇਲੇ ਮੁੱਖ ਸਰੋਤ ਵਜੋਂ ਵਰਤੀ ਗਈ ਸੀ।

### 1.4.2 ਆਦਿ ਬੀੜ

ਸ਼ਬਦ ਗੁਰੂ ਦੇ ਅਧਿਆਤਮਿਕ ਸਫ਼ਰ ਵਿੱਚ ਆਦਿ ਬੀੜ ਨੂੰ ਦੂਜਾ ਪੜਾਅ ਕਿਹਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਤੇ ਸ਼ੁਭਾਇਮਾਨ ਹੋਣ ਵੇਲੇ ਦੋ ਗੱਲਾਂ ਵਾਪਰੀਆਂ, ਜੋ ਗੁਰਗੱਦੀ ਨਾਲ ਜੁੜੀ ਹੋਈ ਭਾਵਨਾ ਵਿੱਚ ਨਵੀਂਆਂ ਲੱਗਦੀਆਂ ਸਨ ਜਾਂ ਇਕ ਖ਼ਾਸ ਵਰਗ ਵੱਲੋਂ ਕਥਿਤ ਜਾ ਰਹੀਆਂ ਇਹ ਦੋ ਗੱਲਾਂ ਨਵੀਆਂ ਸਮਝ ਲਈਆਂ ਗਈਆਂ ਸਨ। ਪਹਿਲੀ ਇਹ ਕਿ ਪਹਿਲੀ ਵਾਰ ਗੁਰੂ ਪੁੱਤਰ ਨੂੰ ਗੁਰਗੱਦੀ ਦਿੱਤੀ ਗਈ ਸੀ। ਦੂਜੀ ਇਹ ਕਿ ਗੁਰਗੱਦੀ ਤੇ ਬੈਠਣ ਵਾਲੇ ਗੁਰੂ ਪਾਤਸ਼ਾਹ ਦੇ ਦੋ ਵੱਡੇ ਭਰਾਵਾਂ ਨੂੰ ਗੁਰਗੱਦੀ ਦੇ ਯੋਗ ਨਹੀਂ ਸਮਝਿਆ ਗਿਆ ਸੀ। ਇਸ ਨਾਲ ਅੱਗੋਂ ਦੋ ਗੱਲਾਂ ਇਹ ਵਾਪਰਿਆ ਕਿ ਵੱਡੇ ਭਰਾ ਪ੍ਰਿਥੀਏ ਨੇ ਗੁਰਗੱਦੀ ਦੀ ਦਾਅਵੇਦਾਰੀ ਜਾਰੀ ਰੱਖੀ ਅਤੇ ਨਾਨਕ-ਮੋਹਰ ਦੀ ਵਰਤੋਂ ਅਣਅਧਿਕਾਰਿਤ ਤੌਰ ਤੇ ਹੋਣ ਲੱਗ ਪਈ। ਇਹ ਤਾਂ ਸਪਸ਼ਟ ਹੀ ਹੋ ਚੁੱਕਾ ਸੀ ਕਿ ਸਿੱਖ ਧਰਮ ਦਾ ਆਧਾਰ ਸ਼ਬਦ-ਗੁਰੂ ਹੈ। ਇਸ ਨਾਤੇ ਬਾਣੀ ਨੂੰ ਗੁਰੂ ਪ੍ਰਵਾਨ ਕਰ ਲੈਣ ਦੀ ਭਾਵਨਾ ਆਮ ਸਿੱਖ ਦੇ ਵਿਸ਼ਵਾਸ ਦਾ ਹਿੱਸਾ ਹੋ ਗਈ ਸੀ। ਪ੍ਰਿਥੀ ਚੰਦ ਦੇ ਪੁੱਤਰ ਅਤੇ ਪੰਚਮ ਪਾਤਸ਼ਾਹ ਹਜ਼ੂਰ ਦੇ ਭਤੀਜੇ ਮਿਹਰਬਾਨ ਨੇ ਜੋ ਕੁਝ ਲਿਖਿਆ ਉਸ ਨੂੰ ਬਾਣੀ ਵਜੋਂ ਭੋਲੇ ਭਾਲੇ ਸਿੱਖਾਂ ਤਕ ਪਹੁੰਚਾਣ ਦੀਆਂ ਯੋਜਨਾਬੱਧ ਕੋਸ਼ਿਸ਼ਾਂ ਕੀਤੀਆਂ ਗਈਆਂ। ਗੁਰੂ ਅਰਜਨ ਦੇਵ ਜੀ ਨੇ ਕੱਚੀ ਬਾਣੀ ਨੂੰ ਵੱਖਰੀ ਕਰ ਸਮੁੱਚੀ ਪ੍ਰਾਪਤ ਬਾਣੀ ਦਾ ਸੰਕਲਨ ਕਰਕੇ ਆਦਿ ਗ੍ਰੰਥ ਤਿਆਰ ਕੀਤਾ। ਜਿਸ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ, ਭਗਤਾਂ ਦੀ ਬਾਣੀ ਅਤੇ ਭੱਟਾਂ ਦੀ ਬਾਣੀ ਆਦਿ ਬੀੜ ਵਿਚ ਸ਼ਾਮਿਲ ਕਰ ਲਈ ਗਈ ਸੀ। ਇਸ ਬੀੜ ਦਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿੱਚ ਪਹਿਲਾ ਪ੍ਰਕਾਸ਼ 1604 ਈ. ਵਿਚ ਕਰ ਦਿੱਤਾ ਗਿਆ ਸੀ। ਇਹ ਬੀੜ ਕਰਤਾਰਪੁਰ ਵਾਲੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ।

### 1.4.3 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਮਦਮਾ ਸਾਹਿਬ ਦੇ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਨਿਰਣਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਨੂੰ ਸ਼ਾਮਿਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ ਜਾਵੇ ਅਤੇ ਨਾਲ ਹੀ ਗੁਰਬਾਣੀ ਦੇ ਅਰਥ ਵੀ ਕਰਵਾਏ ਜਾਣ। ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਤੋਂ ਆਰੰਭ ਕਰਕੇ 1763 ਬਿਕ੍ਰਮੀ 23 ਸਾਵਣ ਤੱਕ ਨੌ ਮਹੀਨੇ ਨੌ ਦਿਨਾਂ ਵਿਚ ਸਾਰੀ ਲਿਖਾਈ ਸੰਪੂਰਨ ਕੀਤੀ। ਇਸ ਦਮਦਮੀ ਬੀੜ ਨੂੰ ਗੁਰੂ ਸਾਹਿਬ ਨੇ ਹਜ਼ੂਰ ਸਾਹਿਬ ਨੰਦੇੜ ਮਹਾਂਰਾਸਟਰਾ ਵਿਚ "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" ਕਹਿਕੇ ਸ਼ਬਦਗੁਰੂ ਵਜੋਂ 1708 ਈ. ਵਿਚ ਗੁਰਗੱਦੀ ਦਿਤੀ। ਦੁਨਿਆਂ ਵਿਚ ਕਿਸੇ ਵੀ ਧਰਮਗ੍ਰੰਥ ਨੂੰ ਸ਼ਬਦਗੁਰੂ ਵਾਲਾ ਇਹ ਰੁਤਬਾ ਪਹਿਲਾਂ ਪ੍ਰਾਪਤ ਨਹੀਂ ਹੋਇਆ ਸੀ ਅਤੇ ਨਾ ਹੀ ਅਜ ਤੱਕ ਹੋਇਆ ਹੈ। ਇਸ ਵਿਲੱਖਣ ਅਧਿਆਤਮਿਕ-ਜੁਗਤਿ ਨੂੰ ਹੀ ਸ਼ਬਦਗੁਰੂ ਵਜੋਂ ਵੀਚਾਰਿਆ ਜਾ ਰਿਹਾ ਹੈ। ਸ਼ਬਦ ਗੁਰੂ ਨੂੰ 1708 ਈ. ਵਿਚ ਗੁਰਗੱਦੀ ਦਿੱਤੀ ਗਈ ਸੀ।

## 1.5 ਸ਼ਬਦ-ਗੁਰੂ

'ਸ਼ਬਦ-ਗੁਰੂ' ਇਸ ਤੋਂ ਭਾਵ ਹੈ ਗੁਰੂ ਦਾ ਸ਼ਬਦ, ਗੁਰੂ ਦੇ ਬੋਲ, ਗੁਰੂ ਦੀ ਬਾਣੀ, ਗੁਰੂਮਤਿ। 'ਗੁਰੂ-ਸ਼ਬਦ' ਗੁਰੂ ਦੇ ਰਹੱਸਾਨੁਭਵ ਦਾ ਅਭਿਵਿਅਕਤ ਸਰੂਪ ਹੈ। ਇਹ ਦੋਵੇਂ ਪਰਸਪਰ ਸਬੰਧਿਤ ਹਨ, ਜਿਵੇਂ ਸ਼ਬਦ ਬ੍ਰਹਮ ਵਾਚਕ ਹੈ, ਉਸੇ ਤਰ੍ਹਾਂ ਇਹ ਗੁਰੂ ਦਾ ਵਾਚਕ ਵੀ ਹੈ। ਇਸ ਦਾ ਮਹੱਤਵ ਉਤਨਾ ਹੀ ਹੈ ਜਿਤਨਾ ਗੁਰੂ ਦਾ ਆਪਣਾ, ਕਿਉਂਕਿ ਪ੍ਰਮਾਤਮਾ ਰੂਪੀ ਗੁਰੂ, ਸ਼ਬਦ ਵਿੱਚ ਰਮ ਰਿਹਾ ਹੈ। 'ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ'॥ ਸਪਸ਼ਟ ਹੈ ਕਿ ਗੁਰੂ ਅਤੇ ਗੁਰੂ ਸ਼ਬਦ ਵਿੱਚ ਕੋਈ ਅੰਤਰ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿਥੇ ਵੀ ਗਏ ਉਨ੍ਹਾਂ ਨੇ ਆਪਣੀ ਗੱਲ ਸਮਝਾਉਣ ਲਈ ਸੰਤਾਂ, ਸਿਧਾਂ, ਨਾਥਾਂ, ਜੋਗੀਆਂ ਨਾਲ ਸੰਵਾਦ ਰਚਾਏ। ਸ਼ਬਦ੍ਗੁਰੂ ਦੇ ਸਿਧਾਂਤ ਨੂੰ ਸਮਝਣ ਲਈ ਸਿੱਧ ਗੋਸਟਿ ਬਾਣੀ ਵਿਚਲੀ ਚਰਚਾ ਨੂੰ ਅਧਾਰ ਬਣਾਇਆ ਜਾ ਸਕਦਾ ਹੈ। ਸਿੱਧਜੋਗੀ ਇਹ ਜਾਨਣਾ ਚਾਹੁੰਦੇ ਸਨ ਕਿ ਬਾਬਾ ਨਾਨਕ ਦਾ ਗੁਰੂ ਕੌਣ ਹੈ? ਨਾਨਕ ਦੇ ਨਿਰਲੇਪ ਰਹਿਣ ਦੀ ਸਚਾਈ ਕੀ ਹੈ? ਸ਼ਬਦ ਦੀ ਸ਼ਕਤੀ ਕੀ ਹੈ? ਇਸ ਪ੍ਰਥਾਏ ਸਵਾਲ ਇਹ ਕੀਤੇ ਗਏ ਸਨ:

ੳ. ਤੇਰਾ ਗੁਰੂ ਕੌਣ ਹੈ?

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥

ਅ. ਕਿਹੜੀ ਗੱਲ ਨਾਲ ਤੁਸੀਂ ਨਿਰਲੇਪ ਰਹਿੰਦੇ ਹੋ?

ਕਵਣ ਕਥਾ ਲੇ ਰਹਹੁ ਨਿਰਾਲੇ ॥

ੲ. ਸੰਸਾਰ ਸਾਗਰ ਨੂੰ ਸ਼ਬਦ ਦੁਆਰਾ ਕਿਵੇਂ ਤਰਿਆ ਜਾ ਸਕਦਾ ਹੈ?

ਭਵਜਲੁ ਸਬਦਿ ਲੰਘਾਵਣਹਾਰੁ ॥

ਇਨ੍ਹਾਂ ਤਿੰਨਾਂ ਸਵਾਲਾਂ ਦੇ ਉੱਤਰ ਗੁਰੂ ਸਾਹਿਬ ਨੇ ਕ੍ਰਮਵਾਰ ਇਹ ਦਿੱਤੇ ਹੋਏ ਹਨ:

ੳ. ਸ਼ਬਦ ਗੁਰੂ ਹੈ ਅਤੇ ਸ਼ਬਦ ਵਿਚ ਸੁਰਤੀ ਦਾ ਲਗਾਤਾਰ ਟਿਕਣਾ ਚੇਲਾ ਹੈ।

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

ਅ. ਸਾਰਿਆਂ ਅੰਦਰ ਜੋਤਿ ਰੂਪ ਵਿਚ ਅਕਾਲ ਪੁਰਖ ਦੀ ਕਥਾ ਨੂੰ ਦਿਲ ਵਿਚ ਰਖ ਕੇ ਹੀ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ।

ਅਕਥ ਕਥਾ ਲੇ ਰਹਉ ਨਿਰਾਲਾ॥ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥

ੲ. ਕੇਵਲ ਗੁਰ੍ਸ਼ਬਦ ਹੀ ਹੈ ਜਿਸ ਦੁਆਰਾ ਹਰੀ ਦੀ ਕਥਾ ਵੀਚਾਰੀ ਜਾਦੀ ਹੈ।

ਏਕੁ ਸਬਦੁ ਜਿਤੁ ਕਥਾ ਵੀਚਾਰੀ ॥ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥

ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਗੁਰੂ ਬਾਰੇ ਜਦੋਂ ਪੁੱਛਿਆ ਤਾਂ ਗੁਰੂ ਜੀ ਨੇ 'ਸ਼ਬਦ' ਨੂੰ ਆਪਣਾ ਗੁਰੂ ਦੱਸਿਆ ਅਤੇ ਨਾਲ ਹੀ ਇਹ ਵੀ ਕਿਹਾ ਕਿ ਮੈਂ 'ਸੁਰਤਿ' ਕਰਕੇ ਉਸਦਾ ਚੇਲਾ ਹਾਂ। ਗੁਰੂ ਜੀ ਦਾ ਇਹ ਜਵਾਬ ਅਕਾਲ ਪੁਰਖ ਦੀ ਸਦੀਵਤਾ ਨੂੰ ਸ਼ਬਦ ਰੂਪ ਵਿੱਚ ਉਜਾਗਰ ਕਰਦਾ ਹੈ ਅਤੇ ਦੇਹਧਾਰੀ ਗੁਰੂ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ: ਕਿ ਗੁਰੂ ਸਰੀਰ ਨਹੀਂ, ਸ਼ਬਦ ਹੈ। ਸ਼ਬਦ ਬ੍ਰਹਮ ਹੈ, ਧੁਰ ਕੀ ਬਾਣੀ ਹੈ, ਜਿਸ ਦਾ ਪ੍ਰਕਾਸ਼ ਉਨ੍ਹਾਂ ਨੂੰ ਸਿੱਧਾ ਹੋਇਆ। ਭਾਵੇਂ ਸਤਿਗੁਰੂ ਦੇ ਸਰੀਰ ਨੂੰ ਸਾਰਾ ਸੰਸਾਰ ਵੇਖਦਾ ਹੈ ਪਰ ਜਿੰਨਾ ਚਿਰ ਸ਼ਬਦ ਦੀ ਵਿਚਾਰ ਨਹੀਂ ਕੀਤੀ ਜਾਂਦੀ ਉਨ੍ਹਾਂ ਚਿਰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬ੍ਰਹਮ ਨਾਲ ਇਕਸੁਰ ਹੋਏ ਗੁਰੂ ਨੂੰ ਇਸ ਸ਼ਬਦ ਦੀ ਜਾਂ ਬਾਣੀ ਦੀ ਪ੍ਰਾਪਤੀ ਹੁੰਦੀ ਹੈ। ਸ਼ਬਦ ਨਾਲ ਸੁਰਤੀ ਜੋੜ ਕੇ ਗੁਰੂ ਪ੍ਰਤੱਖ ਬ੍ਰਹਮ ਹੁੰਦਾ ਹੈ। ਇਸ ਲਈ ਗੁਰੂ ਰਾਮਦਾਸ ਜੀ ਉਚਾਰਨ ਕਰਦੇ ਹਨ ਕਿ 'ਸ਼ਬਦ' 'ਬਾਣੀ ਗੁਰੂ ਹੈ' ਅਤੇ ਗੁਰੂ ਸ਼ਬਦ ਹੈ। ਏਸੇ ਵਿਚ ਹੀ ਸਾਰੇ ਆਤਮਿਕ ਰਸ ਮੌਜੂਦ ਹਨ। ਇਹ ਸ਼ਬਦ ਹੀ ਪ੍ਰਤੱਖ ਗੁਰੂ ਹੈ, ਜੋ ਪ੍ਰਤੱਖ ਰੂਪ ਵਿੱਚ ਪ੍ਰਕਾਸ਼ਿਤ ਹੋ ਕੇ ਸੇਵਕ ਜਿਨ੍ਹਾਂ ਨੂੰ ਭਵਸਾਗਰ ਤੋਂ ਪਾਰ ਉਤਾਰਦਾ ਹੈ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਰਾਹੀਂ ਸ਼ਬਦ ਦੀ ਮਹੱਤਤਾ ਦ੍ਰਿੜ ਕਰਵਾਉਂਦੇ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਬ੍ਰਹਮ ਅਤੇ ਗੁਰੂ, ਸੰਸਾਰਿਕ ਵਿਕਾਰਾਂ ਅਤੇ ਭੈਅ ਤੋਂ ਅਤੀਤ ਹਨ। ਇਸ ਦਾ ਨਿਵਾਸ ਘਟ ਘਟ ਵਿਚ

ਹੋਣ ਕਰਕੇ ਇਹ ਬ੍ਰਹਮ ਦੀ ਨਿਆਈਂ ਹੈ ਅਤੇ ਨਾ ਹੀ ਇਸ ਨੂੰ ਜਲ ਡੋਬ ਸਕਦਾ ਹੈ, ਨਾ ਚੋਰ ਚੁਰਾ ਸਕਦਾ ਹੈ, ਅਤੇ ਨਾ ਹੀ ਅੱਗ ਇਸ ਨੂੰ ਸਾੜ ਸਕਦੀ ਹੈ। ਇਹ ਸਦੀਵੀ ਹੈ, ਇਹ ਸ਼ਬਦ ਅਨੁਭਵ ਰਾਹੀਂ ਗੁਰੂ ਨੂੰ ਪ੍ਰਾਪਤ ਹੁੰਦਾ ਹੈ। ਇਹ ਮਨੋਕਲਪਿਤ ਨਹੀਂ ਹੈ। ਇਸ ਦਾ ਆਵੇਸ਼ ਬ੍ਰਹਮ ਨਾਲ ਅਭੇਦ ਹੋਏ ਗੁਰੂ ਨੂੰ ਸੁਭਾਵਿਕ ਹੀ ਹੁੰਦਾ ਹੈ।

### 1.6 ਧੁਰ ਕੀ ਬਾਣੀ

ਗੁਰੂ ਨਾਨਕ ਦੇਵ ਜੀ ਆਪ ਬਿਆਨ ਕਰਦੇ ਹਨ ਕਿ ਇਹ 'ਖਸਮ ਕੀ ਬਾਣੀ' ਹੈ ਜਿਵੇਂ ਮੈਨੂੰ ਪ੍ਰਾਪਤ ਹੋਈ ਹੈ, ਉਵੇਂ ਹੀ ਮੈਂ ਇਸ ਨੂੰ ਬਿਆਨ ਕਰਦਾ ਹਾਂ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਹੇ ਸਿੱਖੋ ਇਹ ਸਤਿਗੁਰੂ ਦੀ ਬਾਣੀ ਹੈ ਇਸ ਨੂੰ ਸੱਚ ਕਰਕੇ ਜਾਣੋਂ ਕਿਉਂਕਿ ਇਸ ਨੂੰ ਕਰਤਾਰ ਨੇ ਆਪ ਮੇਰੇ ਮੂੰਹੋਂ ਕਢਵਾਇਆ ਹੈ। ਗੁਰੂ ਅਰਜਨ ਦੇਵ ਜੀ ਇਸ ਬਾਣੀ ਨੂੰ ਧੁਰ ਕੀ ਬਾਣੀ ਦੱਸਦੇ ਹਨ, ਜੋ ਸਾਰੀਆਂ ਚਿੰਤਾਵਾਂ ਨੂੰ ਨਾਸ਼ ਕਰਨ ਵਾਲੀ ਹੈ ਅਤੇ ਜਿਸ ਨੂੰ ਮੈਂ ਆਪ ਉਚਾਰ ਨਹੀਂ ਕੀਤਾ ਬਲਕਿ ਪ੍ਰਭੂ ਦੇ ਹੁਕਮ ਦੁਆਰਾ ਮੈਂ ਇਸਨੂੰ ਬਿਆਨ ਕਰਨ ਦੇ ਸਮਰੱਥ ਹੋਇਆ ਹਾਂ।

ਇੱਥੇ ਇੱਕ ਗੱਲ ਹੋਰ ਸਪਸ਼ਟ ਹੁੰਦੀ ਹੈ ਕਿ ਗੁਰੂ ਸਰੀਰ ਰੂਪ ਵਿੱਚ ਹੈ। ਪਰ ਉਸ ਨੂੰ ਜੋ ਉਹ ਰੱਬੀ ਅਨੁਭਵ ਹੋ ਰਿਹਾ ਹੈ ਉਹ ਉਸ ਨੂੰ ਆਪਣੇ ਬੋਲ ਨਹੀਂ ਕਹਿੰਦਾ, ਬਲਕਿ ਇਸ ਨੂੰ ਨਿਰੰਕਾਰ ਵੱਲੋਂ ਭੇਜਿਆ ਗਿਆ ਸ਼ਬਦ ਦੱਸਦਾ ਹੈ ਅਤੇ ਆਪ ਵੀ ਇਸ ਸ਼ਬਦ ਪ੍ਰਤੀ ਸਮਰਪਣ ਭਾਵ ਰੱਖਦਾ ਹੈ। ਇਸ ਤਰ੍ਹਾਂ ਸ਼ਬਦ ਦੀ ਵਿਚਾਰ ਅਧਿਆਤਮਿਕ ਹੋ ਨਿੱਬੜਦੀ ਹੈ ਅਤੇ ਦੇਹਧਾਰੀ ਵਿਚਾਰਧਾਰਾ ਨਿਰਾਧਾਰ ਸਿੱਧ ਹੁੰਦੀ ਹੈ। ਦੇਹਧਾਰੀ ਦੀ ਪੂਜਾ ਪਦਾਰਥਵਾਦ ਹੈ। ਇਸ ਲਈ ਸਿੱਖ 'ਸ਼ਬਦ' ਦਾ ਉਪਾਸ਼ਕ ਤੇ ਸਾਧਿਕ ਹੈ। ਸਰੀਰ ਦਾ ਕਦਾਚਿਤ ਨਹੀਂ ਸ਼ਬਦ ਨੂੰ ਸਰਵਣ ਕਰਨਾ ਮੰਨਣਾ ਤੇ ਫੇਰ ਕਮਾਈ ਕਰਨੀ ਸਰਵਣੀ ਗੁਰਦੇਵ ਦੇ ਹੁਕਮ ਸਮਾਨ ਹੀ ਹੈ।

### 1.7 ਸ਼ਬਦ-ਗੁਰੂ ਦਾ ਸਤਿਕਾਰ

ਇਤਿਹਾਸ ਨੂੰ ਵਿਚਾਰਨ ਤੋਂ ਵੀ ਸ਼ਬਦ ਗੁਰੂ ਪ੍ਰਤੀ ਗੁਰੂ ਸਾਹਿਬ ਦੇ ਮਨਾਂ ਵਿੱਚ ਜੋ ਸਤਿਕਾਰ ਸੀ ਉਹ ਸਪਸ਼ਟ ਹੋ ਜਾਂਦਾ ਹੈ ਕਿ ਕਿਵੇਂ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਕਰਤਾਰੀ ਬੋਲਾਂ ਦੇ ਪਾਠ ਤੇ ਕੀਰਤਨ ਆਰੰਭ ਹੋ ਗਏ ਸਨ। ਗੁਰੂ ਅਰਜਨ ਦੇਵ ਜੀ ਨੇ ਰੱਬੀ ਕਲਾਮ ਦੇ ਸੰਦੇਸ਼ ਨੂੰ 'ਪੋਥੀ ਪ੍ਰਮੇਸ਼ਰ ਕਾ ਥਾਨ' ਕਹਿ ਕੇ ਆਪ ਸਿੰਘਾਸਣ ਤੋਂ ਥੱਲੇ ਸੰਗਤ ਵਿਚ ਬੈਠਣਾ ਆਰੰਭ ਕਰ ਦਿੱਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ੁੱਧ ਪਾਠ ਸੁਣਾਉਣ ਦੇ ਮਹਾਤਮ ਵਿੱਚ ਗੁਰਗੱਦੀ ਸੌਂਪ ਦੇਣ ਦਾ ਨਿਰਣਾ ਕਰ ਲਿਆ ਸੀ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਬਾਣੀ ਦੇ ਸ਼ਬਦਾਂ ਵਿੱਚ ਹੇਰ ਫੇਰ ਕਰਨ ਕਾਰਨ ਆਪਣੇ ਪੁੱਤਰ ਰਾਮਰਾਇ ਨੂੰ ਸਦਾ ਲਈ ਤਿਆਗ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਦੀਵ ਕਾਲ ਲਈ 'ਸ਼ਬਦ-ਗੁਰੂ' ਨੂੰ ਗੁਰਗੱਦੀ ਸੌਂਪ ਦਿੱਤੀ ਅਤੇ ਸਭ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਆਦੇਸ਼ ਕਰ ਦਿੱਤਾ। ਜਿਸ ਦੀ ਸਮੁੱਚਾ ਪੰਥ ਅੱਜ ਤੱਕ ਉਸ ਦੀ ਪਾਲਣਾ ਕਰਦਾ ਆ ਰਿਹਾ ਹੈ।

### 1.8 ਸ਼ਬਦ-ਗੁਰੂ ਦੀ ਸ਼ਖ਼ਸੀਅਤ

ਗੁਰੂ ਜੀ ਸਰੀਰ ਕਰਕੇ ਨਾ ਤਾਂ ਹਰ ਥਾਂ ਹਾਜਰ ਹੋ ਸਕਦੇ ਸਨ ਅਤੇ ਨਾ ਹੀ ਸਰੀਰ ਕਰਕੇ ਹਮੇਸ਼ਾ ਲਈ ਰਹਿ ਸਕਦੇ ਸਨ। ਸ਼ਬਦ ਜੋ ਗੁਰੂ ਦਾ ਹਿਰਦਾ ਹੈ, ਜੋਤਿ ਹੈ ਹਮੇਸ਼ਾ ਹਮੇਸ਼ਾ ਲਈ ਕਾਇਮ ਰਹਿਣ ਵਾਲੀ ਅਤੇ ਅਗਵਾਈ ਦੇਣ ਵਾਲੀ ਸ਼ਖ਼ਸੀਅਤ ਹੈ। ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਤਿਮ ਸਮੇਂ ਕਹੇ ਸ਼ਬਦਾਂ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਹੈ:

"ਤੁਸੀਂ ਸ਼ਬਦ ਤੇ ਗੁਰੂ ਨੂੰ ਇਕੋ ਰੂਪ ਜਾਣਨਾ.... ਸਤਿਗੁਰੂ ਤੇ ਪਰਮੇਸਰ ਵਿਚ ਭੇਦ ਨਹੀਂ ਜਾਣਨਾ, ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ, ਜੋ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ ਤੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ"।

ਗਿਆਨੀ ਗਿਆਨ ਸਿੰਘ ਨੇ ਵੀ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਗੁਰੂ ਜੀ ਦੇ ਉਤਰ ਦਾ ਜਿਕਰ ਕੀਤਾ ਹੈ, ਜਿਸ ਦਾ ਸਾਰ ਭਾਵ ਹੈ:

"ਅਸੀਂ ਤੁਹਾਨੂੰ ਐਸੇ ਗੁਰੂ ਦੇ ਲੜ ਲਾਉਂਦੇ ਹਾਂ, ਜੋ ਕਦੀ ਕਾਇਆ ਨਾ ਬਦਲੇ, ਸਦਾ ਇਕ ਰਸ ਅਮਰ... ਪੱਖ-ਪਾਤ ਬਿਨਾਂ ਉਪਦੇਸ਼ ਕਰਦਾ ਰਹੇ ਐਸਾ ਸਮਦਰਸ਼ੀ ਨਿਰਬਿਕਾਰ ਅਥਾਹ ਸਤਿਗੁਰੂ ਥਾਪਾਂਗੇ ਜੋ ਤੁਹਾਡੀਆਂ ਸਰਬ ਕਾਮਨਾਵਾਂ ਪੂਰੀਆਂ ਕਰਦਾ ਰਹੇ"।

### 1.8.1 ਭਗਤੀ

ਸ਼ਬਦ-ਗੁਰੂ ਚਰਿੱਤਰ ਵਿੱਚ ਪ੍ਰਥਮਤਾ ਤੇ ਪ੍ਰਧਾਨਤਾ ਭਗਤੀ ਦੀ ਹੈ। ਸ਼ਬਦ-ਗੁਰੂ ਵਿੱਚ ਦਸਾਂ ਪਾਤਿਸ਼ਾਹੀਆਂ ਦੀ ਜੋਤਿ, ਗੁਰੂ ਜਤਿ ਦਾ ਨਿਵਾਸ ਵੀ ਹੈ ਅਤੇ ਗੁਰੂ ਜੋਤਿ ਦੇ ਚਰਿੱਤਰ ਦਾ ਪੂਰਨ ਪ੍ਰਭਾਵਸ਼ਾਲੀ ਪ੍ਰਗਟਾਅ ਤੇ ਪ੍ਰਕਾਸ਼ ਵੀ ਹੈ। ਸ਼ਬਦ ਗੁਰੂ ਦੇ ਚਰਿੱਤਰ ਵਿਚ '੧' ਦੀ ਪ੍ਰਧਾਨਤਾ ਵੀ ਹੈ। '੧' ਦਾ ਅਰਥ ਏਕੋ ਵੀ ਹੈ ਤੇ ਇਕਸਾਰਤਾ ਤੇ ਏਕਤਾ ਵੀ ਹੈ। ਸ਼ਬਦ ਗੁਰੂ ਚਰਿੱਤਰ ਵਿਚ 'ਦਵੈਤ' ਦੀ ਕੋਈ ਥਾਂ ਨਹੀਂ। ਦਵੈਤ ਭਾਵੇਂ ਇਸ਼ਟ ਦਾ ਹੋਵੇ, ਵਰਣ, ਜਾਤ, ਰੰਗ ,ਨਸਲ ਜਾਂ ਅਮੀਰੀ-ਗ਼ਰੀਬੀ ਦਾ ਹੋਵੇ। ਸ਼ਬਦ-ਗੁਰੂ ਅਨੁਭਵ ਦਾ ਮੂਲ ਸਰੋਤ ਵੀ ਇਕ ਹੈ, ਸ਼ਬਦ-ਗੁਰੂ ਅਨੁਭਵ ਨੂੰ ਮੂਰਤੀਮਾਨ ਕਰਨ ਵਾਲੀ ਗੁਰੂ-ਜੋਤਿ ਵੀ ਇਕ ਹੈ, ਜੋ ਬਾਣੀ ਰੂਪ ਵਿਚ ਪ੍ਰਕਾਸ਼ ਹੋਇਆ ਹੈ, ਉਹ ਵੀ ਇੱਕ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਆਸ਼ਾ ਤੇ ਉਦੇਸ਼ ਹੈ, ਉਹ ਵੀ ਇੱਕ ਹੈ।

### 1.8.2 ਸਹਿਜ

ਸ਼ਬਦ-ਗੁਰੂ ਚਰਿੱਤਰ ਦਾ ਦੂਸਰਾ ਬਲਵਾਨ ਪੱਖ 'ਸਹਿਜ' ਹੈ। 'ਸਹਿਜ' ਧਰਮ ਆਤਮਾ ਦੀ ਸ਼ੁੱਧ ਅਵਸਥਾ ਦਾ ਨਾਮ ਹੈ। ਗੁਰੂ ਨਿਰੰਤਰ ਸਹਿਜ ਵਿੱਚ ਵਿਚਰਦਾ ਹੈ ਕਿਉਂਕਿ ਉਸ ਨੂੰ ਸਹਿਜ ਵਿੱਚੋਂ ਆਨੰਦ ਪ੍ਰਾਪਤ ਹੁੰਦਾ ਹੈ। ਆਨੰਦ ਰੂਪ ਵਿੱਚ ਜੀਉਣਾ ਗੁਰੂ ਜੋਤਿ ਦਾ ਪਰਮ ਲਕਸ਼ ਰਿਹਾ ਹੈ। ਸਹਿਜ ਤੇ ਆਨੰਦ ਵਿੱਚ ਜਿਉਂਦਾ ਪੁਰਸ਼ ਸੁਰਤਿ ਤੇ ਰਸਿਕਤਾ ਦੇ ਮੰਡਲ ਵਿੱਚ ਜਿਊਂਦਾ ਹੈ। ਸ਼ਬਦ ਗੁਰੂ ਜੋਤਿ ਦਾ ਸਾਰਾ ਚਰਿੱਤਰ ਸਮਾਜਿਕ ਹੁੰਦਾ ਹੋਇਆ ਵੀ ਮੋਹ-ਮਾਇਆ ਦੇ ਸਮਾਜਿਕ ਰਿਸ਼ਤਿਆਂ ਤੋਂ ਅਲਿਪਤ ਹੋ ਕੇ ਕੰਵਲ ਫੁੱਲ ਵਾਂਗੂੰ ਸਦਾ 'ਸਹਿਜ' ਤੇ ਵਿਗਾਸ ਰਾਹੀਂ ਉਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਸਹਿਜ ਦਾ ਪ੍ਰਕਾਸ਼ ਹੈ।

### 1.8.3 ਪ੍ਰਸਾਦਿ

ਸ਼ਬਦ-ਗੁਰੂ ਚਰਿੱਤਰ ਦਾ ਤੀਸਰਾ ਪੱਖ 'ਪ੍ਰਸਾਦਿ' ਹੈ। ਪ੍ਰਸਾਦਿ ਦਾ ਅਰਥ ਬਖ਼ਸ਼ਸ਼ਿ ਵੀ ਹੈ ਅਤੇ ਸ਼ੀਲ-ਗੁਣ ਵੀ ਹਨ। ਨਿਮਰਤਾ, ਮਿਠਾਸ, ਪਰਉਪਕਾਰ ਤੇ ਸੇਵਾ ਦੇ ਗੁਣ ਧਨ ਨਾਲ ਵੀ ਮਨੁੱਖ-ਆਤਮਾ 'ਪ੍ਰਸ਼ਾਦਿ' ਪ੍ਰਾਪਤੀ ਦੀ ਅਧਿਕਾਰੀ ਬਣਦੀ ਹੈ। ਦਸ ਗੁਰੂ-ਸ਼ਖ਼ਸੀਅਤਾਂ ਪ੍ਰਸ਼ਾਦੀ ਵੀ ਹਨ ਅਤੇ 'ਪ੍ਰਸਾਦਿ' ਪ੍ਰਦਾਨ ਕਰਨ ਦੀ ਸਮਰੱਥਾ ਵੀ ਰੱਖਦੀਆਂ ਸਨ। ਸ਼ਬਦ ਗੁਰੂ ਗਿਆਨ ਦਾ ਵੱਡਾ ਮੰਤਵ ਨਦਰਿ ਜਾਂ ਪ੍ਰਸ਼ਾਦਿ ਪ੍ਰਾਪਤ ਕਰ ਕੇ ਸਦਾ ਨਿਹਾਲ ਰਹਿਣਾ ਵੀ ਹੈ। ਸ਼ਬਦ-ਗੁਰੂ ਦਾ ਚਰਿੱਤਰ ਵੀ ਉਸੇ ਤਰ੍ਹਾਂ ਗੁਣਾਂ ਭਰਪੂਰ ਹੈ ਜਿਸ ਤਰ੍ਹਾਂ ਅਕਾਲ ਪੁਰਖ ਆਪ ਹੈ। ਉਹ ਵੀ ਭਗਤੀ ਦਾ ਸਰੋਤ, ਏਕਤਾ ਅਤੇ ਇਕਸਾਰਤਾ ਦਾ ਸੋਮਾ, ਸਹਿਜ ਦਾ ਸਵਾਮੀ ਅਤੇ ਪ੍ਰਸਾਦਿ ਰੂਪ ਹੈ। ਉਹ ਦਵੈਤ ਤੋਂ ਰਹਿਤ ਅਤੇ ਸ਼ਬਦ ਦੀ ਨਿਆਈਂ ਹੈ।ਦੋਵੇਂ ਇੱਕੋ ਹਨ। ਅਭੇਦ ਹਨ, ਇੰਜ ਹੀ ਗੁਰੂ ਦੀ ਭਗਤੀ ਦਾ ਦਾਤਾ ਸਹਿਜ ਦਾ ਖ਼ਜ਼ਾਨਾ ਇਕ ਦੀ ਨੁਮਾਇੰਦਗੀ ਕਰਨ ਵਾਲਾ ਅਤੇ ਪ੍ਰਸ਼ਾਦਿ ਪ੍ਰਦਾਤਾ ਹੈ। ਗੁਰੂ ਵਿੱਚ ਵੀ ਉਹ ਹੀ ਗੁਣ ਹਨ ਜੋ ਬ੍ਰਹਮ ਵਿਚ। ਇਸ ਲਈ ਬ੍ਰਹਮ ਗੁਰੂ ਹੈ, ਸ਼ਬਦ ਬ੍ਰਹਮ ਵੀ ਹੈ ਅਤੇ ਗੁਰੂ ਵੀ ਤਿੰਨੇ ਅਭਿੰਨ ਹਨ। 'ਗੁਰੂ ਨੇ ਸਾਨੂੰ ਉਹ ਸ਼ਬਦ ਦਿੱਤਾ ਹੈ, ਜੋ ਰੱਬੀ ਹੈ। ਸ਼ਬਦ ਹੀ ਬ੍ਰਹਮ ਅਤੇ ਸ਼ਬਦ ਹੀ ਗੁਰੂ ਹੈ। ਸ਼ਬਦ ਗੁਰੂ ਨੂੰ ਧੁਰੋਂ ਅੰਦਰ ਪ੍ਰਾਪਤ ਹੁੰਦਾ ਹੈ ਅਤੇ ਉਸ ਰਾਹੀਂ ਉਹ ਮਨੁੱਖੀ ਕਲਿਆਣ ਕਰਦਾ ਹੈ। ਬ੍ਰਹਮ ਤੇ ਗੁਰੂ, ਸ਼ਬਦ ਰਾਹੀਂ ਹੀ ਸਰਬ ਵਿਆਪਕ ਹਨ। ਗੁਰੂ ਸਰੀਰ ਨਹੀਂ, ਸ਼ਬਦ ਹੈ। ਸ਼ਬਦ ਹੀ ਹਰ ਸਮੇਂ ਅਤੇ ਹਰ ਥਾਂ ਸਾਡੀ ਅਗਵਾਈ ਕਰਦਾ ਹੈ।

### 1.9 ਮਹੱਤਵ

ਸ਼ਬਦ-ਗੁਰੂ ਦੀ ਅਪਾਰ ਮਹੱਤਤਾ ਹੈ ਇਸ ਰਾਹੀਂ ਹੀ ਸੰਸਾਰ ਸਾਗਰ ਨੂੰ ਤਰਿਆ ਜਾ ਸਕਦਾ ਹੈ। ਇਸ ਰਾਹੀਂ ਬੇਅੰਤ ਲੋਕ ਪਹਿਲਾਂ ਭਵਸਾਗਰ ਤੋਂ ਪਾਰ ਹੋ ਚੁੱਕੇ ਹਨ। ਜੋ ਸਾਧਕ ਗੁਰੂ-ਸ਼ਬਦ ਦੁਆਰਾ ਆਪਣੇ ਮਨ ਨੂੰ ਮਾਰਦਾ ਹੈ, ਉਹੀ

ਮੁਕਤੀ ਪ੍ਰਾਪਤੀ ਕਰਨ ਦਾ ਅਧਿਕਾਰੀ ਹੋ ਸਕਦਾ ਹੈ। "ਸ਼ਬਦ' ਵਿਚ ਉਹ ਸਮਰਥਾ ਹੁੰਦੀ ਹੈ, ਜੋ ਮਨੁਖ ਪਰਮਤੱਤ ਨਾਲ ਇਕ ਸੁਰ ਹੋਣ ਲਈ ਸਾਧਨ ਪੈਦਾ ਕਰਦੀ ਹੈ। ਇਨ੍ਹਾਂ ਸਾਧਨਾਂ ਰਾਹੀਂ ਮਨੁਖ, ਪ੍ਰਭੂ ਕਿਰਪਾ ਨਾਲ, ਸੰਸਾਰਕ ਪ੍ਰਪੰਚਾਂ ਤੋਂ ਛੁਟਕਾਰਾ ਹਾਸਲ ਕਰਦਿਆਂ, ਉਸ ਪਰਮ ਜੋਤਿ ਵਿਚ ਲੀਨ ਹੋ ਕੇ, ਵਾਰ ਵਾਰ ਨਹੀਂ ਮਰਦਾ।

ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥
ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ (ਪੰਨਾ 153)

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥ (ਪੰਨਾ 604)

### 1.9.1 ਸ਼ਬਦ-ਗੁਰੂ ਸਿਖੀ ਮਾਰਗ ਤੇ ਮੰਜਿਲ

ਸ਼ਬਦ ਹੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਸੀ ਅਤੇ ਉਸੇ ਸ਼ਬਦ-ਗੁਰੂ ਨਾਲ ਹੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖਾਂ ਨੂੰ ਜੋੜਿਆ। ਸ਼ਬਦ ਗੁਰੂ ਸਿੱਖ ਦਾ ਮਾਰਗ ਵੀ ਹੈ ਅਤੇ ਮੰਜ਼ਿਲ ਵੀ ਕਿਉਂਕਿ ਸਿੱਖ ਨੇ ਸ਼ਬਦ-ਗੁਰੂ ਤੋਂ ਹੀ ਮਾਰਗ ਤੇ ਚੱਲਣ ਦੀ ਸੇਧ ਪ੍ਰਾਪਤ ਕਰਨੀ ਹੈ ਅਤੇ ਸ਼ਬਦ ਵਿਚ ਹੀ ਸਮਾ ਜਾਣਾ ਹੈ। ਇਹ ਹੀ ਉਸਦੀ ਮੰਜ਼ਲਿ ਹੈ। ਇਸ ਮੰਜ਼ਲਿ ਦੇ ਪਾਂਧੀ ਬਣ ਕੇ ਅੱਗੇ ਵਧਣ ਲਈ ਸਿੱਖ ਨੂੰ 'ਆਪਣੀ ਸੁਰਤਿ' ਨੂੰ ਸ਼ਬਦ ਦੇ ਸਤਰ ਤੱਕ ਚੁੱਕਣਾ ਪਵੇਗਾ ਅਤੇ ਉਸ ਸ਼ਬਦ ਦੇ ਆਦੇਸ਼ ਦੀ ਪਾਲਣਾ ਲਈ ਆਪਣੀ ਧੁਨਿ ਨੂੰ ਦ੍ਰਿੜ੍ਹ ਕਰਨਾ ਪਏਗਾ। ਜਦੋਂ ਜੀਵ ਸ਼ਬਦ ਦੇ ਸੱਚ ਨੂੰ ਕਰਮ ਵਿੱਚ ਵਰਤਦਾ ਹੈ ਤਾਂ ਸੱਚ ਜਾਣੀਏ ਕਿ ਉਸ ਵਕਤ ਉਹ ਸ਼ਬਦ ਦਾ ਪੁਜਾਰੀ ਹੈ। ਉਸ ਵੇਲੇ ਉਸ ਦੀ ਸੁਰਤਿ ਸ਼ਬਦ ਵਿੱਚ ਲੱਗੀ ਹੁੰਦੀ ਹੈ ਅਤੇ ਉਹ ਆਪਣੀ ਇਸੇ ਧੁਨੀ ਵਿੱਚ ਮਸਤ ਹੋ ਕੇ ਅਬਿਨਾਸੀ ਮੰਡਲਾਂ ਵਿੱਚ ਵਿਚਰਦਾ ਹੈ। ਉਸ ਦਾ ਮਨ ਰੂਹ ਨਾਲ ਇੱਕ ਸੁਰ ਹੋ ਜਾਂਦਾ ਹੈ ਅਤੇ ਸ਼ਬਦ ਵਿਚ ਰੰਗਿਆ ਜਾਂਦਾ ਹੈ। ਉਸ ਨੂੰ ਸਾਰੇ ਭਰਮਾਂ, ਸੰਸਿਆਂ, ਕਰਮ-ਕਾਂਡਾਂ ਅਤੇ ਅਗਿਆਨਤਾ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਉਹ ਕਿਸੇ ਕਿਸਮ ਦੀ ਗੁਲਾਮੀ ਸਵੀਕਾਰ ਨਹੀਂ ਕਰਦਾ। ਸ਼ਬਦ-ਗੁਰੂ ਦੀ ਸ਼ਰਨ ਵਿਚ ਉਹ ਕਿਸੇ ਦੇਹਧਾਰੀ ਨੂੰ ਨਹੀਂ ਪਹਿਚਾਣਦਾ। ਸ਼ਬਦ ਗੁਰੂ ਤੋਂ ਹੀ ਉਸ ਨੂੰ ਇੱਜ਼ਤ ਦੀ ਪ੍ਰਾਪਤੀ ਹੁੰਦੀ ਹੈ।

- ਗੁਰੂ ਦੇ ਸ਼ਬਦ ਦੀ ਵਿਚਾਰ ਉਸ ਦੀ ਮੱਤਿ ਨੂੰ ਸੰਵਾਰ ਦਿੰਦੀ ਹੈ। ਉਸ ਨੂੰ ਸਭ ਜੀਵਾਂ ਵਿਚ ਸ਼ਬਦ-ਗੁਰੂ ਦਾ ਵਰਤਾਰਾ ਹੀ ਨਜ਼ਰ ਆਉਂਦਾ ਹੈ। ਸ਼ਬਦ-ਗੁਰੂ ਉਸ ਦੇ ਮਨ ਨੂੰ ਇਸ ਤਰ੍ਹਾਂ ਸਹਾਰਾ ਦਿੰਦਾ ਹੈ ਜਿਵੇਂ ਥੰਮ੍ਹ ਮੰਦਿਰ ਨੂੰ ਸਹਾਰਦਾ ਹੈ।
- ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ (ਪੰਨਾ 28)
- ਉਸਦੀ ਉੱਚ ਆਤਮਿਕ ਅਵਸਥਾ ਦੀ ਘਾੜਤ ਦਾ ਸਾਧਨ ਵੀ ਗੁਰੂ ਦਾ ਸ਼ਬਦ ਹੀ ਹੁੰਦਾ ਹੈ। ਉਸ ਦੀ ਪ੍ਰਵਿਰਤੀ ਹੁੰਦਿਆਂ ਨਿਰਵਿਰਤੀ ਧਾਰਨ ਕਰਨ ਵਾਲੀ ਬਿਰਤੀ ਦਾ ਆਧਾਰ ਵੀ ਸ਼ਬਦ-ਗੁਰੂ ਹੁੰਦਾ ਹੈ।
- ਸ਼ਬਦ-ਗੁਰੂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦਾ ਹੈ, ਰੱਬ ਦੀ ਹੋਂਦ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਦਸਵਾਂ ਦੁਆਰ ਖੋਲ੍ਹਦਾ ਹੈ। ਅਗਿਆਨਤਾ ਨੂੰ ਤੋੜ ਕੇ ਜੀਵ ਨੂੰ ਅਨਹਤ ਨਾਦ ਸੁਣਨ ਦੇ ਸਮਰੱਥ ਬਣਾਉਂਦਾ ਹੈ। ਸੱਚ ਦੀ ਪ੍ਰਾਪਤੀ ਵੀ ਉਦੋਂ ਹੀ ਹੁੰਦੀ ਹੈ ਜਦੋਂ ਬਾਣੀ ਪੜ੍ਹੀ ਜਾਵੇ ਅਤੇ ਨਾਮ ਜਪਿਆ ਜਾਵੇ। ਇਸੇ ਕਰਕੇ ਸਿੱਖ ਚਿੰਤਨ ਵਿਚ ਸ਼ਬਦ-ਗੁਰੂ ਦਾ ਪਾਠ ਅਤੇ ਕੀਰਤਨ ਕੀਤਾ ਜਾਂਦਾ ਹੈ, ਕਿਉਂਕਿ ਇਹ ਅਕਾਲ ਪੁਰਖ ਦੀ ਆਵਾਜ਼ ਹੈ।
- ਸ਼ਬਦ ਹੀ ਹੁਕਮ ਹੈ।ਇਸੇ ਤੋਂ ਹੀ ਉਤਪਤ ਤੇ ਪਰਲੋ ਹੁੰਦੀ ਹੈ। ਭਾਵ ਸ੍ਰਿਸ਼ਟੀ ਦੀ ਰਚਨਾ ਅਤੇ ਵਿਨਾਸ਼ ਦਾ ਸਰੋਤ ਸ਼ਬਦ ਹੀ ਹੈ। ਸ਼ਬਦ ਦਾ ਦੁਹਰਾਓ ਹੀ ਮਨੁੱਖ ਨੂੰ ਆਪਣੇ ਅੰਦਰ ਅਤੇ ਆਸੇ-ਪਾਸੇ ਨਾਮ ਦਾ ਅਨੁਭਵ ਕਰਾਉਂਦਾ ਹੈ। ਇਹ ਹੀ ਪੁਨਰ ਜਨਮ ਤੋਂ ਛੁਟਕਾਰੇ ਦਾ ਸਾਧਨ ਹੈ, ਕਿਉਂਕਿ ਇਹ ਹੀ ਨਾਮ ਹੈ, ਨਾਮ ਹੀ ਗੁਰੂ ਹੈ, ਗੁਰੂ ਹੀ ਬ੍ਰਹਮਾ ਹੈ ਜਿਸ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ।

- ਸ਼ਬਦ-ਗੁਰੂ ਦੀਪਕ ਦੀ ਨਿਆਈਂ ਹੈ, ਜਿਸ ਦੀ ਸੋਝੀ ਨਾਲ ਅੱਗੇ ਤੋਂ ਅੱਗੇ ਗਿਆਨ ਦਾ ਪ੍ਰਕਾਸ਼ ਫੈਲਦਾ ਹੈ। ਭਾਵ ਹੋਰ ਅਨੇਕਾਂ ਜੀਵ ਅੰਦਰੋਂ ਜਾਗ੍ਰਿਤ ਹੁੰਦੇ ਹਨ। ਸ਼ਬਦ ਤੋਂ ਬਿਨ੍ਹਾਂ ਜਿੱਥੇ ਸਾਰੇ ਜਗ ਤੇ ਸੱਤਾਂ ਦੀਪਾਂ ਅੰਦਰ ਭਰਮ ਦਾ ਹਨ੍ਹੇਰਾ ਪਸਰਿਆ ਹੋਇਆ ਮੰਨਿਆ ਹੈ, ਉਥੇ ਜੀਵ ਦੇ ਅੰਦਰ ਅਗਿਆਨਤਾ ਛਾਈ ਹੋਈ ਦੱਸੀ ਹੈ। ਸ਼ਬਦ ਦਾ ਪ੍ਰਕਾਸ਼ ਤਿੰਨ੍ਹਾਂ ਲੋਕਾਂ ਵਿਚ ਰਵਿਆ ਹੋਇਆ ਹੈ। ਇਸ ਦੇ ਵੀਚਾਰ ਦੀ ਸੋਝੀ ਗੁਰੂ ਰਾਹੀਂ ਪ੍ਰਾਪਤ ਹੁੰਦੀ ਹੈ। ਇਹ ਸਦੀਵੀ ਹੋਂਦ ਵਾਲਾ ਹੈ, ਇਸ ਕਰਕੇ ਸ਼ਬਦ ਗੁਰੂ ਹੈ।
- ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥ (ਪੰਨਾ 664)
- ਸ਼ਬਦ ਹੀ ਪਵਿੱਤਰ ਅਤੇ ਅਪਵਿੱਤਰ ਹਿਰਦੇ ਵਾਲੇ ਜੀਵਾਂ ਨੂੰ ਪਵਿੱਤਰਤਾ ਪ੍ਰਦਾਨ ਕਰਦਾ ਹੈ। ਸ਼ਬਦ-ਗੁਰੂ ਦੇ ਸਦਕਾ ਹੀ ਜੋਤਿ ਅਤੇ ਜੁਗਤਿ ਇੱਕੋ ਹਨ। ਸ਼ਬਦ-ਗੁਰੂ ਅਨੁਭਵ ਦਾ ਮੂਲ ਸਰੋਤ ਵੀ ਇੱਕ ਹੈ, ਇਸ ਨੂੰ ਮੂਰਤੀਮਾਨ ਕਰਨ ਵਾਲੀ ਗੁਰੂ ਜੋਤਿ ਵੀ ਇੱਕ ਹੈ ਅਤੇ ਬਾਣੀ ਰੂਪ ਵਿੱਚ ਵਿਦਮਾਨ ਹੋਣ ਵਾਲਾ ਆਸ਼ਾ ਮੰਤਵ ਵੀ ਇਕ ਹੀ ਹੈ।

## 1.10 ਸਾਰ

ਗੁਰੂ ਨਾਨਕ ਦੇਵ ਜੀ ਸ਼ਬਦ-ਗੁਰੂ ਨੂੰ ਆਪਣਾ ਗੁਰੂ ਮੰਨਦੇ ਸਨ ਤੇ ਸਿੱਖਾਂ ਨੂੰ ਵੀ ਸ਼ਬਦ ਗੁਰੂ ਦੇ ਲੜ ਲਾਉਣ ਲਈ ਉਨ੍ਹਾਂ ਆਪਣੇ ਸਮੇਂ ਤੋਂ ਹੀ ਗੁਰਬਾਣੀ ਦਾ ਸੰਕਲਨ ਸ਼ੁਰੂ ਕਰ ਦਿੱਤਾ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰਗੱਦੀ ਦੇ ਕੇ ਦੇਹਧਾਰੀ ਗੁਰੂ ਦੀ ਥਾਂ ਸ਼ਬਦ-ਗੁਰੂ ਨਾਲ ਸਿੱਖਾਂ ਨੂੰ ਸਦਾ ਲਈ ਜੋੜਿਆ। ਸ਼ਬਦ-ਗੁਰੂ ਸਦੈਵ ਸਮੁਚੀ ਲੋਕਾਈ ਦੀ ਅਗਵਾਈ ਕਰਦਾ ਰਿਹਾ ਹੈ ਤੇ ਅਗਾਹ ਵੀ ਕਰਦਾ ਰਹੇਗਾ। ਸ਼ਬਦ ਅਮਿਟ ਹੈ, ਇਸ ਕਰਕੇ ਸਾਡੇ ਲਈ ਗੁਰੂ ਵੀ ਸਦੀਵੀ ਹੈ ਅਤੇ ਇਸਦੇ ਹੁੰਦੀਆਂ ਸਾਨੂੰ ਜੀਵਨ ਵਿਚ ਕਿਤੇ ਭਟਕਣ ਦੀ ਲੋੜ ਨਹੀਂ। ਸ਼ਬਦ ਗੁਰੂ ਦੀ ਵਿਚਾਰ ਕਰਕੇ ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ਬਦ ਨੂੰ ਵਿਚਾਰ ਕੇ ਉਸ ਪ੍ਰਭੂ ਵਿਚ ਅਭੇਦ ਹੋ ਜਾਈਦਾ ਹੈ।

ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ।

## 1.11 ਸਹਾਇਕ ਪੁਸਤਕਾਂ


- ਇਕਬਾਲ ਸਿੰਘ ਕੋਹਲੀ (ਡਾ.) ਗੁਰੂ ਮਾਨਿਓ ਗ੍ਰੰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
- ਜੋਗਿੰਦਰ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀਦਾਰ, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ।
- ਦਰਸ਼ਨ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਨਾਨਕ ਪ੍ਰਕਾਸ਼ ਪੱਤ੍ਰਿਕਾ, (ਸ਼ੰਪਾ.) ਸਰਬਜਿੰਦਰ ਸਿੰਘ (ਡਾ.) ਜੂਨ 2014, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਬਲਕਾਰ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਗੁਰੂ ਦਾ ਸਿੱਖ ਮਾਡਲ, ਗੁਰਮਤਿ ਪ੍ਰਕਾਸ਼, ਫਰਵਰੀ 2008।
- ਬਲਕਾਰ ਸਿੰਘ (ਪ੍ਰੋ.), ਸ਼ਬਦ-ਗੁਰੂ ਦਾ ਸਿੱਖ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# One Year Diploma in Sikh Theology

## III : Theological Study of Sikh Institutions

### Unit 2-Guru

**Structure**

2.0 ਉਦੇਸ਼

2.1 ਜਾਣ-ਪਛਾਣ

2.2 ਅਰਥ

2.3 ਪਰਿਭਾਸ਼ਾ

2.4 ਸਿੱਖ ਮੱਤ ਵਿਚ ਗੁਰੂ ਦਾ ਸੰਕਲਪ

2.5 ਗੁਰੂ ਦੀ ਲੋੜ

2.6 ਗੁਰੂ ਦੀ ਮਹਤੱਤਾ ਗੁਰਬਾਣੀ ਅਨੁਸਾਰ

2.7 ਗੁਰੂ ਉਪਦੇਸ਼

2.8 ਗੁਰੂ ਸੰਸਥਾ

2.9 ਗੁਰੂ-ਚੇਲਾ

2.10 ਦਸ ਗੁਰ ਇਕ ਜੋਤਿ

2.11 ਸਾਰ

2.12 ਸਹਾਇਕ ਪੁਸਤਕਾਂ

## 2.0 ਉਦੇਸ਼

ਇਸ ਪਰਚੇ ਦਾ ਮੁਖ ਉਦੇਸ਼ ਗੁਰੂ ਦੀ ਮਹਤੱਤਾ ਨੂੰ ਉਜਾਗਰ ਕਰਨਾ ਹੈ। ਵੱਖ-ਵੱਖ ਧਰਮਾਂ ਵਿਚ ਗੁਰੂ ਦਾ ਕੀ ਸਥਾਨ ਹੈ ਤੈ ਸਿੱਖ ਧਰਮ ਅੰਦਰ ਗੁਰੂ ਦੀ ਮਹਤੱਤਾ ਨੂੰ ਕਿਸ ਪ੍ਰਕਾਰ ਸਵੀਕਾਰ ਕੀਤਾ ਗਿਆ ਹੈ ਅਤੇ ਗੁਰਬਾਣੀ ਅਨੁਸਾਰ ਗੁਰੂ ਦੀ ਮਹਤੱਤਾ , ਗੁਰ ਉਪਦੇਸ਼ ਦੀ ਮਹਿਮਾ ਦਾ ਵਰਣਨ ਕਰਕੇ ਦਸ ਗੁਰ ਇਕ ਜੋਤਿ ਦੇ ਸਿਧਾਂਤ ਨੂੰ ਬਿਆਨ ਕੀਤਾ ਗਿਆ ਹੈ।

## 2.1 ਜਾਣ-ਪਛਾਣ

ਮਨੁੱਖ ਦਾ ਮਾਰਗ ਦਰਸ਼ਕ ਕਰਨ ਲਈ ਗੁਰੂ ਦੀ ਭੂਮਿਕਾ ਨੂੰ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਸਵੀਕਾਰ ਕੀਤਾ ਗਿਆ ਹੈ। ਭਾਰਤੀ ਪਰੰਪਰਾ ਵਿਚ ਗੁਰੂ ਸ਼ਬਦ ਵਧੇਰੇ ਕਰਕੇ ਵਿਸ਼ੇਸ਼ਣ ਅਤੇ ਸੰਗਿਆ ਰੂਪਾਂ ਵਿਚ ਹੀ ਵਰਤਿਆ ਹੋਇਆ ਹੈ। ਭਾਰਤੀ ਧਾਰਮਿਕ ਸਾਹਿਤ ਵਿਚ ਇਸ ਪੱਥ ਪ੍ਰਦਰਸ਼ਕ ਜਾਂ ਗੁਰੂ ਦੇ ਸੰਕਲਪ ਦੀ ਇੱਕ ਵਿਸ਼ਾਲ ਪਰੰਪਰਾ ਉਪਲੱਬਧ ਹੈ। ਵੈਦਿਕ ਕਾਲ ਵਿਚ ਦੇਵਤੇ, ਰਿਸ਼ੀ- ਮੁਨੀ, ਅਚਾਰਯ, ਪ੍ਰੋਹਿਤ, ਗੁਰੂ ਰੂਪ ਵਿਚ ਲੋਕਾਂ ਦੀ ਨਿਸ਼ਠਾ ਦਾ ਕੇਂਦਰ ਰਹੇ ਹਨ। ਉਪਨਿਸ਼ਦ ਕਾਲ ਵਿਚ ਬ੍ਰਹਮ ਨਿਸ਼ਠ ਗੁਰੂ, ਬੋਧਾਂ ਵਿਚ ਮਹਾਤਮਾ ਬੁੱਧ, ਅਰਹਤ ਅਤੇ ਬੋਧੀਸੱਤਵ, ਜੈਨੀਆਂ ਵਿਚ ਤੀਰਥੰਕਰ, ਗੀਤਾ ਅਨੁਸਾਰ ਅਵਤਾਰ ਰੂਪ ਵਿਚ ਸ੍ਰੀ ਕ੍ਰਿਸ਼ਨ, ਸਿੱਧਾਂ, ਨਾਥਾਂ ਅਤੇ ਯੋਗੀਆਂ ਵਿਚ ਸਰੀਰ ਧਾਰੀ ਯੋਗ ਸ਼ਾਸਤਰਾਂ ਦੇ ਗਿਆਤਾ ਅਤੇ ਸੰਤਾਂ ਵਿਚ ਅਨੁਭਵੀ ਅਧਿਆਤਮਕ ਪੁਰਸ਼ ਗੁਰੂ ਰੂਪ ਵਿਚ ਅਗਵਾਈ ਕਰਦੇ ਰਹੇ ਹਨ। ਮੁਸਲਮਾਨ ਸੂਫ਼ੀ ਫ਼ਕੀਰਾਂ ਵਿਚ ਨਬੀ, ਰਸੂਲ ਅਤੇ ਵਲੀ ਔਲੀਆ ਆਦਿ ਗੁਰੂ ਰੂਪ ਵਿਚ ਸਵੀਕ੍ਰਿਤ ਹੋਏ ਹਨ। ਸਿੱਖ ਧਰਮ ਵਿਚ ਵੀ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਬੜਾ ਮਹੱਤਵਪੂਰਨ ਸਥਾਨ ਪ੍ਰਦਾਨ ਕੀਤਾ ਗਿਆ ਹੈ। ਗੁਰੂ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਸ਼ਾਹੀਆਂ ਲਈ ਹੀ ਕੀਤੀ ਜਾਂਦੀ ਹੈ ਅਤੇ ਵਰਤਮਾਨ ਸਮੇਂ ਵਿਚ ਇਹ ਪਦ ਗੁਰੂ ਗ੍ਰੰਥ ਸਾਹਿਬ ਲਈ ਹੀ ਮਖ਼ਸੂਸ ਹੈ, ਕਿਸੇ ਹੋਰ ਲਈ ਨਹੀਂ। ਸੱਚ ਤਾਂ ਇਹ ਹੈ ਕਿ ਗੁਰਮਤਿ ਵਿਚ ਗੁਰੂ ਦਾ ਉਹੀ ਸਥਾਨ ਹੈ ਜੋ ਸ਼ਰੀਰ ਵਿਚ ਰੀੜ੍ਹ ਦੀ ਹੱਡੀ ਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੋਈ ਪੰਨਾ ਨਹੀਂ ਜਿਸ ਵਿਚ ਗੁਰੂ ਦੇ ਮਹੱਤਵ ਸਰੂਪ ਅਤੇ ਲੋੜ ਉੱਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਕਾਸ਼ ਨ ਪਾਇਆ ਗਿਆ ਹੋਵੇ।

## 2.2 ਅਰਥ

ਗੁਰੂ ਦੇ ਆਮ ਪ੍ਰਚੱਲਿਤ ਅਰਥ ਸਿੱਖਿਆ ਦੇਣ ਵਾਲੇ ਵਿਅਕਤੀ ਦੇ ਹੀ ਹਨ: ਇਸ ਤਰ੍ਹਾਂ ਅਜਿਹੇ ਸੁਜੋਗ ਤੇ ਵਿਦਵਾਨ ਵਿਅਕਤੀ ਨੂੰ ਗੁਰੂ ਮੰਨ ਲਿਆ ਜਾਂਦਾ ਸੀ, ਜਿਸ ਦੀ ਅਗਵਾਈ ਵਿਚ ਵਿਦਿਆਰਥੀ ਨੂੰ ਵਿਸ਼ਵਾਸ ਹੁੰਦਾ ਸੀ। ਇਸ ਵਿਸ਼ਵਾਸ ਦੇ ਆਸਰੇ ਜਿੱਥੇ ਉਹ ਬੌਧਿਕ ਜਗਿਆਸਾ ਦੀ ਪੂਰਤੀ ਕਰਦਾ ਸੀ ਉੱਥੇ ਅੰਧਕਾਰ ਤੋਂ ਚਾਨਣ ਅਤੇ ਅਸਤਿ ਤੋਂ ਸੱਤ ਵਲ ਵਧਣ ਵਿਚ ਉਸ ਦਾ ਵਿਸ਼ਵਾਸ ਵੀ ਬਣਿਆ ਰਹਿੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਹਰਿਬੰਸ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਦਰਸ਼ਨ ਸਿੰਘ ਆਦਿ ਵਿਦਵਾਨ ਵੀ ਗੁਰੂ ਸ਼ਬਦ ਇਨ੍ਹਾਂ ਅਰਥਾਂ ਪ੍ਰਤੀ ਇੱਕੋ ਰਾਇ ਰੱਖਦੇ ਹਨ। 'ਗੁਰੂ' ਸ਼ਬਦ ਦੇ ਸੰਖੇਪ ਅਰਥਾਂ ਨੂੰ ਮੁੱਖ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ 'ਗੁਰੂ' ਸੰਸਕ੍ਰਿਤ ਭਾਸ਼ਾ ਦਾ ਇੱਕ ਅਜਿਹਾ ਅਨੇਕਾਰਥਕ ਬੋਧਕ ਸ਼ਬਦ ਹੈ ਜਿਸ ਦੀ ਵਿਉਤਪਤੀ 'ਗ੍ਰਿ' ਧਾਤੂ ਤੋਂ ਹੋਈ ਹੈ ਅਤੇ ਜਿਸ ਦਾ ਅਰਥ ਹੈ ਨਿਗਲਣਾ ਅਤੇ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸ਼ਿਸ ਨੂੰ ਤੱਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੁੰਦਾ ਹੈ। ਪ੍ਰੋ. ਪੂਰਨ ਸਿੰਘ ਗੁਰੂ ਦੇ ਅਰਥਾਂ ਵਿਚ ਵਾਧਾ ਕਰਦੇ ਹੋਏ ਕਹਿੰਦੇ ਹਨ 'ਗੁਰੂ' ਹੁੰਦਾ ਹੈ। ਜਿਸ ਤਰ੍ਹਾਂ ਅੰਨ ਮਨੁੱਖ ਦੀ ਸਰੀਰਕ ਜ਼ਰੂਰਤ ਹੈ, ਸੁੰਦਰਤਾ ਮਾਨਸਿਕ ਜ਼ਰੂਰਤ ਹੈ, ਉਸੇ ਤਰ੍ਹਾਂ ਗੁਰੂ ਮਨੁੱਖ ਦੀ ਅਧਿਆਤਮਕ ਜ਼ਰੂਰਤ ਹੈ, ਜੀਵਨ ਦੀ ਲੋੜ ਹੈ। ਗੁਰੂ ਤੋਂ ਬਿਨਾਂ ਮਨੁੱਖ ਦੀ ਆਤਮਾ ਮਰ ਜਾਂਦੀ ਹੈ।

## 2.3 ਪਰਿਭਾਸ਼ਾ

ਸਤਿਗੁਰੂ ਉਹ ਸੁਜਾਨ ਪੁਰਖ ਹੈ ਜੋ ਸਾਧਕ ਨੂੰ ਉਸ ਦੇ ਹਿਰਦੇ ਰੂਪੀ ਘਰ ਵਿਚ ਆਤਮਾ ਸਰੂਪੀ ਘਰ ਦਿਖਾ ਦਿੰਦਾ ਹੈ ਅਤੇ ਸਭਨਾ ਨੂੰ ਆਪਣੇ ਵਾਸਤਵਿਕ ਸਰੂਪ ਨਾਲ ਮਿਲਾ ਦਿੰਦਾ ਹੈ:

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ (ਪੰਨਾ 1291)

ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥ (ਪੰਨਾ 634)

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ (ਪੰਨਾ 72)

ਗੁਰੂ ਉਹ ਹੈ ਜਿਸਦਾ ਹਿਰਦਾ ਤਹਿ ਤਕ ਸਤ ਸਰੂਪ ਪਰਮਾਤਮਾ ਦੇ ਨਾਮ ਵਿਚ ਰੱਤ ਹੈ ਅਤੇ ਜਿਸ ਦੀ ਸੁਗੰਧੀ (ਉਪਦੇਸ਼) ਨਾਲ ਸੰਸਾਰਕ ਪ੍ਰਾਣੀ ਰੂਪ ਵਿਚ ਬਨਸਪਤੀ ਸੰਵਰ ਜਾਂਦੀ ਹੈ:

ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥

ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥ (ਪੰਨਾ 1329)

ਗੁਰੂ ਉਹ ਹੈ ਜਿਸ ਦੇ ਮਿਲਿਆਂ ਮਨ ਵਿਚ ਅਨੰਦ ਪੈਦਾ ਹੋ ਜਾਏ, ਮਨ ਦੀ ਡਾਵਾਂ ਡੋਲ ਹਾਲਤ ਮੁੱਕ ਜਾਏ, ਪਰਮਾਤਮਾ ਦੇ ਮਿਲਾਪ ਦੀ ਸਭ ਤੋਂ ਉਚੀ ਆਤਮਕ ਅਵਸਥਾ ਪੈਦਾ ਹੋ ਜਾਏ, ਉਸ ਨੂੰ ਹੀ ਗੁਰੂ ਕਿਹਾ ਜਾ ਸਕਦਾ ਹੈ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥

ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥ (ਪੰਨਾ 168)

ਜੋ ਵਿਅਕਤੀ ਸਤਿਪੁਰਖ ਦਾ ਗਿਆਤਾ ਹੈ ਅਥਵਾ ਜਾਣਨਹਾਰਾ ਹੈ ਅਤੇ ਜਿਸ ਦੀ ਸੰਗਤ ਵਿਚ ਸਿੱਖ ਵਿਕਾਰਾਂ ਤੋਂ ਬਚ ਜਾਂਦਾ ਹੈ ਉਹੀ ਸਤਿਗੁਰੂ ਹੈ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥ (ਪੰਨਾ 286)

ਇਸੇ ਤਰ੍ਹਾਂ ਜੋ ਬ੍ਰਹਮ ਦਾ ਗਿਆਤਾ ਹੈ ਉਸੇ ਨੂੰ ਸਤਿਗੁਰੂ ਕਹਿਣਾ ਬਣਦਾ ਹੈ। ਸਤਿਗੁਰੂ ਉਹੀ ਹੈ ਜਿਸ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੈ:

ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ (ਪੰਨਾ 287)

## 2.4 ਸਿੱਖ ਮੱਤ ਵਿਚ ਗੁਰੂ ਦਾ ਸੰਕਲਪ

ਸਿੱਖ ਮੱਤ ਵਿਚ ਗੁਰੂ ਜੀ ਵਿਸ਼ੇਸ਼ ਮਹੱਤਤਾ ਹੈ, ਪਰ ਗੁਰਮਤਿ ਵਿਚ ਉਪਰੋਕਤ ਨਾਲੋਂ ਵਿਲੱਖਣ ਧਾਰਨਾ ਪ੍ਰਸਤੁਤ ਕੀਤੀ **ਹੈ**।ਗੁਰਬਾਣੀ ਵਿਚ ਗੁਰੂ ਦੇ ਤਿੰਨ ਪ੍ਰਮੁੱਖ ਰੂਪ ਵਿਅਕਤ ਕੀਤੇ ਗਏ ਹਨ:

**ੳ. ਗੁਰੂ ਦਾ ਪ੍ਰਮਾਤਮ ਰੂਪ**

**ਅ. ਗੁਰੂ ਦਾ ਮਨੁੱਖੀ ਰੂਪ**

**ੲ. ਗੁਰੂ ਦਾ ਸ਼ਬਦ ਰੂਪ**

### ੳ.ਗੁਰੂ ਦਾ ਪਰਮਾਤਮ ਰੂਪ

ਗੁਰਬਾਣੀ ਅਨੁਸਾਰ ਪਰਮਾਤਮਾ ਆਪ ਹੀ ਗੁਰੂ ਹੈ। ਇਹ ਸਾਰੀ ਸ੍ਰਿਸ਼ਟੀ ਉਸ ਨੇ ਸਿਰਜੀ ਹੈ ਅਤੇ ਇਸ ਵਿਚ ਗਿਆਨ ਦਾ ਪ੍ਰਕਾਸ਼ ਕਰਨ ਲਈ ਉਹ ਆਪਣੇ ਆਪ ਨੂੰ ਕਈ ਰੂਪਾਂ ਵਿਚ ਪ੍ਰਕਾਸ਼ਿਤ ਕਰਦਾ ਹੈ। ਇਹ ਉਸ ਦਾ ਮਾਨਵਤਾ ਪ੍ਰਤੀ ਪ੍ਰਸਾਦਿ ਗੁਣ ਹੈ ਜਿਸ ਕਰਕੇ ਉਸ ਨੂੰ ਗੁਰੂ ਕਿਹਾ ਗਿਆ ਹੈ। ਪਰਮਾਤਮਾ ਅਕੱਥ, ਆਵਰਣਨੀਯ, ਇੰਦ੍ਰੀਆਤੀਤ ਅਤੇ ਜਨਮ-ਮਰਨ ਤੋਂ ਰਹਿਤ ਹੈ। ਇਸ ਕਰਕੇ ਉਹ ਕਦੇ ਵੀ ਅਵਤਾਰ ਨਹੀਂ ਧਾਰਦਾ। ਇਸ ਆਧਾਰ ਤੇ ਗੁਰਮਤਿ ਦੀ ਦੂਜੇ ਮੱਤਾਂ ਨਾਲੋਂ ਵਿਲੱਖਣਤਾ ਹੈ। ਉਹ ਸ਼ਬਦ () ਦੇ ਰੂਪ ਵਿਚ ਆਪਣਾ ਗਿਆਨ ਸ੍ਰਿਸ਼ਟੀ ਨੂੰ ਪ੍ਰਦਾਨ ਕਰਦਾ ਹੈ। ਇਸ ਸ਼ਬਦ ਦੀ ਗਿਆਨ ਜੋਤੀ ਹੀ ਗੁਰੂ ਹਿਰਦੇ ਵਿਚ ਪ੍ਰਗਟ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿਚ 'ਗੁਰੂ' ਸ਼ਬਦ ਕੇਵਲ ਅਕਾਲ ਪੁਰਖ ਲਈ ਹੀ ਵਰਤਿਆ ਹੈ। ਉਨ੍ਹਾਂ ਨੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਆਪਣਾ ਗੁਰੂ ਨਹੀਂ ਮੰਨਿਆ। ਦੇਹਧਾਰੀ ਗੁਰੂ ਦੀ ਥਾਂ ਈਸ਼ਵਰ ਅਤੇ ਉਸ ਦੇ ਗਿਆਨ ਨੂੰ ਹੀ ਗੁਰੂ ਸਵੀਕਾਰ ਕੀਤਾ ਹੈ। ਪਰਮਾਤਮਾ ਰੂਪ ਗੁਰੂ ਕਿਸੇ ਪੰਜ ਭੂਤਕ ਦੇਹ ਵਿਚ ਸੀਮਿਤ ਨਹੀਂ। ਉਹ ਤਾਂ ਸਰਬ ਕਾਲ, ਸਰਬ ਲੋਕਾਂ ਵਿਚ ਪਸਰ ਰਿਹਾ ਹੈ। ਕੋਈ ਮਨੁੱਖ ਉਸ ਦੇ ਰਹੱਸ ਪੂਰਨ ਪਸਾਰੇ ਦਾ ਅੰਤ ਨਹੀਂ ਪਾ ਸਕਦਾ। ਇਸ ਕਰਕੇ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜਾ ਅਲਖ, ਨਿਰੰਜਨ, ਪ੍ਰਕਾਸ਼ ਰੂਪ, ਅਪਰੰਪਰ ਅਤੇ ਪਾਰਬ੍ਰਹਮ

ਪਰਮੇਸ਼ਰ ਹੈ, ਉਹ ਮੈਨੂੰ ਗੁਰੂ ਰੂਪ ਵਿਚ ਪ੍ਰਾਪਤ ਹੋਇਆ ਹੈ। ਗੁਰੂ ਰਾਮਦਾਸ ਜੀ ਪਰਮਾਤਮਾ ਨੂੰ ਇਕ ਸੁਜਾਨ ਪੁਰਖ ਅਤੇ ਮਹਾਨ ਯੋਗੀ ਦੇ ਰੂਪ ਵਿਚ ਪ੍ਰਦਰਸ਼ਿਤ ਕਰਦੇ ਹੋਏ ਗੁਰੂ ਕਹਿੰਦੇ ਹਨ। ਗੁਰੂ ਅਰਜਨ ਦੇਵ ਜੀ ਵੀ ਪਾਰਬ੍ਰਹਮ ਨੂੰ ਹੀ ਗੁਰੂ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਕਾਲ ਪੁਰਖ ਨੂੰ ਹੀ ਆਪਣਾ ਗੁਰੂ ਮੰਨਿਆ ਹੈ। ਭਾਵੇਂ ਹਿੰਦੂ, ਈਸਾਈ ਅਤੇ ਇਸਲਾਮ ਆਦਿ ਮੱਤਾਂ ਵਿਚ ਈਸ਼ਵਰ ਦੀ ਆਪਣੇ ਆਪ ਨੂੰ ਅਭਿਵਿਅਕਤ ਕਰਨ ਦੀ ਮਾਨਿਅਤਾ ਸਵੀਕਾਰ ਕੀਤੀ ਹੈ ਪਰ ਗੁਰਬਾਣੀ ਵਿਚ ਇਸ ਸਿਧਾਂਤ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।

**ਅ.ਗੁਰੂ ਦਾ ਮਨੁੱਖੀ ਰੂਪ**

ਗੁਰਮਤਿ ਵਿਚ ਭਾਵੇਂ ਦੇਹਧਾਰੀ ਗੁਰੂ ਦੀ ਮਨਿਅਤਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਪਰ ਫਿਰ ਵੀ ਵਿਦਵਾਨਾਂ ਦੇ ਮੱਤ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੇ ਗੁਰੂਆਂ ਨੇ ਗੁਰੂ ਦੀ ਮਹਿਮਾ ਗੁਰੂ ਨਾਨਕ ਦੇਵ ਦੇ ਵਿਅਕਤੀਗਤ ਰੂਪ ਨੂੰ ਲੈ ਕੇ ਗਾਈ ਹੈ। ਪਰ ਗੁਰੂ ਨਾਨਕ ਦੇਵ ਦਾ ਗੁਰੂ ਤਾਂ ਅਸ਼ਰੀਰੀ ਸੀ। ਉਨ੍ਹਾਂ ਨੇ ਬ੍ਰਹਮ ਨੂੰ ਹੀ ਗੁਰੂ ਮੰਨਿਆ, ਪਰ ਉਹ ਆਪ ਬ੍ਰਹਮ ਨਹੀਂ ਸਨ। ਜੋ ਲੱਛਣ ਉਨ੍ਹਾਂ ਗੁਰੂ ਦੇ ਦੱਸੇ ਉਹ ਹੀ ਲੱਛਣ ਉਨ੍ਹਾਂ ਦੇ ਵਿਅਕਤੀਤਵ ਵਿੱਚੋਂ ਰੂਪਮਾਨ ਹੁੰਦੇ ਹਨ। ਇਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਪਰਵਰਤੀ ਗੁਰੂਆਂ ਨੇ ਜਿੱਥੇ ਅਕਾਲ ਪੁਰਖ ਨੂੰ ਅਸ਼ਰੀਰੀ ਰੂਪ ਵਿਚ ਗੁਰੂ ਸਵੀਕਾਰ ਕਰਕੇ ਉਸ ਦੀ ਉਪਮਾ ਕੀਤੀ ਹੈ, ਉਥੇ ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਰੂਪ ਵਿਚ ਸਵੀਕਾਰ ਕਰਕੇ ਉਨ੍ਹਾਂ ਦੇ ਦੇਹਧਾਰੀ ਵਿਅਕਤੀਤਵ ਪ੍ਰਤੀ ਵੀ ਸ਼ਰਧਾ ਯੁਕਤ ਭਾਵਨਾ ਦਾ ਪ੍ਰਤੀਪਾਦਨ ਕੀਤਾ ਹੈ। ਰਾਮਕਲੀ ਰਾਗ ਵਿਚ ਸੱਤੇ ਤੇ ਬਲਵੰਡ ਦੀ ਵਾਰ ਵਿਚ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹੀ ਦੇਹਧਾਰੀ ਗੁਰ-ਗੱਦੀ ਦੀ ਪ੍ਰਥਾ ਦੇ ਰੂਪ ਵਿਚ ਸੱਚ ਦਾ ਰਾਜ ਚਲਾਇਆ ਹੈ। ਫਿਰ ਇਸੇ ਗੁਰਿਆਈ ਦੇ ਤਖ਼ਤ ਤੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੂੰ ਬਿਠਾਇਆ ਗਿਆ। ਇਹ ਦੇਹਧਾਰੀ ਪਰੰਪਰਾ ਗੁਰੂ ਗੋਬਿੰਦ ਸਿੰਘ ਜੀ ਤਕ ਕਾਇਮ ਰਹੀ ਹੈ।

ਗੁਰਬਾਣੀ ਵਿਚ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਉਹ ਮਾਤਾ-ਪਿਤਾ ਧੰਨਤਾ ਦੇ ਯੋਗ ਹਨ ਜਿਨ੍ਹਾਂ ਤੋਂ ਗੁਰੂ ਪੈਦਾ ਹੁੰਦਾ ਹੈ ਅਤੇ ਉਹ ਅਸਥਾਨ ਵੀ ਪੂਜਣਯੋਗ ਹੋ ਜਾਂਦਾ ਹੈ ਜਿੱਥੇ ਗੁਰੂ ਬੈਠਦਾ ਹੈ। ਉਹ ਆਪ ਅਕਾਲ ਪੁਰਖ ਦੀ ਬੰਦਗੀ ਕਰਦਾ ਹੈ ਤੇ ਦੂਜਿਆਂ ਨੂੰ ਵੀ ਇਹ ਅਮੋਲਕ ਦਾਤ ਵੰਡਦਾ ਹੈ। ਇਹ ਸਾਰੇ ਕੰਮ ਦੇਹਧਾਰੀ ਗੁਰੂ ਨਾਲ ਹੀ ਸਬੰਧਿਤ ਹੋ ਸਕਦੇ ਹਨ। ਗੁਰੂ ਨੂੰ ਇਨ੍ਹਾਂ ਉੱਚਾ ਸਥਾਨ ਦਿੱਤਾ ਗਿਆ ਹੈ ਕਿ ਉਸ ਨੂੰ ਅਕਾਲ ਪੁਰਖ ਨਾਲ ਅਭਿੰਨ ਹੀ ਸਮਝਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਗੁਰੂ ਦੇ ਸਰੂਪ ਨੂੰ ਪਰਮਾਤਮਾ ਦਾ ਸਰੂਪ ਹੀ ਸਮਝ ਕੇ ਆਪਣੇ ਮਨ ਨੂੰ ਉਸ ਦਾ ਧਿਆਨ ਕਰਨ ਲਈ ਪ੍ਰੇਰਦੇ ਹਨ। ਗੁਰੂ ਭਾਵੇਂ ਮਨੁੱਖੀ ਸਰੀਰ ਵਿਚ ਹੋਵੇ ਪਰ ਮਨੁੱਖ ਦਾ ਰੂਪ ਨਹੀਂ ਹੁੰਦਾ ਬਲਕਿ ਅਕਾਲ ਪੁਰਖ ਜੋ ਮਾਇਆ ਤੋਂ ਨਿਰਲੇਪ ਹੈ ਉਸ ਦਾ ਸਰੂਪ ਹੁੰਦਾ ਹੈ। ਗੁਰੂ ਦਾ ਪੰਜ ਭੂਤਕ ਸਰੀਰ ਕਦੇ ਵੀ ਗੁਰੂ ਨਹੀਂ ਮੰਨਿਆ ਜਾਂਦਾ ਬਲਕਿ ਗੁਰੂ ਤਾਂ ਸਦਾ ਹੀ ਉਸ ਜੋਤ ਨੂੰ ਮੰਨਿਆ ਜਾਂਦਾ ਰਿਹਾ ਹੈ ਜੋ ਅਕਾਲ ਪੁਰਖ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਰੱਖੀ ਗਈ ਅਤੇ ਬਾਅਦ ਵਿਚ ਦੂਜੇ ਗੁਰੂ ਸਾਹਿਬਾਨ ਦੇ ਸਰੀਰ ਵਿਚ ਗੁਰਗੱਦੀ ਤੇ ਬੈਠਣ ਸਮੇਂ ਪ੍ਰਵੇਸ਼ ਕਰਦੀ ਰਹੀ। ਗੁਰੂ ਪਰਮਾਤਮਾ ਦਾ ਪ੍ਰਤੀਨਿਧ ਹੁੰਦਾ ਹੈ। ਗੁਰੂ ਉਹ ਪੂਰਨ ਅਧਿਕਾਰ ਸੱਤਾ ਸਪੰਨ ਵਿਅਕਤੀ ਹੁੰਦਾ ਹੈ ਜੋ ਪਰਮੇਸ਼ਰ ਵੱਲੋਂ ਭੇਜਿਆ ਜਾਂਦਾ ਹੈ। ਜੋ ਇਸ ਸੰਸਾਰ ਵਿਚ ਆ ਕੇ ਜੀਵਾਂ ਨੂੰ ਸ਼ਬਦ ਨਾਲ ਜੋੜਦਾ ਹੈ। ਉਹ ਪਰਮਾਤਮਾ ਦੇ ਗਿਆਨ ਨੂੰ ਪ੍ਰਾਪਤ ਕਰ ਕੇ ਮਨੁੱਖਤਾ ਤਕ ਪਹੁੰਚਾਂਦਾ ਹੈ। ਉਹ ਵੈਦਿਕ ਯੁੱਗ ਦੇ ਗੁਰੂ ਵਾਂਗ ਪ੍ਰੋਹਿਤ ਅਤੇ ਆਚਾਰੀਯਾ ਦਾ ਕੰਮ ਨਹੀਂ ਕਰਦਾ ਬਲਕਿ ਉਪਨਿਸ਼ਦਾਂ ਦੇ ਗੁਰੂਆਂ ਵਾਂਗ ਵਿਸ਼ੇਸ਼ ਤੌਰ ਤੇ ਅਧਿਆਤਮਿਕ ਵਿੱਦਿਆ ਦਾ ਉਪਦੇਸ਼ ਦਿੰਦਾ ਹੈ। ਪਰ ਉਹ ਨਿਰਵਿਰਤੀ ਮਾਰਗ ਦੀ ਬਜਾਇ ਪ੍ਰਵਿਰਤੀ ਮਾਰਗ ਤੇ ਭਗਤੀ ਭਾਵਨਾ ਤੇ ਬਲ ਦਿੰਦਾ ਹੈ। ਉਸ ਦਾ ਆਦਰਸ਼ ਜੀਵ ਦਾ ਈਸ਼ਵਰ ਨਾਲ ਮਿਲਾਪ ਕਰਵਾਉਣਾ ਹੁੰਦਾ ਹੈ। ਗੁਰੂ ਲੋਕਾਂ ਨੂੰ ਮੰਦੇ ਕੰਮਾਂ ਤੋਂ ਮੁਕਤੀ ਪ੍ਰਾਪਤ ਕਰਵਾਉਂਦਾ ਹੈ ਅਤੇ ਵਿਕਾਰਾਂ ਤੋਂ ਬਚਾ ਕੇ ਰੱਖਦਾ ਹੈ। ਸਿੱਖ ਮੱਤ ਵਿਚ ਗੁਰੂ ਦਾ ਮਨੁੱਖੀ ਰੂਪ, ਗੁਰੂ ਜੋਤਿ ਦਾ ਰੂਪਾਂਤਰਨ, ਗੁਰੂ ਦਾ ਅਸ਼ਰੀਰੀ ਹੁੰਦਿਆਂ ਸਰੀਰੀ ਰੂਪ ਵਿਚ ਪੂਜਿਆ ਜਾਣਾ ਆਦਿ ਸਾਰੇ ਤੱਥ ਬਾਕੀ ਮੱਤਾਂ ਨਾਲੋਂ ਵਿਲੱਖਣਤਾ ਰੱਖਦੇ ਹਨ।

**ੲ.ਗੁਰੂ ਦਾ ਸ਼ਬਦ ਰੂਪ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਗੁਰੂ ਦਾ ਤੀਸਰਾ ਰੂਪ ਸ਼ਬਦ ਹੈ। ਸ਼ਬਦ ਉਹ ਧੁਨੀ ਹੈ, ਜਿਸ ਤੋਂ ਕਿਸੇ ਵਸਤੂ ਦੇ ਸਰੂਪ ਦਾ ਬੋਧ ਹੁੰਦਾ ਹੈ। ਪਰ 'ਸ਼ਬਦ' ਨੂੰ ਪ੍ਰਮਾਣ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਉਸ ਰਾਹੀਂ ਕਿਸੇ ਯਥਾਰਥ ਗਿਆਨ ਦੀ ਪ੍ਰਾਪਤੀ ਹੋਵੇ। ਗੁਰਬਾਣੀ ਵਿਚ ਸ਼ਬਦ ਪ੍ਰਮਾਣ ਦੇ ਇਸ ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੇ ਤਿੰਨ ਸਰੂਪਾਂ ਦਾ ਪਰਿਚਯ ਪ੍ਰਾਪਤ ਹੁੰਦਾ ਹੈ- ਸ਼ਬਦ ਦਾ ਸਰਬ ਵਿਆਪਕ ਬ੍ਰਹਮ ਰੂਪ, ਸ਼ਬਦ ਦਾ ਅਨਹਦ ਸਰੂਪ ਅਤੇ ਸ਼ਬਦ ਦਾ ਗੁਰਉਪਦੇਸ਼ (ਗੁਰਬਾਣੀ) ਸਰੂਪ।

## 2.5 ਗੁਰੂ ਦੀ ਲੋੜ

ਪੂਰਬੀ, ਪੱਛਮੀ ਅਤੇ ਸਿੱਖ ਮੱਤ ਵਿਚ ਗੁਰੂ ਦੇ ਸੰਕਲਪ ਨੂੰ ਵਿਚਾਰਨ ਤੋਂ ਬਾਅਦ ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਵਿਚਾਰੀਏ ਕਿ ਮਨੁੱਖ ਨੂੰ ਗੁਰੂ ਧਾਰਨ ਕਰਨ ਦੀ ਕੀ ਲੋੜ ਹੈ? ਕੀ ਉਹ ਗੁਰੂ ਤੋਂ ਬਿਨਾਂ ਆਪਣਾ ਜੀਵਨ ਬਸਰ ਨਹੀਂ ਕਰ ਸਕਦਾ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜੋ ਬ੍ਰਹਮ ਮਨੁੱਖ ਦੀ ਮੁਕਤੀ ਦਾ ਦਾਤਾ ਹੈ, ਸੰਸਾਰ ਦਾ ਖ਼ਾਲਕ, ਪਾਲਕ ਤੇ ਸੰਘਾਰਕ ਹੈ ਜਿਸ ਨੂੰ ਕੇਵਲ ਗਿਆਨ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ ਤੇ ਇਹ ਗਿਆਨ ਗੁਰੂ ਪਾਸੋਂ ਹੀ ਮਿਲਦਾ ਹੈ। ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ ਤੇ ਗਿਆਨ ਬਿਨਾਂ ਪਰਮਾਤਮਾ ਦੀ ਸੋਝੀ ਨਹੀਂ ਆਉਂਦੀ। ਡਾ. ਭਾਈ ਜੋਧ ਸਿੰਘ ਅਨੁਸਾਰ 'ਸਾਡੇ ਅੰਦਰ ਇਹ ਭੁਲੇਖਾ ਪਾਇਆ ਹੋਇਆ ਹੈ ਕਿ ਮਨੁੱਖ ਵਿਚਾਰਵਾਨ ਜੀਵ ਹੈ ਤੇ ਹਰ ਕੰਮ ਕਰਨ ਲੱਗਿਆਂ ਇਹ ਵਿਚਾਰ ਦੇ ਆਸਰੇ ਤੁਰਦਾ ਹੈ। ਪਰ ਅਜੋਕੀ ਮਾਨਸਿਕ ਖੋਜ ਇਸ ਸਿੱਟੇ ਤੇ ਪੁੱਜੀ ਹੈ ਕਿ ਇਹ ਮਨੌਤ ਉੱਕਾ ਹੀ ਗ਼ਲਤ ਹੈ। ਮਨੁੱਖ ਸੁਭਾਅ ਦੇ ਆਸਰੇ ਤੁਰਦਾ ਹੈ, ਵਿਚਾਰ ਦੇ ਆਸਰੇ ਨਹੀਂ। ਵਿਚਾਰ ਨੂੰ ਤਾਂ ਬਹੁਤਾ ਆਪਣੀ ਸੁਭਾਵਿਕ ਕਿਰਿਆ ਨੂੰ ਠੀਕ ਸਾਬਤ ਕਰਨ ਲਈ ਵਰਤਦਾ ਹੈ। ਦੂਜੀ ਗੱਲ ਇਹ ਹੈ ਕਿ ਮਨੁੱਖ ਦੀ ਵਿਚਾਰ ਉਸ ਦੇ ਤਜਰਬੇ ਤੋਂ ਅੱਗੇ ਵਧ ਨਹੀਂ ਸਕਦੀ। ਜਿਨ੍ਹਾਂ ਹਾਲਾਤਾਂ ਵਿਚ ਮਨੁੱਖ ਜੀਵਨ ਬਿਤਾਉਂਦਾ ਹੈ, ਮਨ ਉਸ ਤਰ੍ਹਾਂ ਦਾ ਹੀ ਬਣ ਜਾਂਦਾ ਹੈ ਤੇ ਆਪਣੀਆਂ ਪਾਈਆਂ ਹੋਈਆਂ ਲੀਹਾਂ ਤੋਂ ਉਪਰ ਨਹੀਂ ਉੱਠ ਸਕਦਾ। ਇਸ ਕਰਕੇ ਕੋਈ ਅਜਿਹੀ ਹਸਤੀ ਹੋਵੇ ਜੋ ਮਨੁੱਖ ਨੂੰ ਇਨ੍ਹਾਂ ਲੀਹਾਂ ਤੋਂ ਉੱਚਾ ਚੁੱਕ ਸਕੇ। ਇਹ ਵਿਲੱਖਣ ਹਸਤੀ ਹੋਰ ਕੋਈ ਨਹੀਂ, ਗੁਰੂ ਹੀ ਹੈ। ਜਿਸ ਦੀ ਮਨੁੱਖ ਨੂੰ ਲੋੜ ਪੈਂਦੀ ਹੈ। ਜੋ ਮਨੁੱਖ ਨੂੰ ਗਿਆਨ ਦਿੰਦਾ ਹੈ। ਇਸੇ ਗਿਆ ਨਾਲ ਹੀ ਮਨੁੱਖ ਅਗਿਆਨਤਾ ਦੇ ਅੰਧਕਾਰ ਵਿੱਚੋਂ ਨਿਕਲ ਕੇ ਗਿਆਨ ਦੇ ਪ੍ਰਚੰਡ ਪ੍ਰਕਾਸ਼ ਵਿਚ ਆ ਪਹੁੰਚਦਾ ਹੈ। ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਹੀ ਸੱਚਾ ਗੁਰੂ ਹੁੰਦਾ ਹੈ ਅਤੇ ਉਹ ਆਪ ਨਿਰੰਕਾਰ ਨਾਲ ਇੱਕ ਰੂਪ ਹੋ ਕੇ ਆਤਮਿਕ ਜੀਵਨ ਦੇ ਸੁੱਖ ਨੂੰ ਮਾਣਦਾ ਹੈ ਤੇ ਆਪਣੇ ਸਿੱਖ ਨੂੰ ਵੀ ਆਤਮਿਕ ਜੀਵਨ ਦੇ ਮੰਡਲਾਂ ਦਾ ਗਿਆਨ ਬਖਸ਼ਿਸ਼ ਕਰਦਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਮਨੁੱਖ ਗਿਆਨ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਅਤੇ ਇਸ ਗਿਆਨ ਦੀ ਪ੍ਰਾਪਤੀ ਉਸ ਨੂੰ ਗੁਰੂ ਤੋਂ ਹੀ ਹੁੰਦੀ ਹੈ। ਇਸ ਕਰਕੇ ਉਸ ਨੂੰ ਸੱਚੇ ਗੁਰੂ ਦੀ ਲੋੜ ਪੈਂਦੀ ਹੈ। ਆਪਣੀ ਇਸ ਲੋੜ ਦੀ ਪੂਰਤੀ ਲਈ ਉਹ ਸੱਚੇ ਗੁਰੂ ਦੇ ਮਿਲਾਪ ਨੂੰ ਤਾਂਘਦਾ ਹੈ ਕਿਉਂਕਿ ਕੱਚੇ ਗੁਰੂ ਤੋਂ ਕਦੇ ਵੀ ਜੀਵਨ ਦੇ ਆਦਰਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਹ ਤਾਂ ਆਪ ਅਗਿਆਨ ਦੇ ਅੰਧਕਾਰ ਨਾਲ ਅੰਨ੍ਹਾ ਹੁੰਦਾ ਹੈ ਤੇ ਹੋਛੀ ਮੱਤ ਕਾਰਨ ਭੰਭਲ ਭੂਸਿਆਂ ਵਿਚ ਭਟਕਦਾ ਫਿਰਦਾ ਹੈ। ਜੀਵਨ ਦੇ ਆਦਰਸ਼ ਦੀ ਪ੍ਰਾਪਤੀ ਥਾਂ ਕੇਵਲ ਸੱਚੇ ਗੁਰੂ ਦਾ ਮਿਲਾਪ ਹੋਣ ਤੇ ਹੀ ਸੰਭਵ ਹੈ। ਇਸ ਕਰਕੇ ਮਨੁੱਖ ਨੂੰ ਇਸ ਗੱਲ ਦੀ ਵੀ ਪਹਿਚਾਣ ਹੋਣੀ ਚਾਹੀਦੀ ਹੈ ਕਿ ਜਿਸ ਮਨੁੱਖ ਨੂੰ ਉਹ ਆਪਣਾ ਗੁਰੂ ਧਾਰਨ ਕਰ ਰਿਹਾ ਹੈ ਕੀ ਉਹ ਆਪ ਸੱਚਾ ਹੈ? ਕੀ ਉਸ ਨੇ ਆਤਮਿਕ ਸੁਖ ਨੂੰ ਮਾਣ ਲਿਆ ਹੈ? ਕਿਉਂਕਿ ਧਾਰਮਿਕ ਪਧੱਤੀਆਂ ਦਾ ਇਹ ਵਿਸ਼ਵਾਸ ਹੈ ਕਿ ਅਗਿਆਨੀ ਸਿੱਖ ਨੂੰ ਜੇ ਅਗਿਆਨੀ ਗੁਰੂ ਮਿਲ ਜਾਵੇ ਤਾਂ ਦੋਵਾਂ ਦਾ ਹੀ ਵਿਨਾਸ਼ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਕੱਚੇ ਗੁਰੂ ਤੋਂ ਕਦੇ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਜੀ ਫਰਮਾਉਂਦੇ ਹਨ ਕਿ ਜਿਹੜਾ ਗੁਰੂ ਝੂਠ ਬੋਲ ਕੇ ਮੁਰਦਾਰ ਖਾਂਦਾ ਹੈ ਅਤੇ ਹੋਰਾਂ ਨੂੰ ਉਪਦੇਸ਼ ਦਿੰਦਾ ਹੈ, ਉਹ ਆਪ ਵੀ ਮਾਇਆ ਦੇ ਮੋਹ ਨਾਲ ਠੱਗਿਆ ਹੋਇਆ ਹੁੰਦਾ ਹੈ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜਿਸ ਦਾ ਮਾਲਕ ਹੀ ਨੰਗਾ ਭੁੱਖਾ ਹੋਵੇ ਉਸ ਦਾ ਸੇਵਕ ਕਿਵੇਂ ਰੱਜ ਸਕਦਾ ਹੈ। ਇਸ ਲਈ ਅਧਿਆਤਮਿਕ ਮਾਰਗ ਵਿਚ ਸਫ਼ਲਤਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਅਧਿਆਤਮਿਕ ਮਾਰਗ ਦੇ ਰਾਹ ਦਾ ਗਿਆਨ ਦਾਤਾ ਆਪ ਸੱਚਾ ਹੋਵੇ। ਇਸ ਕਰ ਕੇ ਸੱਚਾ ਗੁਰੂ ਉਹ ਹੀ ਹੈ ਜਿਸ ਦੇ ਮਿਲਾਪ ਨਾਲ ਮਨ ਆਨੰਦਿਤ ਹੋ ਜਾਵੇ, ਸਾਰੇ ਸੰਸੇ ਮਿਟ ਜਾਣ ਤੇ ਮਨ ਪਰਮ-ਪਦ ਦੀ

ਅਵਸਥਾ ਵਿਚ ਲੀਨ ਹੋ ਜਾਵੇ। ਸੱਚੇ ਗੁਰੂ ਦੀ ਸ਼ਰਨ ਪਏ ਬਗੈਰ ਪਰਮਾਤਮਾ ਦੀ ਪ੍ਰਾਪਤੀ ਵੀ ਅਸੰਭਵ ਹੈ। ਪੂਰਾ ਗੁਰੂ ਹੀ ਨਾਮ ਦੀ ਪੂੰਜੀ ਦੇ ਕੇ ਭਰਮਾਂ ਨੂੰ ਦੂਰ ਕਰ ਦਿੰਦਾ ਹੈ, ਜਿਸ ਕਰਕੇ ਜਨਮ ਮਰਨ ਦੀ ਸੋਝੀ ਹੋ ਜਾਂਦੀ ਹੈ। ਗੁਰਮਤਿ ਵਿੱਚ ਗੁਰੂ ਦੀ ਵਿਸ਼ੇਸ਼ਤਾ, ਮਹਾਨਤਾ, ਉਸਦੇ ਕਰਤਵ, ਗੁਣ, ਆਚਰਣ ਅਤੇ ਵਿਅਕਤਿਤਵ ਨੂੰ ਪ੍ਰਗਟਾਉਣ ਲਈ ਅਨੇਕ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਗਈ ਹੈ।

## 2.6 ਗੁਰੂ ਦੀ ਮਹੱਤਤਾ ਗੁਰਬਾਣੀ ਅਨੁਸਾਰ

ਗੁਰਬਾਣੀ ਵਿਚ ਵਾਰ ਵਾਰ ਗੁਰੂ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ ਕਿਉਂਕਿ ਗੁਰੂ ਅਕਾਲ ਪੁਰਖ ਨਾਲ ਅਭੇਦ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਦਿਨ ਵਿਚ ਅਨੇਕਾਂ ਵਾਰ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜੋ ਇੱਕ ਛਿਣ ਮਾਤਰ ਵਿਚ ਇਕ ਸਾਧਾਰਨ ਮਨੁੱਖ ਨੂੰ ਦੇਵਤਿਆਂ ਵਾਲੀ ਅਵਸਥਾ ਦਾ ਮਾਲਕ ਬਣਾ ਦਿੰਦਾ ਹੈ। ਗੁਰੂ ਅੰਗਦ ਦੇਵ ਜੀ ਅਨੁਸਾਰ ਗੁਰੂ ਅਥਾਹ ਗਿਆਨ ਦੇ ਪ੍ਰਕਾਸ਼ ਦਾ ਸੋਮਾ ਹੈ। ਉਹ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਜੀਵ ਦੇ ਅੰਧਕਾਰਮਯ ਅੰਤਰਾਤਮੇ ਨੂੰ ਗਿਆਨ ਦੀ ਰੋਸ਼ਨੀ ਨਾਲ ਰੁਸ਼ਨਾ ਦਿੰਦਾ ਹੈ। ਜੇਕਰ ਸੌ ਚੰਦਰਮਾ ਅਤੇ ਹਜ਼ਾਰਾਂ ਹੀ ਸੂਰਜ ਚੜ੍ਹ ਪੈਣ ਤਾਂ ਵੀ ਗੁਰੂ ਦੇ ਗਿਆਨ ਤੋਂ ਬਿਨਾਂ ਮਨੁੱਖ ਦੀ ਜ਼ਿੰਦਗੀ ਵਿਚ ਘੁੱਪ ਹਨੇਰ ਹੀ ਰਹੇਗਾ। ਗੁਰੂ ਦੇ ਉਪਦੇਸ਼ ਬਿਨਾਂ ਕਿਸੇ ਨੂੰ ਵੀ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਦੀ ਦਇਆ ਤੇ ਦੁਆਰਾ ਨਾਮ ਹਿਰਦੇ ਅੰਦਰ ਟਿਕ ਜਾਂਦਾ ਹੈ।

ਭਗਤ ਰਵਿਦਾਸ ਜੀ ਫੁਰਮਾਉਂਦੇ ਹਨ ਜਿਸ ਤਰ੍ਹਾਂ ਸਾਰਾ ਜਹਾਨ ਜਾਣਦਾ ਹੈ ਕਿ ਸੂਰਜ ਦੇ ਚੜ੍ਹਨ ਨਾਲ ਰਾਤ ਖ਼ਤਮ ਹੋ ਜਾਂਦੀ ਹੈ। ਪਾਰਸ ਦੀ ਛੋਹ ਨਾਲ ਤਾਂਬਾ ਸੋਨਾ ਹੋ ਜਾਂਦਾ ਹੈ, ਇਸੇ ਤਰ੍ਹਾਂ ਪੂਰਬਲੇ ਭਾਗ ਜਾਗਣ ਤਾਂ ਸਤਿਗੁਰੂ ਮਿਲ ਪੈਂਦਾ ਹੈ ਜੋ ਸਮਸਤ ਪਾਰਸਾਂ ਦਾ ਪਾਰਸ ਤੇ ਪਰਮ-ਪਾਰਸ ਹੈ। ਇਸ ਦੇ ਫਲ ਸਵਰੂਪ ਪਰਮਾਤਮਾ ਦੇ ਮਿਲਾਪ ਦੀ ਤਾਂਘ ਪੈਦਾ ਹੋ ਜਾਂਦੀ ਹੈ, ਮਨ ਦੇ ਪੱਥਰ ਵਰਗੇ ਕਰੜੇ ਕਿਵਾੜ ਖੁੱਲ੍ਹ ਜਾਂਦੇ ਹਨ ਅਤੇ ਅੰਤਰ ਆਤਮੇ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ। ਭੱਟ ਨੱਲ ਜੀ ਆਪਣੀ ਬਾਣੀ ਵਿਚ ਗੁਰੂ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਗੁਰੂ ਦੇ ਸ਼ਬਦ ਵਿਚ ਇੰਨ੍ਹੀ ਸਮਰੱਥਾ ਹੈ ਕਿ ਜੇ ਮਨੁੱਖ ਉਸ ਸ਼ਬਦ ਨੂੰ ਆਪਣੇ ਕੰਨਾਂ ਨਾਲ ਸੁਣਦਾ ਹੈ ਤਾਂ ਮਾਨੋ ਉਹ ਕੱਚ ਤੋਂ ਸੋਨਾ ਹੋ ਜਾਂਦਾ ਹੈ ਅਤੇ ਜੇ ਉਹ ਗੁਰੂ ਦੇ ਨਾਮ ਨੂੰ ਮੂੰਹੋਂ ਉਚਾਰਣ ਕਰਦਾ ਹੈ ਤਾਂ ਉਹ ਵਿਸ਼ ਤੋਂ ਅੰਮ੍ਰਿਤ ਬਣ ਜਾਂਦਾ ਹੈ। ਜੇ ਗੁਰੂ ਦੀ ਕਿਰਪਾ ਦ੍ਰਿਸ਼ਟੀ ਜੀਵ ਤੇ ਪੈ ਜਾਵੇ ਤਾਂ ਜੀਵ ਲੋਹੇ ਤੋਂ ਲਾਲ ਬਣ ਜਾਂਦਾ ਹੈ ਜੋ ਗੁਰੂ ਦੇ ਦੱਸੇ ਗਿਆਨ ਨੂੰ ਵਿਚਾਰਦੇ ਹਨ, ਗੁਰੂ ਆਪਣੀ ਪਰਿਵਰਤਨ ਸ਼ਕਤੀ ਨਾਲ ਉਨ੍ਹਾਂ ਨੂੰ ਪੱਥਰਾਂ ਤੋਂ ਅਮੋਲਕ ਕਰ ਦਿੰਦਾ ਹੈ। ਜੋ ਜੀਵ ਗੁਰੂ ਦੇ ਚਰਨਾਂ ਨੂੰ ਪਰਸਦੇ ਹਨ। ਗੁਰੂ ਉਨ੍ਹਾਂ ਤੇ ਕਿਰਪਾ ਕਰ ਕੇ ਉਨ੍ਹਾਂ ਨੂੰ ਪਸ਼ੂ ਤੇ ਪ੍ਰੇਤਾਂ ਤੋਂ ਦੇਵਤੇ ਤੇ ਮਨੁੱਖ ਬਣਾ ਦਿੰਦਾ ਹੈ। ਉਨ੍ਹਾਂ ਦੇ ਦੁੱਖ ਦਰਿਦ੍ਰ ਦੂਰ ਹੋ ਜਾਂਦੇ ਹਨ ਤੇ ਸਤਿਗੁਰੂ ਉਨ੍ਹਾਂ ਨੂੰ ਕਾਠ ਤੋਂ ਚੰਦਨ ਬਣਾ ਦਿੰਦਾ ਹੈ।

ਗੁਰੂ ਆਪਣੇ ਸਿੱਖ ਦੇ ਵਿਸ਼ਵ ਪ੍ਰਤੀ ਦ੍ਰਿਸ਼ਟੀਕੋਣ ਨੂੰ ਬਦਲ ਦਿੰਦਾ ਹੈ। ਜਿੱਥੇ ਗੁਰੂ ਮਨੁੱਖ ਨੂੰ ਵਿਸ਼ਵ ਦੇ ਪਰਮ ਯਥਾਰਥ ਦੀ ਸ਼ੁੱਧ ਅਧਿਆਤਮਕ ਸੱਤਾ ਦਾ ਅਸਲੀ ਪੱਧਰ ਤੇ ਗਿਆਨ ਪ੍ਰਦਾਨ ਕਰਦਾ ਹੈ, ਉਥੇ ਨਾਲ ਨਾਲ ਇਸ ਪਰਿਵਰਤਨਸ਼ੀਲ, ਮਾਦੀ ਅਤੇ ਭੌਤਿਕ ਸੰਸਾਰ ਦੀ ਨਾਸ਼ਵਾਨਤਾ ਦਾ ਵੀ ਅਹਿਸਾਸ ਕਰਵਾਉਂਦਾ ਹੈ। ਜਿਵੇਂ ਹੰਸ ਦੁੱਧ ਅਤੇ ਪਾਣੀ ਨੂੰ ਵੱਖ ਵੱਖ ਕਰ ਦਿੰਦਾ ਹੈ ਇਸ ਤਰ੍ਹਾਂ ਗੁਰੂ ਦਾ ਪ੍ਰਤਿਭਾਸ਼ਾਲੀ ਵਿਅਕਤੀਤਵ ਆਪਣੀ ਸਿਰਜਣਾਤਮਕ ਸ਼ਕਤੀ ਅਤੇ ਉਪਦੇਸ਼ਾਂ ਦੁਆਰਾ ਸਿੱਖ ਦੇ ਵਿਸ਼ਵ ਦ੍ਰਿਸ਼ਟੀਕੋਣ ਲਈ ਠੀਕ ਸੇਧ ਬਖ਼ਸ਼ਦਾ ਹੈ। ਯਥਾਰਥ ਦਾ ਗਿਆਨ ਵਿਸ਼ਵ ਦ੍ਰਿਸ਼ਟੀਕੋਣ ਲਈ ਠੀਕ ਸੇਧ ਹੈ ਕਿਉਂਕਿ ਇਹ ਗਿਆਨ ਹੀ ਮਨੁੱਖ ਨੂੰ ਭੂਤ ਅਤੇ ਭਵਿੱਖ ਦੇ ਵਿਸ਼ਾਲ ਪਸਾਰੇ ਨਾਲ ਤਦਰੂਪਤਾ ਪ੍ਰਦਾਨ ਕਰਦਾ ਹੋਇਆ ਉਸ ਦੇ ਅਹੰ ਨੂੰ ਸਮਾਪਤ ਕਰ ਸਕਦਾ ਹੈ।

### 2.6.1 ਗੁਰੂ : ਤੀਰਥ

ਗੁਰੂ ਨੂੰ ਤੀਰਥ ਦੇ ਸਮਾਨ ਕਿਹਾ ਗਿਆ ਹੈ। ਜਿਸ ਤਰ੍ਹਾਂ ਤੀਰਥ ਉਤੇ ਜਾਣ ਨਾਲ ਅਤੇ ਇਸ਼ਨਾਨ ਆਦਿ ਕਰਨ ਨਾਲ ਪਾਪਾਂ ਦੀ ਮੈਲ ਉੱਤਰ ਜਾਂਦੀ ਹੈ ਠੀਕ ਉਸੇ ਤਰ੍ਹਾਂ ਗੁਰੂ ਪਾਸ ਜਾਣ ਨਾਲ ਅਧਿਆਤਮਿਕ ਉਨਤੀ ਪ੍ਰਾਪਤ ਹੁੰਦੀ ਹੈ ਅਤੇ ਵਿਕਾਰਾਂ ਦਾ ਨਾਸ਼ ਹੁੰਦਾ ਹੈ। ਵਾਸਤਵ ਵਿਚ ਗੁਰੂ ਦੇ ਸਮਾਨ ਕੋਈ ਤੀਰਥ ਨਹੀਂ ਹੈ। ਗੁਰੂ ਹੀ ਸੰਤੋਖ ਦਾ ਸਰੋਵਰ ਹੈ।

### 2.6.2 ਗੁਰੂ : ਦਰਿਆਉ

ਗੁਰੂ ਦਰਿਆ ਦੇ ਸਾਮਾਨ ਹੈ ਉਸ ਦਾ ਜਲ ਸਦਾ ਨਿਰਮਲ ਰਹਿੰਦਾ ਹੈ ਇਸ ਨਿਰਮਲ ਜਲ ਦੇ ਨਾਲ ਹੀ ਦੁਰਮਤ ਦੀ ਮੈਲ ਦੂਰ ਹੁੰਦੀ ਹੈ ਅਤੇ ਸ਼ੁਭ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ। ਦਰਿਆਉ ਰੂਪੀ ਸਤਿਗੁਰੂ ਦੀ ਪ੍ਰਾਪਤੀ ਹੀ ਪੂਰਨ ਇਸ਼ਨਾਨ ਹੈ ਜਿਸਦੇ ਫਲ ਸਵਰੂਪ ਪਸ਼ੂ ਬਿਰਤੀ ਮਨੁੱਖ ਦੇਵਤਾ ਰੂਪ ਹੋ ਜਾਂਦਾ ਹੈ।

### 2.6.3 ਗੁਰੂ : ਸਮੁੰਦ ਸਾਗਰ

ਗੁਰੂ ਸਮੁੰਦਰ ਅਤੇ ਸਾਗਰ ਦੀ ਨਿਆਈਂ ਹੈ ਜਿਸ ਵਿਚ ਨਾਮ ਰੂਪੀ ਅਮੋਲਕ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜਿਸ ਤੋਂ ਮਨ ਇੱਛਤ ਫਲ ਪ੍ਰਾਪਤ ਹੁੰਦਾ ਹੈ।

### 2.6.4 ਗੁਰੂ : ਬੋਹਿਥ-ਜਹਾਜ਼

ਇਹ ਸੰਸਾਰ ਬੜਾ ਬਿਖਮ ਅਤੇ ਡਰਾਵਣਾ ਹੈ। ਜਿਸ ਦਾ ਕੋਈ ਆਰ ਪਾਰ ਜਾਂ ਕਿਨਾਰਾ ਨਹੀਂ ਹੈ। ਇਸ ਭਵਜਲ ਸਾਗਰ ਨੂੰ ਪਾਰ ਕਰਨ ਲਈ ਨਾ ਕੋਈ ਬੇੜੀ ਹੈ, ਨਾ ਚੱਪੂ, ਨਾ ਬਾਂਸ ਅਤੇ ਨਾ ਹੀ ਮੱਲਾਹ। ਅਜਿਹੀ ਅਵਸਥਾ ਵਿਚ ਕੇਵਲ ਸਤਿਗੁਰੂ ਹੀ ਅਜਿਹਾ ਜਹਾਜ਼ ਹੈ ਜੋ ਆਪਣੀ ਕਿਰਪਾ ਦ੍ਰਿਸ਼ਟੀ ਸਦਕਾ ਮਨੁੱਖ ਨੂੰ ਭਵਸਾਗਰ ਤੋਂ ਪਾਰ ਉਤਾਰ ਸਕਦਾ ਹੈ।

### 2.6.5 ਗੁਰੂ : ਖੇਵਟ ਮਲਾਹ

ਗੁਰੂ ਆਪਣੇ ਪਿਆਰਿਆਂ ਨੂੰ ਆਵਾਜ਼ਾਂ ਮਾਰ ਕੇ ਪੁਕਾਰਦਾ ਹੈ ਕਿ ਛਾਲ ਮਾਰ ਕੇ ਬੇੜੇ ਉਤੇ ਚੜ੍ਹ ਜਾਉ ਅਤੇ ਇਸ ਭਵਜਲ ਸੰਸਾਰ ਸਾਗਰ ਤੋਂ ਪਾਰ ਹੋ ਜਾਉ ਕਿਉਂਕਿ ਸਤਿਗੁਰੂ ਦੇ ਬੇੜੇ ਚ ਚੜ੍ਹ ਕੇ ਕਈ ਸੰਸਾਰ ਸਾਗਰ ਨੂੰ ਪਾਰ ਕਰ ਚੁੱਕੇ ਹਨ।

### 2.6.6 ਗੁਰੂ : ਪੌੜੀ

ਜਿਸ ਤਰ੍ਹਾਂ ਕਿਸੇ ਉਚਾਈ ਤੇ ਚੜ੍ਹਨ ਲਈ ਪੌੜੀ ਦੀ ਜ਼ਰੂਰਤ ਪੈਂਦੀ ਹੈ। ਠੀਕ ਇਸੇ ਪ੍ਰਕਾਰ ਗੁਰੂ ਪੌੜੀ ਦੀ ਨਿਆਈਂ ਹੈ। ਜਿਸ ਉਪਰ ਚੜ੍ਹ ਕੇ ਮਨੁੱਖ ਮੋਤੀਆਂ, ਹੀਰਿਆਂ, ਲਾਲਾਂ ਅਤੇ ਮਾਣਕਾਂ ਨਾਲ ਜੜ੍ਹੇ ਪ੍ਰਭੂ ਰੂਪੀ ਸੁੰਦਰ, ਨਿਰਮਲ ਅਤੇ ਸੁਨਹਿਰੀ ਹਰਿਮੰਦਰ ਤਕ ਪੁੱਜ ਸਕਦਾ ਹੈ।

ਗੁਰਮਤਿ ਅਨੁਸਾਰ ਗੁਰੂ ਹੀ ਪੌੜੀ ਹੈ, ਗੁਰੂ ਹੀ ਬੇੜੀ ਹੈ, ਗੁਰੂ ਹੀ ਚੱਪੂ ਹੈ, ਗੁਰੂ ਹੀ ਸਰੋਵਰ, ਸਾਗਰ ਅਤੇ ਤੀਰਥ ਹੈ। ਗੁਰੂ ਹੀ ਭਵ-ਸਾਗਰ ਤੋਂ ਪਾਰ ਉਤਾਰਨ ਵਾਲਾ ਜਹਾਜ਼ ਹੈ।

### 2.6.7 ਗੁਰੂ : ਮਾਨਸਰੋਵਰ

ਗੁਰੂ ਮਾਨਸਰੋਵਰ ਹੈ ਜਿਸ ਪ੍ਰਕਾਰ ਮਾਨਸਰੋਵਰ ਤੇ ਹੰਸ ਹੀਰੇ, ਮੋਤੀ, ਲਾਲ ਚੁਗਦੇ ਹਨ, ਠੀਕ ਉਸੇ ਪ੍ਰਕਾਰ ਗੁਰੂ ਮਾਨਸਰੋਵਰ ਤੋਂ ਗੁਰਮੁਖ ਸਾਧਿਕ ਖਜ਼ਾਨੇ ਰੂਪ, ਨਾਮ ਦੀ ਪ੍ਰਾਪਤੀ ਕਰਦੇ ਹਨ।

### 2.6.8 ਗੁਰੂ : ਬਿਰਖ

ਗੁਰੂ ਇੱਕ ਹਰੇ ਭਰੇ ਅਤੇ ਸੰਘਣੀ ਛਾਂ ਵਾਲੇ ਬਿਰਖ ਦੇ ਸਮਾਨ ਹੈ। ਗੁਰੂ ਰੂਪੀ ਬਿਰਖ ਦੇ ਫਲਾਂ ਦੇ ਭੰਡਾਰ ਵਿਚ ਬੇਅੰਤ ਲਾਲ, ਜਵਾਹਰ ਅਤੇ ਮਾਣਕ ਹਨ। ਗੁਰੂ ਸੋਨੇ ਦੇ ਬਿਰਖ ਸਮਾਨ ਹੈ। ਉਪਦੇਸ਼ ਰੂਪੀ ਲਾਲ, ਜਵਾਹਰ ਇਸ ਦੇ ਫੁੱਲ ਹਨ ਅਤੇ ਸ੍ਰੇਸ਼ਟ ਬਚਨ ਰੂਪੀ ਰਤਨ ਇਸ ਦੇ ਫਲ ਹਨ। ਗੁਰੂ ਨੂੰ ਸੰਤੋਖ ਦਾ ਬਿਰਖ ਵੀ ਕਿਹਾ ਗਿਆ ਹੈ ਜਿਸ ਨਾਲ ਧਰਮ ਰੂਪੀ ਫੁਲ ਅਤੇ ਗਿਆਨ ਰੂਪੀ ਫਲ ਲਗਦੇ ਹਨ। ਪ੍ਰੇਮ ਦੇ ਜਲ ਨਾਲ ਸਿੰਚਣ ਤੇ ਇਹ ਬਿਰਖ ਸਦਾ ਹਰਿਆ-ਭਰਿਆ ਰਹਿੰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਧਿਆਨ ਦੁਆਰਾ ਇਸ ਦਾ ਗਿਆਨ ਰੂਪੀ ਫਲ ਪੱਕਦਾ ਹੈ।

### 2.6.9 ਗੁਰੂ : ਬਰਫ਼ ਦਾ ਘਰ

ਇਸ ਸੜਦੇ ਬਲਦੇ ਸੰਸਾਰ ਲਈ ਗੁਰੂ ਬਰਫ ਦੇ ਘਰ ਦੀ ਨਿਆਈਂ ਹੈ। ਜੋ ਸਭ ਨੂੰ ਸ਼ੀਤਲਤਾ ਪ੍ਰਦਾਨ ਕਰਦਾ ਹੈ ਅਤੇ ਮਾਇਆਮਈ ਅਵਿੱਦਿਆ ਅਤੇ ਅਗਿਆਨ ਨੂੰ ਨਾਸ਼ ਕਰਨ ਵਾਲਾ ਦੀਪਕ ਗੁਰੂ ਹੈ। ਜਿਸ ਜੇ ਧਾਰਣ ਕਰਨ ਨਾਲ ਮਨੁੱਖ ਸੁਖ ਅਥਵਾ ਆਨੰਦ ਦੀ ਪ੍ਰਾਪਤੀ ਕਰਦਾ ਹੈ।

### 2.6.10 ਗੁਰੂ : ਪਾਰਸ

ਪਾਰਸ ਇੱਕ ਅਜਿਹੀ ਵਸਤੂ ਹੈ ਜੋ ਕਿ ਆਪਣੀ ਛੋਹ ਨਾਲ ਲੋਹੇ ਨੂੰ ਵੀ ਸੋਨਾ ਬਣਾ ਦਿੰਦਾ ਹੈ। ਗੁਰੂ ਨੂੰ ਪਾਰਸ ਦੀ ਨਿਆਈਂ ਇਸ ਲਈ ਕਿਹਾ ਗਿਆ ਹੈ ਕਿਉਂਕਿ ਗੁਰੂ ਆਪਣੀ ਛੋਹ ਦੁਆਰਾ ਆਪਣੇ ਸੇਵਕ ਨੂੰ ਕੰਚਨ ਵਰਗਾ ਸ਼ੁੱਧ ਰੂਪ ਪ੍ਰਦਾਨ ਕਰ ਦਿੰਦਾ ਹੈ। ਨਾ ਕੇਵਲ ਪਾਰਸ ਰੂਪੀ ਗੁਰੂ ਲੋਹੇ ਰੂਪੀ ਸੇਵਕ ਨੂੰ ਸੋਨੇ ਵਰਗਾ ਸ਼ੁੱਧ ਰੂਪ ਪ੍ਰਦਾਨ ਕਰਦਾ ਹੈ ਸਗੋਂ ਸੇਵਕ ਨੂੰ ਪਾਰਸ ਸਰੂਪ ਵੀ ਕਰ ਦਿੰਦਾ ਹੈ। ਜਿਸ ਨਾਲ ਸੇਵਕ ਵਿਚ ਪਾਰਸੀ ਗੁਣ ਆ ਜਾਂਦੇ ਹਨ ਅਤੇ ਅਗਾਂਹ ਲੋਹੇ ਰੂਪੀ ਸਾਧਕਾਂ ਨੂੰ ਸੋਨੇ ਦੇ ਰੂਪ ਪ੍ਰਦਾਨ ਕਰਨ ਵਿਚ ਸਮਰੱਥ ਹੋ ਜਾਂਦਾ ਹੈ।

**2.6.11 ਗੁਰੂ : ਮਹਾਵਤ**

ਗੁਰੂ ਨੂੰ ਮਹਾਵਤ ਵੀ ਕਿਹਾ ਗਿਆ ਹੈ ਕਿਉਂਕਿ ਜਿਸ ਤਰ੍ਹਾਂ ਮਹਾਵਤ ਹਾਥੀ ਨੂੰ ਕਾਬੂ ਵਿਚ ਕਰਦਾ ਹੈ, ਠੀਕ ਉਸੇ ਪ੍ਰਕਾਰ ਗੁਰੂ ਮਨ ਰੂਪੀ ਹਾਥੀ ਨੂੰ ਕਾਬੂ ਕਰਦਾ ਹੈ ਅਤੇ ਨਾਮ ਦੇ ਨਾਲ ਜੋੜ ਦਿੰਦਾ ਹੈ।

**2.6.12 ਗੁਰੂ : ਵੈਦ**

ਗੁਰੂ ਤੋਂ ਵੱਡਾ ਕੋਈ ਵੈਦ ਨਹੀਂ ਹੈ। ਜੋ ਪਰਮਾਤਮਾ ਦੇ ਨਾਮ ਦੀ ਵਿਚਾਰ ਕਰਦਾ ਹੈ ਅਤੇ ਹਰੀ ਦੇ ਨਾਮ ਦੀ ਦਵਾਈ ਦੇ ਕੇ ਸੇਵਕਾਂ ਦੇ ਜਨਮ ਜਨਮਾਂਤਰਾਂ ਦੇ ਦੁੱਖ ਦੂਰ ਕਰਦਾ ਹੈ ਅਤੇ ਜੰਮ ਦੀ ਫਾਹੀ ਨੂੰ ਕੱਟ ਦਿੰਦਾ ਹੈ।

**2.6.13 ਗੁਰੂ :ਰਹਿਬਰ**

ਗੁਰੂ ਰਹਿਬਰ ਹੈ ਭਾਵ ਕਿ ਅਗਵਾਈ ਕਰਨ ਵਾਲਾ ਹੈ।ਉਹ ਆਪਣੇ ਸੇਵਕ ਦੀ ਅਗਵਾਈ ਕਰ ਵਿਕਾਰਾਂ ਤੋਂ ਬਚਾ ਕੇ ਉਸ ਨੂੰ ਹਰੀ ਪਰਮਾਤਮਾ ਦੇ ਨਾਲ ਮਿਲਾ ਦਿੰਦਾ ਹੈ।

**2.6.14 ਗੁਰੂ : ਕੁੰਜੀ ਬਰਦਾਰ**

ਗੁਰੂ ਕੁੰਜੀ ਬਰਦਾਰ ਦੀ ਨਿਆਈਂ ਵੀ ਹੈ ਉਹ ਆਪਣੇ ਸੇਵਕ ਦੇ ਮਨ ਦੇ ਦਰਵਾਜ਼ੇ ਦੀ ਕੁੰਡੀ ਨੂੰ ਖੋਲ੍ਹਣ ਵਾਲਾ ਹੈ ਅਰਥਾਤ ਕੇਵਲ ਗੁਰੂ ਹੀ ਸੇਵਕ ਦੇ ਅਗਿਆਨ ਰੂਪੀ ਹਨੇਰੇ ਅਤੇ ਅਵਿਦਿਆ ਦੇ ਕਪਾਟ ਨੂੰ ਖੋਲ੍ਹ ਕੇ ਦੂਰ ਕਰ ਦਿੰਦਾ ਹੈ।

**2.6.15 ਗੁਰੂ : ਪਾਂਧਾ**

ਗੁਰੂ ਪਾਂਧੇ ਦੀ ਨਿਆਈਂ ਆਪਣੇ ਸੇਵਕ ਨੂੰ ਵਿਵਹਾਰਕ ਅਤੇ ਪ੍ਰਮਾਰਥਕ ਵਿੱਦਿਆ ਦੁਆਰਾ ਸਿਆਣਾ ਕਰਦਾ ਹੈ। ਜਿਸ ਨਾਲ ਉਹ ਵਿਕਾਰਾਂ ਨੂੰ ਸਮਝ ਲੈਂਦਾ ਹੈ ਤੇ ਸ਼ੁਭ ਗੁਣ ਧਾਰਨ ਕਰ ਪ੍ਰਭੂ ਪ੍ਰਾਪਤੀ ਕਰਦਾ ਹੈ।

**2.6.16 ਗੁਰੂ : ਸੱਚਾ ਸ਼ਾਹ**

ਗੁਰੂ ਸੱਚੇ ਸ਼ਾਹ ਦੀ ਨਿਆਈਂ ਹੈ ਜੋ ਸੇਵਕ ਨੂੰ ਹਰੀ ਨਾਮ ਰੂਪੀ ਪੂੰਜੀ ਦਿੰਦਾ ਹੈ।

**2.6.17 ਗੁਰੂ : ਸੂਰਬੀਰ**

ਗੁਰੂ ਸੂਰਬੀਰ ਹੈ ਜਿਸ ਵਿਚ ਕਾਇਰਤਾ ਨਹੀਂ। ਉਸ ਨੇ ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕੀਤੀ ਹੋਈ ਹੈ ਜਿਸ ਕਰ ਕੇ ਉਹ ਆਪਣੇ ਸੇਵਕ ਨੂੰ ਗਿਆਨ ਦੇ ਪ੍ਰਕਾਸ਼ ਨਾਲ ਇਨ੍ਹਾਂ ਵਿਕਾਰਾਂ ਨੂੰ ਜਿੱਤਣ ਦੇ ਸਮਰੱਥ ਬਣਾਉਂਦਾ ਹੈ।

**2.6.18 ਗੁਰੂ : ਮਿਲਾਵਣਹਾਰੁ ਵਿਚੋਲਾ**

ਗੁਰੂ ਅਨੇਕਾਂ ਗੁਣਾਂ ਦਾ ਧਾਰਨੀ ਹੈ, ਉਸ ਦਾ ਸਭ ਤੋਂ ਵਿਸ਼ੇਸ਼ ਮਹੱਤਵਪੂਰਨ ਗੁਣ ਇਹ ਹੈ ਕਿ ਉਹ ਸਾਧਿਕ ਨੂੰ ਪ੍ਰਭੂ ਨਾਲ ਮਿਲਾਵਣ-ਹਾਰ ਹੈ, ਜੋੜਣਹਾਰ ਹੈ, ਸਾਧਕ ਅਤੇ ਪ੍ਰਭੂ ਵਿਚਕਾਰ ਵਿਚੋਲਾ ਹੈ।

**2.6.19 ਗੁਰੂ : ਅਗਿਆਨ ਵਿਨਾਸ਼ਕ ਅਤੇ ਗਿਆਨ ਪ੍ਰਦਾਇਕ**

ਗੁਰੂ ਅਗਿਆਨ ਦਾ ਨਾਸ਼ਕ ਅਤੇ ਗਿਆਨ ਦੇਣ ਵਾਲਾ ਹੈ ਜਿਸ ਪ੍ਰਕਾਰ ਦੀਪਕ ਦੇ ਨਾਲ ਹਨੇਰਾ ਗਾਇਬ ਹੋ ਜਾਂਦਾ ਹੈ ਠੀਕ ਇਸੇ ਪ੍ਰਕਾਰ ਗੁਰੂ ਦੇ ਗਿਆਨ ਦੇ ਪ੍ਰਕਾਸ਼ ਨਾਲ ਵਿਕਾਰਾਂ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ-ਗਿਆਨ ਮਨ ਦੀਆਂ ਅਨੁਭਵ ਰੂਪੀ ਅੱਖਾਂ ਲਈ ਇਕ ਅਜਿਹਾ ਅੰਜਨ ਹੈ ਜਿਸ ਨੂੰ ਪਾਉਣ ਨਾਲ ਸਭ ਪਾਸੇ ਪਸਰੀ ਪ੍ਰਭੂ ਦੀ ਸੱਤਾ ਦ੍ਰਿਸ਼ਟੀਗਤ ਹੋ ਜਾਂਦੀ ਹੈ ਅਥਵਾ ਉਸ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

**2.6.20 ਗੁਰੂ : ਭਰਮ-ਨਾਸਕ**

ਅਗਿਆਨ ਵਿਨਾਸ਼ਕ ਦੇ ਨਾਲ ਨਾਲ ਗੁਰੂ ਭਰਮ-ਨਾਸ਼ਕ ਵੀ ਹੈ ਜੋ ਵਹਿਮਾਂ ਭਰਮਾਂ ਤੋਂ ਕੱਢ ਕੇ ਆਪਣੇ ਸੇਵਕ ਨੂੰ ਸੱਚ ਦੇ ਰਾਹ ਤੇ ਤੋਰਦਾ ਹੈ।

### 2.6.21 ਗੁਰੂ : ਮੁਕਤੀਦਾਤਾ

ਅਗਿਆਨ ਅਤੇ ਭਰਮ ਦਾ ਵਿਨਾਸ਼ਕ ਗੁਰੂ ਮੁਕਤੀ ਦਾਤਾ ਹੈ। ਵਾਸਤਵ ਵਿਚ ਸਮਸਤ ਅਗਿਆਨ ਅਤੇ ਭਰਮ ਦਾ ਨਾਸ਼ ਕਰ, ਗਿਆਨ ਦਾ ਪ੍ਰਕਾਸ਼ ਹੀ ਮੁਕਤੀ ਹੈ।

### 2.6.22 ਗੁਰੂ : ਪਾਪ ਅਤੇ ਔਗੁਣ ਨਾਸ਼ਕ

ਗੁਰੂ ਨੂੰ ਪਾਪ ਅਤੇ ਔਗੁਣਾਂ ਦਾ ਵਿਨਾਸ਼ ਕਰਨ ਵਾਲਾ ਕਿਹਾ ਗਿਆ ਹੈ। ਗੁਰੂ ਦੀ ਅਪਾਰ ਕਿਰਪਾ ਸਦਕਾ ਔਗੁਣ ਅਤੇ ਪਾਪ ਮਿਟ ਜਾਂਦੇ ਹਨ।

## 2.7 ਗੁਰੂ ਉਪਦੇਸ਼

ਗੁਰੂ ਦੀ ਦੀਖਿਆ ਸੇਵਕ ਦੀ ਕਾਇਆ ਕਲਪ ਕਰ ਦਿੰਦੀ ਹੈ ਇਸ ਲਈ ਗੁਰੂ ਦੀਖਿਆ ਉੱਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਗੁਰੂ ਦੀਖਿਆ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਗੁਰੂ ਦੀਖਿਆ ਦੀ ਪ੍ਰਾਪਤੀ ਨਾਲ ਸੱਚ ਦੀ ਹੋਣ ਦਾ ਅਨੁਭਵ ਪ੍ਰਾਪਤ ਹੋ ਜਾਂਦਾ ਹੈ। ਜਿਸ ਹਿਰਦੇ ਵਿਚ ਗੁਰੂ ਜੀ ਦੀਖਿਆ ਪ੍ਰਵੇਸ਼ ਕਰ ਜਾਂਦੀ ਹੈ ਉਸ ਨੂੰ ਭਾਗਸ਼ਾਲੀ ਸਮਝਿਆ ਜਾਂਦਾ ਹੈ। ਇਹ ਗੁਰੂ ਦੀਖਿਆ ਹੀ ਸਮਸਤ ਦੁੱਖਾਂ ਕਲੇਸ਼ਾਂ ਦੀ ਨਵਿਰਤੀ ਦਾ ਇੱਕ-ਮਾਤਰ ਸਾਧਨ ਹੈ। ਗੁਰੂ ਦੀਖਿਆ ਤੋਂ ਭਾਵ ਗੁਰੂ ਦਾ ਮੰਤਰ ਅਤੇ ਗੁਰੂ ਦਾ ਉਪਦੇਸ਼ ਅਥਵਾ ਸ਼ਬਦ ਹੈ। ਗੁਰੂ ਮੰਤਰ ਤੋਂ ਭਾਵ ਗੁਰੂ ਦੁਆਰਾ ਦਿੱਤਾ ਹੋਇਆ ਪਰਮਾਤਮਾ ਦਾ ਕੋਈ ਨਾਮ ਹੈ। ਗੁਰੂ ਨਾਨਕ ਇਸੇ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਦਰਸਾਉਂਦੇ ਹਨ।

## 2.8 ਗੁਰੂ ਸੰਸਥਾ

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਪਾਕਿਸਤਾਨ) ਵਿਖੇ ਧਾਰਮਿਕ ਕੇਂਦਰ ਸਥਾਪਿਤ ਕੀਤਾ ਜੋ ਦਰਿਆ ਰਾਵੀ ਦੇ ਕੰਢੇ ਇਕ ਮਹੱਤਵਪੂਰਨ ਸਥਾਨ ਸੀ। ਜਿਥੋਂ ਉਤਰ-ਪੱਛਮੀ ਦੇਸ਼ਾਂ, ਅਫਗਾਨਿਸਤਾਨ, ਇਰਾਨ, ਇਰਾਕ, ਰੂਸ ਅਤੇ ਚੀਨ ਨੂੰ ਜਾਣ ਵਾਲਾ ਵਪਾਰ ਦਾ ਮੁੱਖ ਰਸਤਾ ਹੋਣ ਕਾਰਨ ਵਪਾਰੀ ਇਸ ਸਥਾਨ ਤੇ ਪੜਾਅ ਕਰਦੇ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਵਪਾਰੀ ਗੁਰੂ ਸਾਹਿਬ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕਿ ਉਨ੍ਹਾਂ ਦੇ ਸੇਵਕ ਬਣ ਜਾਂਦੇ ਸਨ ਜਿਵੇਂ ਕਿ ਭਾਈ ਲਹਿਣਾ ਜੀ। ਜਿਸ ਸਮੇਂ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਗੁਰੂ ਥਾਪ ਕੇ ਆਪ ਮੱਥਾ ਟੇਕਿਆ ਤਾਂ ਗੁਰਗੱਦੀ ਦੀ ਪ੍ਰਥਾਂ ਆਰੰਭ ਹੋ ਗਈ। ਸਿੱਖ ਧਰਮ ਵਿਚ ਗੁਰੂ ਸੰਸਥਾ ਦਾ ਮੁਢ ਕਰਤਾਰਪੁਰ ਸਾਹਿਬ ਦੇ ਸਥਾਨ ਤੇ ਬਝਾ। ਇਸ ਸੰਸਥਾ ਦਾ ਸਭ ਤੋਂ ਮਹੱਤਵਪੂਰਣ ਲੱਛਣ ਇਹ ਸੀ ਕਿ ਗੁਰਗੱਦੀ ਦਾ ਹੱਕ ਦੁਨਿਆਵੀ ਵਿਧਾਨ ਅਧੀਨ ਨਹੀਂ ਸੀ ਬਣਦਾ ਬਲਕਿ ਦੈਵੀ ਵਿਧਾਨ ਅਨੁਸਾਰ ਬਣਦਾ ਸੀ। ਗੁਰਿਆਈ ਗੁਰੂ ਵਲੋਂ ਉਸ ਯੋਗ ਅਧਿਕਾਰੀ ਨੂੰ ਪ੍ਰਦਾਨ ਕੀਤੀ ਜਾਂਦੀ ਸੀ ਜਿਸ ਵਿਚ ਗੁਰਿਆਈ ਦੇ ਲੱਛਣ ਲਭਦੇ ਸਨ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਜੋ ਸੰਕਲਪ ਦਿੱਤਾ, ਜੋ ਕਾਰਜ ਆਰੰਭਿਆ ਬਾਕੀ ਗੁਰੂ ਸਾਹਿਬਾਨ ਨੇ ਉਸ ਨੂੰ ਆਪਣੇ ਯੋਗਦਾਨ ਰਾਹੀਂ ਸੰਪੂਰਨ ਕੀਤਾ। ਨਾਨਕ ਨਾਮ ਹੇਠ ਹੀ ਬਾਕੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਚੀ। ਜੋ ਭਾਵਨਾ ਇਸ ਤੱਥ ਵੱਲ ਸੰਕੇਤ ਕਰਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਦਾ ਹੀ ਪ੍ਰਸਾਰ ਕਰਨ ਦਾ ਉਪਰਾਲਾ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਕੀਤਾ।

## 2.9 ਗੁਰੂ-ਚੇਲਾ

ਸਿੱਖ ਧਰਮ ਵਿਚ 'ਆਪੇ ਗੁਰ ਚੇਲਾ' ਦੀ ਧਾਰਣਾ ਵੀ ਵਿਲੱਖਣ ਹੈ ਜਿਸ ਨੂੰ ਭਾਈ ਗੁਰਦਾਸ ਬਿਰਖ ਤੋਂ ਫਲ ਤੇ ਫਲੋਂ ਬਿਰਖ ਦੇ ਉਪਜਣ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਂਦੇ ਹਨ। ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਰੂਪ ਬਣਾ ਆਪਣੇ ਵਿਚ ਅਭੇਦ ਕਰ ਲਿਆ। ਗੁਰੂ ਨਾਨਕ ਦੇਵ ਜੀ ਨੇ ਗੁਰਆਈ ਸੌਪਣ ਤੋਂ ਬਾਅਦ ਆਪ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ। ਇਸੇ ਪ੍ਰਥਾ ਨੂੰ ਅਗਾਹ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਕਾਲ ਵਿਚੋਂ ਵੇਖਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਸਿੰਘ ਸਜਾ ਦਿਤਾ ਫੇਰ ਆਪ ਹੀ ਉਨ੍ਹਾਂ ਪਾਸੋਂ ਅੰਮ੍ਰਿਤ ਦੀ ਦਾਤ ਮੰਗਣਾ ਕੀਤੀ। ਇਸ ਪ੍ਰਕਾਰ ਸਿੱਖ ਧਰਮ ਅੰਦਰ ਗੁਰੂ ਚੇਲੇ ਵਿਚ ਕੋਈ ਭੇਦ ਨਹੀਂ ਹੈ।

## 2.10 ਦਸ ਗੁਰ ਇਕ ਜੋਤਿ

ਸਿੱਖ ਧਰਮ ਵਿਚ ਦਸ ਗੁਰੂ ਸਾਹਿਬਾਨ ਵਿਚ ਇਕ ਅਧਿਆਤਮਿਕ ਸੰਬੰਧ ਵੇਖਣ ਨੂੰ ਮਿਲਦਾ ਹੈ। ਸਮੂਹ ਗੁਰੂ ਸਾਹਿਬਾਨ ਦਾ ਨਾਨਕ ਨਾਮ ਹੇਠ ਬਾਣੀ ਰਚਨਾ 'ਦਸ ਗੁਰੂ ਇਕ ਜੋਤਿ' ਦੇ ਸਿਧਾਂਤ ਦੀ ਪ੍ਰੋੜਤਾ ਕਰਦਾ ਹੈ। ਸਿੱਖ ਮਤ ਵਿਚ ਇਹ ਮਾਨਤਾ ਹੈ ਕਿ ਦਸ ਗੁਰੂ ਸਾਹਿਬਾਨ ਸਰੀਰਿਕ ਤੌਰ ਤੇ ਭਿੰਨ ਸਨ ਪਰ ਅਧਿਆਤਮਿਕ ਤੌਰ ਤੇ ਇਕੋ ਹੀ ਜੋਤਿ ਸਮੂਹ ਗੁਰੂ ਸਾਹਿਬਾਨ ਵਿਚ ਵਿਦਮਾਨ ਸੀ। ਉਹ ਰੋਸ਼ਨੀ ਜੋ ਉਨ੍ਹਾਂ ਰਾਹੀਂ ਪ੍ਰਗਟ ਹੋ ਰਹੀ ਸੀ ਉਹ ਇਕੋ ਸੀ। ਗੁਰੂ ਅਮਰਦਾਸ ਜੀ ਦੇ ਸ਼ਬਦਾਂ ਵਿਚ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ'। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਵਿਚਾਰ ਪ੍ਰਾਪਤ ਹੁੰਦੇ ਹਨ ਕਿ ਇਕੋ ਜੋਤਿ ਗੁਰੂ ਨਾਨਕ ਦੇਵ ਜੀ ਤੋਂ ਅਗਾਂਹ ਤੁਰੀ, ਸਿਰਫ ਦੇਹਾਂ ਵਿਚ ਹੀ ਪਰਿਵਰਤਨ ਆਇਆ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'। ਇਸੇ ਗੱਲ ਨੂੰ ਕਈ ਤਰ੍ਹਾਂ ਨਾਲ ਭੱਟ ਸਾਹਿਬਾਨ ਨੇ ਸਵਈਆਂ ਵਿਚ ਪੇਸ਼ ਕੀਤਾ ਹੈ। ਸਵਈਏ ਮੱਹਲੇ ਪੰਜਵੇਂ ਕੇ ਵਿਚ ਭੱਟ ਮਥੁਰਾ ਪਰਮਾਤਮਾ ਤੋਂ ਗੁਰੂ ਨਾਨਕ ਅਤੇ ਅੱਗੇ ਉਨ੍ਹਾਂ ਤੋਂ ਬਾਕੀ ਗੁਰੂ ਸਾਹਿਬਾਨ ਨੂੰ ਪ੍ਰਗਟ ਹੋਏ ਮੰਨਦਾ ਹੋਇਆ ਕਹਿੰਦਾ ਹੈ:

> ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
> ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
> ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
> ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
> ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
> ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ (ਪੰਨਾ 1408)

ਭਾਵ ਗੁਰਿਆਈ ਦੀ ਜੋਤਿ ਗੁਰੂ ਨਾਨਕ ਸਾਹਿਬ ਵਿਚ ਪਰਮਾਤਮਾ ਤੋਂ ਆਈ ਤੇ ਅਗਲੇਰੇ ਗੁਰੂਆਂ ਵਿਚ ਗੁਰੂ ਨਾਨਕ ਤੋਂ। ਇਸ ਨੂੰ ਗੁਰਮਤ ਵਿਚ 'ਦੀਪਕ ਤੋਂ ਦੀਪਕ ਜਗਾਉਣ' ਦੀ ਉਪਮਾ ਨਾਲ ਸਮਝਾਇਆ ਗਿਆ ਹੈ, ਭਾਵ ਨਵਾਂ ਦੀਪਕ ਜਗਣ ਨਾਲ ਪਹਿਲੇ ਦੀ ਜੋਤਿ ਸਮਾਪਤ ਨਹੀਂ ਹੋ ਜਾਂਦੀ ਸਗੋਂ ਉਨ੍ਹਾਂ ਵਿਚ ਸਾਂਝ ਬਣੀ ਰਹਿੰਦੀ ਹੈ।

## 2.11 ਸਾਰ

ਸਾਰ ਰੂਪ ਵਿਚ ਕਹਿਆ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਗੁਰੂ ਦਾ ਸਥਾਨ ਦੂਸਰੇ ਧਰਮਾਂ ਨਾਲੋਂ ਵਖਰਾ ਨਜਰ ਆਉਂਦਾ ਹੈ। ਗੁਰਮਤਿ ਅਨੁਸਾਰ ਗੁਰੂ ਗਿਆਨ ਦਾ ਦਾਤਾ ਹੈ, ਇਸ ਸੰਸਾਰ ਭਵਸਾਗਰ ਤੋਂ ਪਾਰ ਲੈ ਜਾਣ ਵਾਲਾ ਹੈ। ਸਿੱਖ ਧਰਮ ਅੰਦਰ ਗੁਰੂ ਆਪਣੇ ਉਰਾਧਿਕਾਰੀ ਨੂੰ ਆਪਣਾ ਹੀ ਰੂਪ ਕਰ ਲੈਂਦਾ ਹੈ ਗੁਰੂ ਤੇ ਚੇਲੇ ਵਿਚ ਰੰਚਕ ਮਾਤਰ ਵੀ ਭੇਦ ਨਹੀਂ ਹੈ। ਦਸ ਗੁਰੂ ਸਾਹਿਬਾਨ ਵਿਚ ਇਕ ਜੋਤਿ ਦਾ ਹੀ ਪਸਾਰਾ ਹੈ। ਗੁਰਬਾਣੀ ਵਿਚ ਵਾਰ-ਵਾਰ ਸੱਚੇ ਗੁਰੂ ਦੀ ਮਹੱਤਤਾ ਉਤੇ ਜੋਰ ਦਿਤਾ ਗਿਆ ਹੈ।

## 2.12 ਸਹਾਇਕ ਪੁਸਤਕਾਂ


1. ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
2. ਜੋਧ ਸਿੰਘ ਭਾਈ, (ਡਾ.) ਗੁਰਮਤਿ ਨਿਰਣਯ, ਅਕਾਦਮੀ ਪ੍ਰੈਸ, ਲੁਧਿਆਣਾ।
3. ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਦਿਲਵਰ ਸਿੰਘ, ਗੁਰਬਾਣੀ ਜੀਵਨ ਦ੍ਰਿਸ਼ਟੀਕੋਣ ਅਰਥ ਅਤੇ ਮਹੱਤਵ, ਗੁਰਮਤਿ ਕਾਲਜ, ਪਟਿਆਲਾ।
5. (ਸੰਪਾ.) ਨਰਿੰਦਰ ਕੌਰ ਭਾਟੀਆ, ਜਸਵਿੰਦਰ ਕੌਰ ਢਿੱਲੋਂ, ਪ੍ਰਮੁੱਖ ਸਿੱਖ ਸੰਸਥਾਵਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
6. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।
7. ਮਨਮੋਹਨ ਸਿੰਘ, ਧਰਮ ਦਾ ਵਿਕਾਸ ਅਤੇ ਗੁਰਮਤਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. ਰਤਨ ਸਿੰਘ ਜੱਗੀ (ਡਾ.), ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**One Year Diploma in Sikh Theology**

**Paper-III: Theological Study of Sikh Institution**

---

**Unit 3 - Sangat**

---

## ਪਾਠ ਦੀ ਰੂਪ-ਰੇਖਾ


**3.1 ਜਾਣ ਪਛਾਣ**

**3.2 ਸੰਗਤ ਸ਼ਬਦ ਦਾ ਅਰਥ ਅਤੇ ਪਰਿਭਾਸ਼ਾ**

**3.3 ਸਿੱਖ ਧਰਮ ਵਿੱਚ ਸੰਗਤ ਦੀ ਜ਼ਰੂਰਤ ਦੇ ਕਾਰਨ**

**3.4 ਸੰਗਤ ਸੰਸਥਾ ਦਾ ਆਰੰਭ ਅਤੇ ਇਤਿਹਾਸਕ ਵਿਕਾਸ**

**3.5 ਸੰਗਤ ਸੰਸਥਾ ਦਾ ਸਿਧਾਂਤਕ ਪੱਖ**

**3.6 ਸੰਗਤ ਦੀਆਂ ਮੁੱਖ ਪ੍ਰਵਿਰਤੀਆਂ ਅਤੇ ਸਰੂਪ ਦੇ ਵਿਭਿੰਨ ਪੱਖ**

**3.7 ਸਿੱਟਾ**

**3.8 ਪੜ੍ਹਣਯੋਗ ਪੁਸਤਕਾਂ**

### 3.1 ਜਾਣ ਪਛਾਣ

ਸਿੱਖ ਪੰਥ ਦੇ ਵਿੱਚ ਗੁਰੂ ਸਾਹਿਬਾਨ ਦੁਆਰਾ ਸਿਰਜਤ ਅਨੇਕਾਂ ਸੰਸਥਾਵਾਂ ਹਨ ਜਿਨ੍ਹਾਂ ਨੇ ਸਿੱਖ ਧਰਮ ਨੂੰ ਸੁਚੱਜੇ ਢੰਗ ਨਾਲ ਵਿਵਸਥਿਤ ਕਰਨ ਵਿੱਚ ਇਕ ਅਹਿਮ ਰੋਲ ਅਦਾ ਕੀਤਾ ਹੈ। ਇਹ ਸੰਸਥਾਵਾਂ ਵਰਤਮਾਨ ਸਮੇਂ ਤੱਕ ਸਿੱਖ ਸੰਗਤਾਂ ਦੇ ਚੇਤਿਆਂ ਦਾ ਭਾਗ ਬਣੀਆਂ ਹੋਈਆਂ ਹਨ। ਸਿੱਖ ਜਗਤ ਇਨ੍ਹਾਂ ਸੰਸਥਾਵਾਂ ਨੂੰ ਗੁਰੂਆਂ ਵੱਲੋਂ ਵਿਰਸੇ ਵਿੱਚ ਮਿਲੀਆਂ ਹੋਈਆਂ ਦਾਤਾਂ ਵਾਂਗ ਇਨ੍ਹਾਂ ਦਾ ਪਾਲਣ ਕਰ ਰਿਹਾ ਹੈ। ਇਨ੍ਹਾਂ ਸੰਪੂਰਨ ਸੰਸਥਾਵਾਂ ਵਿੱਚੋਂ ਗੁਰੂਆਂ ਦੁਆਰਾ ਹੋਂਦ ਵਿੱਚ ਲਿਆਂਦੀ ਸੰਗਤ ਸੰਸਥਾ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। ਸੰਗਤ ਦਾ ਸੰਕਲਪ ਆਪਣੇ ਆਪ ਦੇ ਵਿੱਚ ਇੱਕ ਮਹਾਨ ਸੰਕਲਪ ਹੈ। ਸੰਗਤ ਦਾ ਸੰਬੰਧ ਮਨੁੱਖੀ ਜੀਵਨ ਨਾਲ ਸੰਬੰਧਿਤ ਹੈ। ਪ੍ਰਚੱਲਿਤ ਕਹਾਵਤ 'ਜੈਸੀ ਸੰਗਤ ਵੈਸੀ ਰੰਗਤ' ਦੇ ਅਨੁਸਾਰ ਜਿਸ ਤਰ੍ਹਾਂ ਦੀ ਕਿਸੇ ਦੀ ਸੰਗਤ ਹੋਵੇਗੀ ਉਸੇ ਤਰ੍ਹਾਂ ਦਾ ਹੀ ਮਨੁੱਖ ਦਾ ਸੁਭਾਅ ਬਣ ਜਾਵੇਗਾ। ਇਸ ਲਈ ਗੁਰੂ ਸਾਹਿਬਾਨ ਨੇ ਰੱਬੀ ਪਿਆਰ ਨਾਲ ਜੁੜੇ ਮਨੁੱਖਾਂ ਦੀ ਸੰਗਤ ਕਰਨ ਨੂੰ ਇਕ ਸਿੱਖ ਦੀ ਜ਼ਿੰਦਗੀ ਦੇ ਜ਼ਰੂਰੀ ਅੰਗ ਵਜੋਂ ਵਿਕਸਿਤ ਕੀਤਾ ਹੈ। ਪ੍ਰਸਤੁੱਤ ਵਿਸ਼ੇ ਦਾ ਸੰਬੰਧ ਸਿੱਖ ਧਰਮ ਵਿੱਚ ਪ੍ਰਗਟ ਹੋਣ ਵਾਲੇ ਸੰਗਤ ਦੇ ਵਿਭਿੰਨ ਪੱਖਾਂ ਨਾਲ ਹੈ।

### 3.2 ਸੰਗਤ ਸ਼ਬਦ ਦਾ ਅਰਥ ਅਤੇ ਪਰਿਭਾਸ਼ਾ

ਜੇਕਰ ਅਸੀਂ ਸੰਗਤ ਦੇ ਅਰਥਾਂ ਦੀ ਗੱਲ ਕਰੀਏ ਤਾਂ ਆਮ ਭਾਸ਼ਾ ਵਿੱਚ ਇਸ ਦਾ ਅਰਥ ਹੈ 'ਇਕੋ ਵਿਚਾਰਧਾਰਾ ਵਾਲੇ ਮਨੁੱਖਾਂ ਦਾ ਇਕੱਠ।' ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗਤ ਸ਼ਬਦ ਨੂੰ ਸਿੱਖੀ ਨਾਲ ਸੰਬੰਧਿਤ ਕਰਦੇ ਹੋਏ ਇਸ ਦੇ ਅਰਥ ਕੀਤੇ ਹਨ- 'ਸਭਾ, ਮਜਲਿਸ, ਗੁਰਸਿੱਖਾਂ ਦੇ ਜਮ੍ਹਾਂ ਹੋਣ ਦੀ ਥਾਂ।' ਆਮ ਸ਼ਾਬਦਿਕ ਅਰਥਾਂ ਵਿੱਚ ਸੰਗਤ ਚੰਗੇ ਮਨੁੱਖਾਂ ਦੀ ਵੀ ਹੋ ਸਕਦੀ ਹੈ ਤੇ ਮੰਦੇ ਸੁਭਾਅ ਵਾਲਿਆਂ ਦੀ ਵੀ। ਗੁਰੂ ਸਾਹਿਬਾਨ ਨੇ ਸਿੱਖ ਨੂੰ ਮਾੜੇ ਮਨੁੱਖਾਂ ਦੀ ਸੰਗਤ ਤਿਆਗ ਕੇ ਭਲੇ ਮਨੁੱਖਾਂ ਦੀ ਸੰਗਤ ਕਰਨ ਦਾ ਸੰਦੇਸ਼ ਪ੍ਰਦਾਨ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਸਤਿਸੰਗਤ ਸੰਬੰਧੀ ਲਿਖਦੇ ਹਨ- ਸਤਿਸੰਗਤ ਤੋਂ ਭਾਵ ਹੈ 'ਸੱਚਾ, ਸ੍ਰੇਸ਼ਠ ਜਾਂ ਉਤਮ ਸਾਥ। ਇਹ ਸਾਥ ਚੂੰਕਿ ਚੰਗੇ ਜਾਂ ਭਲੇ ਪੁਰਸ਼ਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਗੁਰਬਾਣੀ ਵਿਚ ਸਤਿ-ਸੰਗਤਿ ਦਾ ਭਾਵ-ਬੋਧ ਸਤਸੰਗ, ਸਾਧ-ਸੰਗਤਿ, ਸਾਧ-ਸੰਗ, ਹਰਿ-ਜਨ-ਸੰਗਤ ਆਦਿ ਸ਼ਬਦ ਵਰਤ ਕੇ ਵੀ ਕਰਵਾਇਆ ਜਾਂਦਾ ਹੈ। ਸਤਿ-ਸੰਗਤਿ ਜਾਂ ਸਾਧ-ਸੰਗਤਿ ਦਾ ਪਹਿਲਾ ਰੂਪ

ਬੋਧ-ਮਤ ਦੀ ਸੰਘ-ਪਰੰਪਰਾ ਵਿੱਚ ਮਿਲ ਜਾਂਦਾ ਹੈ, ਪਰ ਇਸ ਦਾ ਵਾਸਤਵਿਕ ਅਤੇ ਸਹੀ ਵਿਕਾਸ ਮੱਧ-ਯੁਗ ਦੇ ਸੰਤਾਂ, ਭਗਤਾਂ ਦੀ ਸਾਧਨਾ ਜਾਂ ਬਾਣੀ ਵਿਚ ਹੋਇਆ ਹੈ। ਸਤਿ-ਸੰਗਤਿ ਤੋਂ ਪ੍ਰਾਪਤ ਹੋਣ ਵਾਲੇ ਲਾਭ ਇਤਨੇ ਅਧਿਕ ਹਨ ਕਿ ਹਰ ਇਕ ਮਹਾਪੁਰਸ਼ ਨੇ ਇਸ ਦੀ ਉਸਤਤ ਹੀ ਨਹੀਂ ਕੀਤੀ ਪ੍ਰਾਪਤੀ ਲਈ ਉਤਸੁਕਤਾ ਵੀ ਵਖਾਈ ਹੈ।'

ਗੁਰਬਾਣੀ ਦੀ ਰੌਸ਼ਨੀ ਵਿੱਚ ਅਜਿਹੀ ਥਾਂ ਨੂੰ ਸੰਗਤ ਕਿਹਾ ਜਾ ਸਕਦਾ ਹੈੈ ਜਿੱਥੇ ਬੈਠ ਕੇ ਸੱਚ ਦੀ ਵਿਚਾਰ ਹੋਵੇ ਅਤੇ ਇਕ ਪਰਮਾਤਮਾ ਦੀ ਗੱਲ ਹੋਵੇ-

ਸਤਸੰਗਤਿ ਕੈਸੀ ਜਾਣੀਐ॥ਜਿਥੈ ਏਕੋ ਨਾਮੁ ਵਖਾਣੀਐ॥

ਉਪਰੋਕਤ ਪੰਕਤੀਆਂ ਦੇ ਵਿੱਚ ਗੁਰੂ ਸਾਹਿਬ ਪਹਿਲਾਂ ਸਵਾਲ ਰੂਪ ਦੇ ਵਿੱਚ ਸੰਬੋਧਨ ਕਰਦੇ ਹਨ ਕਿ ਸਤਿਸੰਗਤ ਕਿਹੋ ਜਿਹੀ ਹੋਵੇ, ਨਾਲ ਹੀ ਅੱਗੇ ਗੁਰੂ ਜੀ ਉੱਤਰ ਦਿੰਦੇ ਹਨ ਕਿ ਜਿੱਥੇ ਇੱਕੋ ਦੇ ਨਾਮ ਦੀ ਵਿਚਾਰ ਹੁੰਦੀ ਹੋਵੇ, ਜਿੱਥੇ ਸਤਿ ਦੀ ਭਾਵ ਕਿ ਸੱਚ ਦੀ ਵਿਚਾਰ ਹੁੰਦੀ ਹੋਵੇ, ਉਹ ਸਤਿਸੰਗਤ ਹੈ। ਇਹ ਗੁਰੂ ਦੀ ਹੀ ਬਖ਼ਸ਼ਿਸ਼ ਹੈ ਕਿ ਗੁਰੂ ਜੀ ਨੇ ਸਿੱਖ ਜਗਤ ਵਿੱਚ ਸੰਗਤ ਦੇ ਸਰੂਪ ਨੂੰ ਸਤਿਸੰਗਤ, ਸਾਧਸੰਗਤ ਬਣਾ ਦਿੱਤਾ। ਮਨੁੱਖਤਾ ਨੂੰ ਬਹੁਤ ਮਹੱਤਵਪੂਰਨ ਇੱਕ ਰੁਤਬਾ ਪ੍ਰਦਾਨ ਕਰ ਦਿੱਤਾ ਜਿਸ ਬਾਰੇ ਪ੍ਰੋ: ਪੂਰਨ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ- 'ਇਸ ਨਵੇਂ ਧਰਮ ਨੇ ਮਨੁੱਖ ਨੂੰ ਸਾਧ ਸੰਗਤ ਬਣਾ ਦਿੱਤਾ। ਸਭ ਨੇ ਹਰੇਕ ਦੇ ਹਿਰਦੇ ਵਿੱਚ ਗੁਰੂ ਨੂੰ ਬਿਰਾਜਮਾਨ ਵੇਖਿਆ। ਮਨੁੱਖ ਅਲੋਪ ਹੋ ਗਏ, ਪਰ ਗੁਰੂ ਦੀ ਦਿਬ-ਮੂਰਤੀ ਦੀ ਚਮਕ ਸਿੱਖਾਂ ਦੇ ਨੈਣਾਂ ਵਿੱਚ ਵੱਸ ਗਈ। ਇਸ ਤਰ੍ਹਾਂ ਗੁਰੂ ਨਾਲ ਜੁੜੇ ਸਿੱਖ ਵੀਰਾਂ ਤੇ ਭੈਣਾਂ ਦੀ ਮਿਲਣੀ ਗੁਰੂ ਜੀ ਦੇ ਧਰਤੀ ਤੇ ਸਾਜੇ ਦੇਵਤਿਆਂ ਦਾ ਜੋੜ ਮੇਲਾ ਸੀ। ਗੁਰੂ ਅਤੇ ਸਿੱਖ ਇੱਕ ਰੂਪ ਹੋ ਗਏ ਅਤੇ ਅਨੰਤ ਕੁਦਰਤ ਤੇ ਮਾਨਵਤਾ ਵਿੱਚ ਵਿਅਕਤੀ ਦਾ ਮਿਲ ਜਾਣਾ ਸਭ ਦਾ ਇੱਕ ਰੂਪ ਅਤੇ ਇਕੋ ਦਾ ਹਰੇਕ ਵਿੱਚ ਵਿਚਰਨਾ, ਗੁਰੂ ਦੀ ਸਾਧ ਸੰਗਤ ਦੀ ਨਿਸ਼ਾਨੀ ਹੈ।'

ਪ੍ਰੋ: ਪੂਰਨ ਸਿੰਘ ਦੇ ਇਸ ਵਿਚਾਰ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਤਿਸੰਗਤ ਅਧਿਆਤਮਿਕ ਮੰਜ਼ਿਲ ਨੂੰ ਪ੍ਰਾਪਤ ਕਰਨ ਦਾ ਇੱਕ ਅਹਿਮ ਹਿੱਸਾ ਹੈ। ਗੁਰੂ ਸਾਹਿਬ ਜੀ ਵੀ ਸਤਿਸੰਗਤ ਨੂੰ ਇੱਕ ਪਾਠਸ਼ਾਲਾ ਦੇ ਰੂਪ ਵਿੱਚ ਬਿਆਨ ਕਰਦੇ ਹਨ ਜਿੱਥੋਂ ਕਿ ਪਰਮਾਤਮਾ ਦੇ ਗੁਣਾਂ ਬਾਰੇ ਸਿੱਖਿਆ ਮਿਲਦੀ ਹੈ-

ਸਤ ਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥

### 3.3 ਸਿੱਖ ਧਰਮ ਵਿੱਚ ਸੰਗਤ ਦੀ ਜ਼ਰੂਰਤ ਦੇ ਕਾਰਨ

ਸਿੱਖ ਧਰਮ ਦੇ ਜਨਮ ਸਮੇਂ ਮਨੁੱਖੀ ਸਮਾਜ ਧਾਰਮਿਕ ਅਤੇ ਸਮਜਿਕ ਤੌਰ ’ਤੇ ਅਨੇਕਾਂ ਤਰ੍ਹਾਂ ਦੇ ਵਿਤਕਰਿਆਂ ਅਤੇ ਨਿੱਜੀ ਸਵਾਰਥ ਵਾਲੀ ਭਾਵਨਾ ਦਾ ਸ਼ਿਕਾਰ ਸੀ। ਸਮਾਜਿਕ ਤੌਰ ’ਤੇ ਜਾਤ-ਪਾਤ ਅਤੇ ਰੁਤਬਿਆਂ ਪੱਖੋਂ ਊਚ-ਨੀਚ ਵਾਲੀ ਸਥਿਤੀ ਕਾਰਨ ਮਨੁੱਖੀ ਏਕਤਾ ਸੰਭਵ ਨਹੀਂ ਸੀ।ਪਰਮਾਤਮਾ ਦੀ ਬੰਦਗੀ ਜੰਗਲਾਂ ਪਹਾੜਾਂ ਜਾਂ ਇਕੱਲੇ ਰਹਿ ਕੇ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਅਧੋਗਤੀ ਨੂੰ ਦੂਰ ਕਰਨ ਲਈ ਸੰਗਤ ਸੰਸਥਾ ਦਾ ਆਰੰਭ ਕੀਤਾ ਤਾਂ ਕਿ ਮਨੁੱਖ ਬਿਨ੍ਹਾਂ ਵਿਤਕਰਿਆਂ ਦੇ ਇਕੱਠੇ ਹੋ ਕੇ ਪਰਮਾਤਮਾ ਦੀ ਬੰਦਗੀ ਕਰ ਸਕਣ। ਸਮਾਜਿਕ ਏਕਤਾ ਬਣਾਈ ਰੱਖਣ ਅਤੇ ਧਾਰਮਿਕ ਪੱਖ ਤੋਂ ਨਿੱਜੀ ਸਵਾਰਥ ਖਤਮ ਕਰਨ ਲਈ ਅਜਿਹਾ ਕਦਮ ਬਹੁਤ ਜ਼ਰੂਰੀ ਸੀ। ਸੰਗਤ ਵਿੱਚ ਜਾਣ ਨਾਲ ਜਿੱਥੇ ਮਨ ਦੇ ਵਿਕਾਰ ਦੂਰ ਹੁੰਦੇ ਹਨ ਉੱਥੇ ਮਨੁੱਖਾਂ ਦੀਆਂ ਆਪਸੀ ਦੂਰੀਆਂ ਖਤਮ ਹੋ ਕੇ ਇਕ ਦੂਜੇ ਨੂੰ ਸਹਿਯੋਗ ਪ੍ਰਦਾਨ ਕਰਨ ਦੀ ਭਾਵਨਾ ਨਾਲ ਚੰਗੇ ਸਮਾਜ ਦੀ ਸਿਰਜਣਾ ਹੁੰਦੀ ਹੈ। ਇਸ ਪ੍ਰਕਾਰ ਸੰਗਤ ਨਾਲ ਮਨੁੱਖ ਦਾ ਅਧਿਆਤਮਿਕ ਅਤੇ ਸਮਾਜਿਕ ਵਿਕਾਸ ਹੋਣ ਨਾਲ ਉਸ ਦੇ ਲੋਕ ਅਤੇ ਪਰਲੋਕ ਦੋਵੇਂ ਹੀ ਸੰਵਰ ਜਾਂਦੇ ਹਨ।

### 3.4 ਸੰਗਤ ਸੰਸਥਾ ਦਾ ਆਰੰਭ ਅਤੇ ਇਤਿਹਾਸਕ ਵਿਕਾਸ

ਸੰਗਤ ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਪ੍ਰਚਾਰ ਦੇ ਦੌਰਾਨ ਜਿੱਥੇ-ਜਿੱਥੇ ਵੀ ਜਾਂਦੇ, ਉੱਥੇ ਹੀ ਸੰਗਤ ਨੂੰ ਸਥਾਪਿਤ ਕਰਦੇ। ਸੰਗਤ ਨੂੰ ਸਥਾਪਿਤ ਕਰਕੇ ਪਰਮਾਤਮਾ ਦੇ ਗੁਣ ਕੀਰਤਨ ਦੇ ਰੂਪ ਵਿੱਚ ਗਾਇਨ ਕਰਦੇ। ਸਿੱਖ ਇਤਿਹਾਸ ਦੇ ਵਿੱਚ ਗੁਰੂ ਨਾਨਕ ਦੇਵ ਜੀ ਦਾ ਵੇਈਂ ਨਦੀ ਪ੍ਰਵੇਸ਼ ਤੋਂ ਵਾਪਸ ਆਉਣ ਤੋਂ ਬਾਅਦ ਸਿੱਖ ਪੰਥ ਦੇ ਵਿਕਾਸ ਦੇ ਦੌਰ ਦਾ ਆਰੰਭ ਮੰਨਿਆ ਜਾਂਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ਮੋਦੀਖਾਨੇ ਦੇ ਵਿੱਚ ਨੌਕਰੀ ਕਰਦੇ ਸਨ। ਉੱਥੇ ਵੀ ਗੁਰੂ ਨਾਨਕ ਪਾਤਸ਼ਾਹ ਵੇਈਂ ਪ੍ਰਵੇਸ਼ ਤੋਂ ਪਹਿਲਾਂ ਵੀ ਸੰਗਤੀ ਰੂਪ ਦੇ ਵਿੱਚ ਬੈਠ ਕੇ ਭਜਨ ਬੰਦਗੀ ਕਰਿਆ ਕਰਦੇ ਸਨ। ਇਸ ਤੋਂ ਉਪਰੰਤ ਗੁਰੂ ਸਾਹਿਬ ਜੀ ਪ੍ਰਚਾਰ ਦੇ ਦੌਰਾਨ ਜਿੱਥੇ ਵੀ ਜਾਂਦੇ ਸੰਗਤੀ ਰੂਪ ਦੇ ਵਿੱਚ ਹੀ ਗੁਰ ਉਪਦੇਸ਼ ਪ੍ਰਦਾਨ ਕਰਦੇ। ਇਤਿਹਾਸ ਵਿੱਚ ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਕੀਤੀਆਂ ਅਨੇਕਾਂ ਸੰਗਤਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਇਨ੍ਹਾਂ ਸੰਗਤਾਂ ਦੇ ਮੁਖ ਆਗੂਆਂ ਦੇ ਨਾਮ ਇਸ ਤਰ੍ਹਾਂ ਹਨ: ਉਤਰੀ ਪੰਜਾਬ ਵਿਚ ਭਾਈ ਲਾਲੋ, ਦੱਖਣ-ਪੱਛਮੀ ਪੰਜਾਬ ਵਿਚ ਸ਼ੇਖ ਸਜਣ, ਬਨਾਰਸ ਵਿਚ ਗੋਪਾਲਦਾਸ,

ਬੁਸ਼ਾਲ ਵਿਚ ਝੰਡਾ ਬਾਢੀ, ਜਗਨਨਾਥ ਪੁਰੀ ਵਿਚ ਕਲਯੁਗ, ਲੁਸ਼ਾਈ (ਤਿੱਬਤ) ਵਿਚ ਦੇਵਲੂਤ, ਪਟਨਾ ਵਿਚ ਸਲੀਮ ਰਾਏ, ਲੰਕਾਂ ਵਿਚ ਰਾਜਾ ਸ਼ਿਵ ਨਾਭਾ ਆਦਿ। ਇਨ੍ਹਾਂ ਸੰਗਤਾਂ ਦੇ ਸੰਚਾਲਕ ਨੂੰ ਭਾਈ ਜੀ ਅਤੇ ਅਨੁਯਾਈਆਂ ਨੂੰ ਸਿੱਖ ਕਿਹਾ ਜਾਂਦਾ ਸੀ। ਇਨ੍ਹਾਂ ਸੰਗਤਾਂ ਦੇ ਸੰਚਾਲਕ ਭਾਈ ਜੀ ਸੰਗਤਾਂ ਨੂੰ ਰੋਜ਼ਾਨਾ ਧਾਰਮਿਕ, ਸਮਾਜਿਕ ਅਤੇ ਅਧਿਆਤਮਿਕ ਵਿਸ਼ਿਆਂ ਤੋਂ ਜਾਣੂ ਕਰਵਾਉਂਦੇ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਨਿਵਾਸ ਦੌਰਾਨ ਹਰ ਰੋਜ਼ ਇਕ ਵਿਸ਼ੇਸ਼ ਮਰਯਾਦਾ ਨਾਲ ਸੰਗਤ ਜੁੜਦੀ ਜਿੱਥੇ ਅੰਮ੍ਰਿਤ ਵੇਲੇ ਤੋਂ ਲੈ ਕੇ ਸੰਧਿਆ ਵੇਲੇ ਤੱਕ ਗੁਰਬਾਣੀ ਦਾ ਜਾਪ ਅਤੇ ਗੁਰਮਤਿ ਵਿਚਾਰਾਂ ਹੁੰਦੀਆਂ। ਗੁਰੂ ਨਾਨਕ ਸਾਹਿਬ ਨੇ ਆਪਣੇ ਧਾਰਮਿਕ ਦਰਸ਼ਨ ਦੇ ਦੋ ਸਭ ਤੋਂ ਜ਼ਰੂਰੀ ਸਿਧਾਂਤ ਗੁਰਬਾਣੀ ਅਤੇ ਸੰਗਤ ਹੀ ਮੰਨੇ ਹਨ। ਜਦ ਅਚਲ ਵਟਾਲੇ ਵਿੱਚ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ ਤਾਂ ਜੋਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਣ ਲਈ ਕਿਹਾ ਤਾਂ ਗੁਰੂ ਜੀ ਨੇ ਉਤਰ ਦਿੱਤਾ ਕਿ ਸਾਡੇ ਪਾਸ ਕੇਵਲ ਹੋ ਹੀ ਕਰਾਮਾਤਾਂ ਹਨ, ਇਕ ਗੁਰਬਾਣੀ ਅਤੇ ਦੂਜੀ ਸੰਗਤ। ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿੱਚ ਜੁੜਣ ਵਾਲੀ ਸੰਗਤ ਨੂੰ ਸਿੱਖ ਧਰਮ ਦੀ ਸੰਗਤ ਦਾ ਆਦਰਸ਼ਕ ਨਮੂਨਾ ਕਿਹਾ ਜਾ ਸਕਦਾ ਹੈ।

ਗੁਰੂ ਅੰਗਦ ਦੇਵ ਜੀ ਨੇ ਵੀ ਗੁਰੂ ਨਾਨਕ ਸਾਹਿਬ ਦੁਆਰਾ ਆਰੰਭ ਕੀਤੀ ਸੰਗਤ ਸੰਸਥਾ ਨੂੰ ਸੁਚਾਰੂ ਢੰਗ ਨਾਲ ਨਿਰੰਤਰਤਾ ਪ੍ਰਦਾਨ ਕੀਤੀ। ਉਨ੍ਹਾਂ ਦੇ ਗੁਰੂ ਕਾਲ ਦੌਰਾਨ ਖਡੂਰ ਸਾਹਿਬ ਵਿਖੇ ਦੂਰ-ਦੂਰ ਦੇ ਇਲਾਕੇ ਦੀਆਂ ਸੰਗਤਾਂ ਜੁੜ ਕੇ ਸਿੱਖੀ ਦੀ ਸੇਧ ਪ੍ਰਾਪਤ ਕਰਦੀਆਂ ਰਹੀਆਂ।

ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਸਮੇਂ ਤਾਂ ਸਿੱਖ ਸੰਗਤ ਦੀ ਗਿਣਤੀ ਕਾਫ਼ੀ ਹੱਦ ਤੱਕ ਵੱਧ ਚੁੱਕੀ ਸੀ। ਦੂਰ-ਦੂਰ ਤੱਕ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੀ। ਦੂਰ ਦੀ ਸੰਗਤ ਦਾ ਗੁਰੂ ਜੀ ਕੋਲ ਆਉਣਾ ਔਖਾ ਸੀ। ਇਸ ਗੱਲ ਤੋਂ ਗੁਰੂ ਜੀ ਭਲੀ-ਭਾਂਤ ਜਾਣੂੰ ਸਨ ਇਸੇ ਕਾਰਨ ਸੰਗਤ ਸੰਸਥਾ ਦਾ ਹੋਰ ਵਿਕਾਸ ਕਰਨ ਦੇ ਲਈ ਗੁਰੂ ਜੀ ਨੇ ਮੰਜੀ ਪ੍ਰਥਾ ਦਾ ਆਰੰਭ ਕੀਤਾ। ਬਾਈ ਮੰਜੀਦਾਰ ਨਿਯੁਕਤ ਕੀਤੇ ਜਿਹੜੇ ਕਿ ਸੰਗਤ ਨੂੰ ਗੁਰੂ ਸਾਹਿਬ ਜੀ ਦਾ ਉਪਦੇਸ਼ ਪ੍ਰਦਾਨ ਕਰਦੇ ਸਨ। ਗੁਰੂ ਰਾਮਦਾਸ ਪਾਤਸ਼ਾਹ ਨੇ ਵੀ ਸੰਗਤ ਸੰਸਥਾ ਦਾ ਹੋਰ ਵਿਕਾਸ ਕਰਨ ਦੇ ਲਈ ਮਸੰਦ ਪ੍ਰਥਾ ਦਾ ਆਰੰਭ ਕਰ ਦਿੱਤਾ। ਮਸੰਦਾਂ ਦਾ ਵੀ ਇਹੀ ਕਾਰਜ ਸੀ ਕਿ ਸੰਗਤਾਂ ਦੇ ਵਿੱਚ ਗੁਰੂ ਦਾ ਪ੍ਰਚਾਰ ਕਰਦੇ ਸਨ ਤੇ ਮਾਇਆ, ਰਸਦ ਆਦਿਕ ਇਕੱਠੀ ਕਰਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਸੰਗਤਾਂ ਨੂੰ ਸੰਗਠਿਤ ਕਰਨ ਦਾ ਕਾਰਜ ਮਸੰਦਾਂ ਕੋਲ ਸੀ। ਮਸੰਦ, ਗੁਰੂ ਅਤੇ

ਸੰਗਤਾਂ ਵਿਚਕਾਰ ਸੰਪਰਕ ਕਰਵਾਉਣ ਦਾ ਕੰਮ ਕਰਦੇ ਅਤੇ ਸੰਗਤ ਦੀਆਂ ਭੇਟਾਵਾਂ ਗੁਰੂ ਸਾਹਿਬ ਤੱਕ ਪਹੁੰਚਾਉਂਦੇ, ਜਿਵੇਂ- ਕਾਬੁਲ ਦੇ ਮਸੰਦ ਸੁਜਾਨ ਨੇ ਸੰਗਤ ਦੇ ਦਸਵੰਧ ਤੇ ਭੇਟਾ ਤੋਂ ਗੁਰੂ ਜੀ ਲਈ ਕਾਫੀ ਧੰਨ ਇਕੱਠਾ ਕੀਤਾ।ਗੁਰੂ ਅਰਜਨ ਦੇਵ ਜੀ ਨੇ ਸਿੱਖ ਸੰਗਤ ਨੂੰ ਆਪਣੇ ਤੋਂ ਉੱਚਾ ਰੁਤਬਾ ਦਿੰਦੇ ਹੋਏ 'ਗੁਰੂ ਵੀਹ ਵਿਸਵੇ ਸੰਗਤ ਇੱਕੀ ਵਿਸਵੇ' ਦਾ ਐਲਾਨ ਕੀਤਾ। ਗੁਰੂ ਤੇ ਸੰਗਤ ਸਦਾ ਅਨਿੱਖੜ ਹਨ। ਗੁਰੂ ਇਕ ਆਤਮਿਕ ਤੱਤ ਹੈ ਜੋ ਸ਼ਬਦ ਰੂਪ (ਜੋ ਉਸ ਦਾ ਅਸਲੀ ਰੂਪ ਹੈ, ਦੇਹ/ਸਰੀਰ ਉਸ ਦਾ ਅਸਲੀ ਰੂਪ ਨਹੀਂ) ਹੈ, ਭਾਵ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਤੱਥਾਂ, ਨਾਮ ਸਿਮਰਨ ਰੂਪ ਵਿੱਚ ਸਦਾ ਹੀ ਸੰਗਤ ਵਿੱਚ ਇਕ ਜਾਗਦੀ ਜੋਤ ਬਣ ਕੇ ਵਿਦਮਾਨ ਰਹਿੰਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਾਨੂੰ ਅਜਿਹੇ ਬਿਰਤਾਂਤ ਪ੍ਰਾਪਤ ਹੁੰਦੇ ਹਨ ਜਿਸ ਦੇ ਵਿੱਚ ਗੁਰੂ ਸਾਹਿਬਾਨ ਨੇ ਸੰਗਤ ਦੀ ਗੱਲ ਨੂੰ ਖਿੜ੍ਹੇ ਮੱਥੇ ਸਵੀਕਾਰ ਕੀਤਾ ਹੈ। ਚੰਦੂ ਜੋ ਕਿ ਹਾਕਮ ਸੀ ਉਸ ਨੂੰ ਜੋਤਸ਼ੀਆਂ ਨੇ ਆ ਕੇ ਕਿਹਾ ਕਿ ਅਸੀਂ ਤੇਰੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਬੇਟੇ ਹਰਿਗੋਬਿੰਦ ਨਾਲ ਕਰ ਆਏ ਹਾਂ। ਚੰਦੂ ਜੋ ਕਿ ਹੰਕਾਰੀ ਸੀ ਤੇ ਉਸਨੇ ਜਵਾਬ ਦਿੱਤਾ ਕਿ 'ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ'। ਜਦੋਂ ਇਸ ਗੱਲ ਦਾ ਸਿੱਖ ਸੰਗਤ ਨੂੰ ਪਤਾ ਲੱਗਾ ਤਾਂ ਸਿੱਖ ਸੰਗਤ ਨੇ ਗੁਰੂ ਅਰਜਨ ਦੇਵ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਪਾਤਸ਼ਾਹ ਚੰਦੂ ਨੇ ਇਹ ਗੱਲ ਕਹਿ ਕੇ ਗੁਰੂ ਘਰ ਦਾ ਅਪਮਾਨ ਕੀਤਾ ਹੈ। ਇਸ ਲਈ ਤੁਸੀਂ ਉਸਦਾ ਰਿਸ਼ਤਾ ਮੋੜ ਦੇਵੋ। ਗੁਰੂ ਜੀ ਨੇ ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਤੇ ਰਿਸ਼ਤਾ ਮੋੜ ਦਿੱਤਾ। ਪਿੱਛੋਂ ਸੰਗਤ ਦੇ ਆਦੇਸ਼ ਅਨੁਸਾਰ ਹੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਕੀਤੇ। ਇਸੇ ਹੀ ਤਰ੍ਹਾਂ ਨੇਮਬੱਧ ਤੌਰ 'ਤੇ ਹਰੇਕ ਗੁਰੂ ਸਾਹਿਬ ਨੇ ਸੰਗਤ ਸੰਸਥਾ ਦੇ ਵਿਕਾਸ ਦੇ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਗੁਰੂ ਤੇਗ ਬਹਾਦਰ ਜੀ ਨੇ ਵੱਖ-ਵੱਖ ਸਥਾਨਾਂ ਤੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤਾਂ ਵਿੱਚ ਆਪਣੇ ਪ੍ਰਚਾਰ ਦੌਰਿਆਂ ਰਾਹੀਂ ਇਕ ਨਵੀਂ ਰੂਹ ਫੂਕਣ ਦਾ ਕਾਰਜ ਕੀਤਾ। ਉਨ੍ਹਾਂ ਨੇ ਮਾਲਵਾ-ਬਾਂਗਰ ਦੇ ਪ੍ਰਚਾਰ ਦੌਰਿਆਂ ਤੋਂ ਇਲਾਵਾ ਆਸਾਮ-ਬੰਗਾਲ ਵਾਲੇ ਦੂਰ-ਦੁਰਾਡੇ ਇਲਾਕਿਆ ਦੇ ਵੀ ਦੌਰੇ ਕੀਤੇ। ਉਨ੍ਹਾਂ ਦੇ ਪ੍ਰਚਾਰ ਦੌਰਿਆਂ ਨੇ ਸੰਗਤ ਵਿੱਚ ਰੂਹਾਨੀਅਤ ਤਾਜ਼ਗੀ ਦਾ ਅਹਿਸਾਸ ਕਰਵਾਇਆ। ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਇਸੇ ਨਾਨਕ ਨਾਮ

ਲੇਵਾ ਸੰਗਤ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾ ਦਿੱਤਾ। ਇਸ ਖਾਲਸਾ ਰੂਪੀ ਸੰਗਤ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਹੀ ਕੁਰਬਾਨ ਕਰ ਦਿੱਤਾ-

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ
ਚਾਰ ਮੁਏ ਤੋ ਕਿਆ ਹੂਆ ਜੀਵਤ ਕਈ ਹਜਾਰ॥

ਇਸ ਸਮੂਹ ਸੰਗਤ ਨੂੰ ਗੁਰੂ ਸਾਹਿਬ ਨੇ ਮਹਾਨ ਰੁਤਬਾ ਪ੍ਰਦਾਨ ਕਰਦਿਆਂ ਕਿਹਾ ਕਿ ਜਿਸ ਕਿਸੇ ਨੇ ਵੀ ਮੇਰੇ ਦਰਸ਼ਨ ਕਰਨੇ ਹੋਣ ਮੇਰਾ ਨਿਵਾਸ ਉੱਥੇ ਹੋਵੇਗਾ, ਜਿੱਥੇ ਸੰਗਤ ਬੈਠ ਕੇ ਪਰਮਾਤਮਾ ਦੇ ਗੁਣ ਗਾਇਣ ਕਰ ਰਹੀ ਹੋਵੇਗੀ। ਇੰਨੀ ਮਹਾਨਤਾ ਗੁਰੂ ਪਾਤਸ਼ਾਹ ਜੀ ਨੇ ਸੰਗਤ ਸੰਸਥਾ ਨੂੰ ਪ੍ਰਦਾਨ ਕੀਤੀ ਹੈ।

### 3.5 ਸੰਗਤ ਸੰਸਥਾ ਦਾ ਸਿਧਾਂਤਕ ਪੱਖ

ਧਾਰਮਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੁੜ ਬੈਠੇ ਵਿਅਕਤੀਆਂ ਨੂੰ ਆਮ ਤੌਰ 'ਤੇ ਸਤਿਸੰਗਤ ਜਾਂ ਸਾਧਸੰਗਤ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਕਿਉਂਕਿ ਗੁਰੂ ਦੀ ਹਜ਼ੂਰੀ ਵਿੱਚ ਜਿਗਿਆਸੂਆਂ ਦੀ ਵਿਕਾਰਾਂ ਵੱਲੋਂ ਰੁਚੀ ਹਟ ਕੇ ਗੁਰੂ-ਚਰਨਾਂ ਨਾਲ ਜਾ ਜੁੜਦੀ ਹੈ, ਚਿੱਤ-ਬਿਰਤੀ ਵਿਚ ਇਕਾਗਰਤਾ ਆਉਂਦੀ ਹੈ। ਸਿਧਾਂਤਕ ਪੱਖ ਤੋਂ ਸੰਗਤ ਦਾ ਸਿੱਖ ਧਰਮ ਵਿੱਚ ਇਕ ਪ੍ਰਮੁੱਖ ਸਥਾਨ ਹੈ। ਗੁਰਬਾਣੀ ਅਨੁਸਾਰ ਇਕ ਸਿੱਖ ਲਈ ਸੰਗਤ ਕਰਨਾ ਜ਼ਰੂਰੀ ਅਤੇ ਅਹਿਮ ਕਾਰਜ ਹੈ ਕਿਉਕਿ ਅਧਿਆਤਮਿਕ ਉਨਤੀ ਦੇ ਲਈ ਸਤਿਸੰਗਤ ਪੂਰਨ ਤੌਰ 'ਤੇ ਸਹਾਇਕ ਹੈ। ਸਾਧਨਾ ਦੇ ਲਈ ਸਤਿ ਦੀ ਸੰਗਤ ਬਹੁਤ ਜ਼ਰੂਰੀ ਹੈ। ਭਗਤੀ ਲਹਿਰ ਦੇ ਸੰਤਾਂ ਦੁਆਰਾ ਵੀ ਇਸ ਨੂੰ ਮਾਨਤਾ ਦਿੱਤੀ ਗਈ ਹੈ। ਗੁਰਮਤਿ ਦੇ ਵਿੱਚ ਜੇਕਰ ਕੋਈ ਅਧਿਆਤਮਿਕਤਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਉਸ ਲਈ ਸੰਗਤ ਬਹੁਤ ਜ਼ਰੂਰੀ ਹੈ। ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਸੰਗਤ ਸੰਬੰਧੀ ਗੁਰੂ ਨਾਨਕ ਦੇਵ ਜੀ ਦੇ ਭਾਈ ਮਰਦਾਨੇ ਪ੍ਰਤੀ ਸੰਬੋਧਨੀ ਵਾਕ ਪ੍ਰਾਪਤ ਹੁੰਦੇ ਹਨ ਜਿਸ ਰਾਹੀਂ ਸੰਗਤ ਦਾ ਸਿਧਾਂਤਕ ਪੱਖ ਬਹੁਤ ਵਧੀਆ ਢੰਗ ਨਾਲ ਰੂਪਮਾਨ ਹੁੰਦਾ ਹੈ। ਇਹ ਵਾਕ ਇਸ ਪ੍ਰਕਾਰ ਹਨ- 'ਮਰਦਾਨਿਆ, ਜੋ ਸਤਿਸੰਗ ਨਹੀਂ ਕਰਦੇ ਸੋ ਨਿਸਫਲ ਹੈਨ, ਮਾਨੁਖ ਦੇਹ ਭਗਵੰਤ ਨੇ ਜੋ ਦਿਤੀ ਹੈ ਸੋ ਪਰਉਪਕਾਰ ਵਾਸਤੇ, ਸਤਸੰਗ ਕਰਨ ਨੂੰ ਤੇ ਨਾਮ ਜਪਣੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ। ਸਤਿਸੰਗ ਕਰਨ ਤੋਂ ਪਵਿਤ੍ਰ ਹੋਵੀਦਾ ਹੈ, ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੋਂਦੀ ਹੈ।' ਸੰਗਤ ਸੰਬੰਧੀ ਇਸੇ ਪ੍ਰਕਾਰ ਦਾ ਵਿਚਾਰ

ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਚੋਂ ਪ੍ਰਾਪਤ ਹੁੰਦਾ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਸੰਗਤ ਸੰਬੰਧੀ ਭਾਈ ਨੰਦ ਲਾਲ ਨੂੰ ਕਹਿੰਦੇ ਹਨ ਕਿ ਜੋ ਮਨੁੱਖ ਰੋਜਾਨਾ ਅਮ੍ਰਿਤ ਵੇਲੇ ਸਤਿਸੰਗਤ ਵਿਚ ਸ਼ਾਮਿਲ ਨਹੀਂ ਹੁੰਦਾ ਉਸ ਨੂੰ ਘੋਰ ਅਪਰਾਧੀ ਮੰਨਿਆ ਜਾਣਾ ਚਾਹੀਦਾ ਹੈ ਅਤੇ ਜਿਸ ਦਾ ਸੰਗਤ ਵਿਚ ਸ਼ਾਮਿਲ ਹੋਣ ਤੋਂ ਬਾਅਦ ਵੀ ਮਨ ਭਟਕਦਾ ਰਹਿੰਦਾ ਹੈ ਉਹ ਲੋਕ-ਪਰਲੋਕ ਵਿਚ ਸ਼ਾਂਤੀ ਨਹੀਂ ਪਾ ਸਕਦਾ।

ਅਧਿਆਮਿਕ ਜੀਵਨ ਕਠਿਨ ਮਾਰਗ ਹੈ। ਇਸ ਮਾਰਗ 'ਤੇ ਚੱਲਦਿਆਂ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਕਦੇ ਵੀ ਥਿੜਕ ਸਕਦਾ ਹੈ। ਇਸੇ ਕਾਰਨ ਯੋਗ ਅਗਵਾਈ ਦੀ ਲੋੜ ਪ੍ਰਤੀਤ ਹੁੰਦੀ ਹੈ ਤਾਂ ਕਿ ਇਸ ਮਾਰਗ ਨੂੰ ਪ੍ਰਾਪਤ ਕੀਤਾ ਜਾ ਸਕੇ। ਗੁਰੂ ਦੀ ਸੰਗਤ ਜਾਂ ਭਲੇ ਪੁਰਸ਼ਾਂ ਦੀ ਸੰਗਤ ਤੋਂ ਹੀ ਅਗਵਾਈ ਪ੍ਰਾਪਤ ਕੀਤੀ ਜਾ ਸਕਦੀ ਹੈ।ਇਸੇ ਵਿਚਾਰ ਨੂੰ ਭਗਤ ਕਬੀਰ ਜੀ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਕੇਵਲ ਸੰਤਾਂ ਨਾਲ ਹੀ ਮੇਲ ਮਿਲਾਪ ਕਰਨਾ ਚਾਹੀਦਾ ਹੈ ਕਿਉਕਿ ਭਲੇ ਪੁਰਖਾਂ ਦੀ ਸੰਗਤ ਮਨੁੱਖ ਲਈ ਕਲਿਆਣਕਾਰੀ ਸਾਬਤ ਹੁੰਦੀ ਹੈ। ਜੇ ਮਨੁੱਖ ਕਿਸੇ ਮਾਇਆ ਦੇ ਉਪਾਸਕ ਨਾਲ ਮੇਲ ਮਿਲਾਪ ਕਰੇਗਾ ਤਾਂ ਉਸ ਦੀ ਬਰਬਾਦੀ ਹੋਣੀ ਲਾਜ਼ਮੀ ਹੈ।

ਭਗਤ ਕਬੀਰ ਜੀ ਮਨੁੱਖਤਾ ਨੂੰ ਉਪਦੇਸ਼ ਦਿੰਦੇ ਹੋਏ ਵਰਜਦੇ ਵੀ ਹਨ ਕਿ ਕਿਸੇ ਸਾਕਤ ਭਾਵ ਕਿ ਭੈੜੇ ਮਨੁੱਖ ਦਾ ਸੰਗ ਨਹੀਂ ਕਰਨਾ ਤਾਂ ਕਿ ਔਗੁਣਾਂ ਦਾ ਨਿਵਾਸ ਮਨੁੱਖੀ ਹਿਰਦੇ ਵਿੱਚ ਨਾ ਹੋ ਸਕੇ। ਗੁਰੂ ਨਾਨਕ ਦੇਵ ਜੀ ਇਸੇ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਾਉਂਦੇ ਹੋਏ ਉਪਦੇਸ਼ ਦਿੰਦੇ ਹਨ ਕਿ ਉੱਤਮ ਸੰਗਤ ਨਾਲ ਹਰ ਇੱਕ ਵਿਅਕਤੀ ਉੱਤਮ ਬਣਦਾ ਹੈ। ਉਸ ਦੇ ਅਵਗੁਣ ਨਸ਼ਟ ਹੁੰਦੇ ਹਨ ਅਤੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ-

ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥

ਇਸ ਕਥਨ ਤੋਂ ਸਪੱਸ਼ਟ ਹੈ ਕਿ ਸਤਿਸੰਗਤ ਨਾਲ ਜਿਗਿਆਸੂਆਂ ਵਿੱਚ ਪਵਿੱਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ ਕਿ ਭਲੇ ਪੁਰਸ਼ਾਂ ਦੀ ਸੰਗਤ ਕਰਨ ਦੇ ਨਾਲ ਵੈਰ-ਵਿਰੋਧ ਤੇ ਹੋਰ ਬੁਰਿਆਈ ਦੀ ਭਾਵਨਾ ਦਾ ਖਾਤਮਾ ਹੋ ਜਾਂਦਾ ਹੈ-

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥

ਨਾ ਕੋ ਬੈਰੀ ਨਹੀ ਬਿਗਾਨਾ

ਸਗਲ ਸੰਗਿ ਹਮ ਕਉ ਬਨਿ ਆਈ॥੧॥

ਗੁਰਬਾਣੀ ਅਨੁਸਾਰ ਸਾਧ ਸੰਗਤ ਵਿਸ਼ੇ ਵਿਕਾਰਾਂ ਨਾਲ ਲਿਬੜੇ ਹੋਏ ਮਨੁੱਖੀ ਮਨ ਨੂੰ ਪਰਮਾਤਮਾ ਦੇ ਨਾਮ ਨਾਲ ਮਾਂਜਣ ਦਾ ਸਥਾਨ ਹੈ। ਜਿੱਥੇ ਮਨੁੱਖ ਦਾ ਅਗਿਆਨਤਾ ਵਾਲਾ ਹਨੇਰਾ ਦੂਰ ਹੋ ਕੇ ਗਿਆਨ ਰੂਪੀ ਕਮਲ ਖਿੜ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ (ਲੋਹਾ) ਸੋਨਾ ਹੋ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਵਿਅਕਤੀ ਸਤਿਸੰਗਤਿ ਵਿੱਚ ਜਾਣ ਨਾਲ ਪਵਿੱਤ੍ਰ ਹੋ ਜਾਂਦੇ ਹਨ-

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ

ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧਹਾਧੋ॥੧॥

ਅਸਲ ਅਰਥਾਂ ਵਿਚ ਉਹੀ ਮਨੁੱਖ ਸੁੰਦਰ ਹੈ ਜੋ ਸਾਧ ਸੰਗਤ ਵਿਚ ਬੈਠਦਾ ਹੈ। ਸਾਧ ਸੰਗਤ ਰਾਹੀਂ ਪਰਮਾਤਮਾ ਦੇ ਨਾਮ ਦਾ ਖ਼ਜਾਨਾ ਇਕੱਠਾ ਕਰਨ ਵਾਲੇ ਹੀ ਅਸਲੀ ਧਨਵਾਨ ਹਨ-

ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ॥

ਭਾਈ ਗੁਰਦਾਸ ਜੀ ਅਨੁਸਾਰ ਜਿਵੇਂ ਪਾਰਸ, ਚੰਦਨ, ਸੂਰਜ, ਧਰਤੀ ਆਦਿ ਆਪਣੇ ਸੁਭਾਅ ਅਨੁਸਾਰ ਬਿਨ੍ਹਾਂ ਕਿਸੇ ਭੇਦ-ਭਾਵ ਹਰ ਇਕ ਨੂੰ ਲਾਭ ਪਹੁੰਚਾਉਂਦੇ ਹਨ, ਉਸੇ ਪ੍ਰਕਾਰ ਸਾਧ ਸੰਗਤ ਕਰਨ ਵਾਲਾ ਮਨੁੱਖ ਵੀ ਬਿਨ੍ਹਾ ਕਿਸੇ ਭੇਦ ਭਾਵ ਦੇ ਰੂਹਾਨੀ ਲਾਭ ਦਾ ਪਾਤਰ ਬਣ ਜਾਂਦਾ ਹੈ।

ਇਹਨਾਂ ਤੁਕਾਂ ਦੇ ਆਧਾਰ ਤੇ ਗੁਰੂ ਸਾਹਿਬ ਸਾਧ-ਸੰਗਤ ਕਰਨ ਦਾ ਉਪਦੇਸ਼ ਦੇ ਰਹੇ ਹਨ। ਗੁਰਬਾਣੀ ਦੇ ਵਿੱਚ ਹੋਰ ਵੀ ਬਹੁਤ ਜਗ੍ਹਾ ਸਾਧੂ ਦੇ ਸੰਗ ਦੀ ਗੱਲ ਆਈ ਹੈ ਜਿਵੇਂ ਕਿ 'ਸੁਖਮਨੀ ਸਾਹਿਬ' ਦੀ ਇੱਕ ਪੂਰੀ ਅਸਟਪਦੀ ਹੀ ਸਾਧ ਦੀ ਸੰਗਤ ਦੀ ਮਹਿਮਾ ਦੇ ਲਈ ਉਚਾਰਨ ਕੀਤੀ ਗਈ ਹੈ। ਅਸਟਪਦੀ ਦੇ ਅਰੰਭ ਦੇ ਸਲੋਕ ਅਨੁਸਾਰ ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਜੋ ਪੂਰਨ ਸਾਧ ਹੈ ਉਹ ਅਗਮ ਅਗਾਧ ਪਾਰਬ੍ਰਹਮ ਦੇ ਵਿੱਚ ਸਮੋਇਆ ਹੁੰਦਾ ਹੈ ਤੇ ਉਸਦੀ ਅਵਸਥਾ ਵੀ ਹੈਰਾਨ ਕਰਨ ਵਾਲੀ ਹੁੰਦੀ ਹੈ।

ਅਗਮ ਅਗਾਧਿ ਪਾਰਬ੍ਰਹਮੁ ਸੋਇ॥

ਜੋ ਜੋ ਕਹੈ ਸੁ ਮੁਕਤਾ ਹੋਇ॥

ਸੁਨਿ ਮੀਤਾ ਨਾਨਕੁ ਬਿਨਵੰਤਾ॥

ਸਾਧ ਜਨਾ ਕੀ ਅਚਰਜ ਕਥਾ॥

ਇੱਥੇ ਸਾਨੂੰ ਇਹ ਵੀ ਵਿਚਾਰਨਾ ਪਵੇਗਾ ਕਿ ਅਸਲ ਸਾਧ ਦੀ ਪਛਾਣ ਕੀ ਹੈ? ਕਿਹੜਾ ਉਹ ਸਾਧ ਹੈ ਜਿਸ ਦੇ ਵਿੱਚ ਸੁਖਮਨੀ ਸਾਹਿਬ ਵਾਲੇ ਸਲੋਕ ਵਾਲੇ ਲੱਛਣ ਹੋਣ। ਇਸਦਾ ਉੱਤਰ ਵੀ ਬਾਣੀ ਦੇ ਵਿੱਚੋਂ ਪ੍ਰਾਪਤ ਹੁੰਦਾ ਹੈ ਤੇ ਅਸਲੀ ਸਾਧ, ਸੰਤ ਉਹ ਹੈ ਜਿਹੜਾ ਹਰ ਸਵਾਸ ਵਿੱਚ ਪ੍ਰਮੇਸ਼ਰ ਦਾ ਨਾਮ ਧਿਆਉਂਦਾ ਹੋਵੇ ਉਹੀ ਪੂਰਨ ਸੰਤ ਹੈ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

ਅਜਿਹੇ ਅਧਿਆਤਮਿਕ ਜੀਵਨ ਵਾਲਾ ਵਿਅਕਤੀ ਪੂਰਨ ਸਾਧ ਦਾ ਰੂਪ ਹੁੰਦਾ ਹੈ ਜਿਵੇਂ ਕਿ ਸਾਧ ਦੇ ਸ਼ਾਬਦਿਕ ਅਰਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਧਿਆ ਹੋਇਆ ਭਾਵ ਕਿ ਜਿਸ ਨੇ ਆਪਣੇ ਮਨ ਨੂੰ ਸਾਧ ਲਿਆ ਹੈ। ਆਪਣੀ ਮੱਤ ਗੁਰੂ ਦੇ ਅੱਗੇ ਭੇਟਾ ਕਰ ਦਿੱਤੀ ਹੈ। ਅਜਿਹੇ ਮਹਾਂਪੁਰਸ਼ ਦੇ ਸੰਗ ਦੀ ਗੱਲ ਗੁਰੂ ਪਾਤਸ਼ਾਹ ਵਾਰ-ਵਾਰ ਬਾਣੀ ਦੇ ਰੂਪ ਵਿੱਚ ਕਰਦੇ ਹਨ। ਬਾਣੀ ਦੇ ਵਿੱਚ ਹੀ ਦੱਸਦੇ ਹਨ ਕਿ ਜੇਕਰ ਅਜਿਹਾ ਸਾਧਿਆ ਹੋਇਆ ਸਾਧ ਮਿਲ ਜਾਵੇ ਤਾਂ ਉਸਦੀ ਵੀ ਸੋਭਾ ਪ੍ਰਮਾਤਮਾ ਦੀ ਸੋਭਾ ਵਾਂਗੂ ਹੀ ਹੁੰਦੀ ਹੈ।

ਸਾਧ ਕੀ ਸੋਭਾ ਕਾ ਨਾਹੀ ਅੰਤ॥

ਸਾਧ ਕੀ ਸੋਭਾ ਸਦਾ ਬੇਅੰਤ॥

ਅਜਿਹੇ ਗੁਣਾਂ ਰੂਪੀ ਸਾਧ ਦਾ ਕੀਤਾ ਹੋਇਆ ਸੰਗ ਕਦੇ ਵੀ ਵਿਅਰਥ ਨਹੀਂ ਜਾਂਦਾ। ਸ਼ੁਭ ਗੁਣਾਂ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ, ਮਨੁੱਖ ਤੋਂ ਗੁਰਮੁਖ ਬਣ ਜਾਂਦਾ ਹੈ।

ਜੋ ਇਛੈ ਸੋਈ ਫਲੁ ਪਾਵੈ॥

ਸਾਧ ਕੈ ਸੰਗਿ ਨ ਬਿਰਥਾ ਜਾਵੈ॥

ਦੂਸਰੇ ਤੌਰ 'ਤੇ ਭਗਤ ਕਬੀਰ ਜੀ ਨੇ ਤਾਂ ਸਤਿਸੰਗਤ ਨੂੰ ਬੈਕੁੰਠ ਦੇ ਰੂਪ ਦੇ ਵਿੱਚ ਸੰਬੋਧਨ ਕੀਤਾ ਹੈ ਕਿ ਜੇਕਰ ਕਿਸੇ ਦੇ ਮਨ ਵਿੱਚ ਸਵਰਗ ਦੀ ਆਸ ਹੈ ਜੇਕਰ ਉਹ ਸਵਰਗ ਨੂੰ ਪਾਪਤ ਕਰਨਾ ਚਾਹੁੰਦਾ ਹੈ ਤਾਂ ਸਤਿਸੰਗਤ ਸਵਰਗ ਦੇ ਸਮਾਨ ਹੈ:-

ਜਬ ਲਗੁ ਮਨਿ ਬੈਕੁੰਠ ਕੀ ਆਸ॥

ਤਬ ਲਗੁ ਹੋਇ ਨਹੀ ਚਰਨ ਨਿਵਾਸੁ॥੩॥

ਕਹੁ ਕਬੀਰ ਇਹ ਕਹੀਐ ਕਾਹਿ॥

ਸਾਧ ਸੰਗਤਿ ਬੈਕੁੰਠੈ ਆਹਿ॥੪॥

ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੈਯਾਂ ਵਿਚ ਗੁਰਸਿੱਖਾਂ ਦੀ ਸੰਗਤ ਦੇ ਫ਼ਲ ਨੂੰ ਅਨੇਕਾਂ ਸਵੈਯਾਂ ਰਾਹੀਂ ਵਿਅਕਤ ਕੀਤਾ ਹੈ। ਦੀਪਕ-ਪਤੰਗ, ਚੰਦ੍ਰਮਾ-ਚਕੋਰ, ਲੱਕੜ-ਅੱਗ, ਪਿਤਾ-ਪੁੱਤਰ ਆਦਿ ਦੇ ਸੁੱਖਦਾਈ ਮਿਲਾਪ ਵਾਂਗ ਗੁਰਸਿੱਖਾਂ ਦੀ ਸੰਗਤ ਦੇ ਮਿਲਾਪ ਨੂੰ ਲੋਕ-ਪਰਲੋਕ ਵਿਚ ਸੁੱਖ ਦੇਣ ਵਾਲਾ ਕਿਹਾ ਹੈ-

ਦੀਪਕ ਪਤੰਗ ਸੰਗ ਪ੍ਰੀਤਿ ਇਕ ਅੰਗੀ ਹੋਇ ਚੰਦ੍ਰਮਾ ਚਕੋਰ ਘਨ ਚਾਤ੍ਰਿਕ ਨ ਹੋਤ ਹੈ।

ਚਕਈ ਅਉ ਸੂਰ ਜਲਿ ਮੀਨ ਜਿਉ ਕਮਲ ਅਲਿ ਕਾਸਟ ਅਗਨ ਮ੍ਰਿਗ ਨਾਦ ਕੋ ਉਦੋਤ ਹੈ।

ਪਤਿ ਸੁਤ ਹਿਤ ਅਰੁ ਭਾਮਨੀ ਭਤਾਰ ਗਤਿ ਮਾਇਆ ਅਉ ਸੰਸਾਰ ਦੁਆਰ ਮਿਟਤ ਨ ਛੋਤਿ ਹੈ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ ਲੋਕ ਪਰਲੋਕ ਸੁਖਦਾਈ ਓਤਿ ਪੋਤਿ ਹੈ॥187॥

ਇਸ ਦੇ ਉਲਟ, ਗੁਰਮੁਖ ਦੀ ਸੰਗਤ ਦਾ ਮਨਮੁਖ ਦੀ ਸੰਗਤ ਨਾਲ ਮੁਕਾਬਲਾ ਕਰਦੇ ਹੋਏ ਉਨ੍ਹਾਂ ਨੇ ਮਨਮੁਖ ਦੀ ਸੰਗਤ ਨੂੰ ਵਿਸ਼ੇ-ਵਿਕਾਰਾਂ ਨਾਲ ਗ੍ਰਸਤ ਦੱਸਿਆ ਹੈ-

ਸਾਧੁ ਸੰਗਿ ਦ੍ਰਿਸਟਿ ਦਰਸ ਕੈ ਬ੍ਰਹਮ ਧਿਆਨ ਸੋਈ ਤਉ ਅਸਾਧਿ ਸੰਗਿ ਦ੍ਰਿਸਟਿ ਬਿਕਾਰ ਹੈ।

ਸਾਧੁ ਸੰਗਿ ਸਬਦ ਸੁਰਤਿ ਕੈ ਬ੍ਰਹਮ ਗਿਆਨ ਸੋਈ ਤਉ ਅਸਾਧ ਸੰਗਿ ਬਾਦੁ ਅਹੰਕਾਰ ਹੈ।

ਸਾਧੁ ਸੰਗਿ ਅਸਨ ਬਸਨ ਕੈ ਮਹਾ ਪ੍ਰਸਾਦ ਸੋਈ ਤਉ ਅਸਾਧ ਸੰਗਿ ਬਿਕਮ ਅਹਾਰ ਹੈ।

ਦੁਰਮਤਿ ਜਨਮ ਮਰਨ ਹੁਇ ਅਸਾਧ ਸੰਗਿ ਗੁਰਮਤਿ ਸਾਧਸੰਗਿ ਮੁਕਤਿ ਦੁਆਰ ਹੈ॥175॥

ਸੰਗਤ ਸੰਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਿਹੜਾ ਮਨੁੱਖ ਸਤਿਸੰਗਤ ਵਿਚ ਸ਼ਰਧਾ ਧਾਰਨ ਕਰਕੇ ਆਉਂਦਾ ਹੈ ਉਹ ਹੀ ਸਤਿਨਾਮ ਦਾ ਸਿਮਰਨ ਕਰਨ ਯੋਗ ਹੁੰਦਾ ਹੈ। ਉਸ ਮਨੁੱਖ ਵਿਚ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰਹਿੰਦੀ। ਵੈਰ ਵਿਰੋਧ ਦੀ ਭਾਵਨਾ ਉਦੋਂ ਉਪਜਦੀ ਹੈ ਜਦੋਂ ਮਨ ਵਿਚ ਕਲਪਨਾਵਾਂ ਆਉਂਦੀਆਂ ਹਨ। ਇਹੀ ਕਲਪਨਾਵਾਂ ਮਨੁੱਖ ਦੇ ਦੁੱਖਾਂ ਦਾ ਕਾਰਨ ਬਣਦੀਆਂ ਹਨ। ਮਨੁੱਖ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਇਸ ਲਈ ਸਤਿਸੰਗਤ ਹੀ ਅਜਿਹਾ ਮਾਰਗ ਹੈ ਜਿਸ ਰਾਹੀਂ ਮਨੁੱਖ ਪਰਮ ਪੱਦਵੀ ਪਾਉਂਣ ਦੇ ਕਾਬਲ ਹੋ ਜਾਂਦਾ ਹੈ। ਸਤਿਸੰਗਤ ਵਿਚ ਜਾਣ ਨਾਲ ਮਨੁੱਖ ਕੁਕਰਮ ਕਰਨ ਤੋਂ ਬਚਿਆ ਰਹਿੰਦਾ ਹੈ। ਬਹੋੜੇ ਨਾਮੀ ਸੁਨਿਆਰ ਦੇ ਪ੍ਰਸੰਗ ਵਿਚ ਕੁਕਰਮ ਕਰਨ ਦੀ ਬਿਰਤੀ ਨੂੰ ਰੋਕਣ ਅਤੇ ਸੁਖ ਦੇਣ ਵਾਲੇ ਹਰੀ ਦੇ ਨਾਮ ਨੂੰ ਜਪਦੇ ਹੋਏ ਸਤਿਸੰਗਤ ਵਿਚ ਆਪਣੀ ਉਮਰ ਗੁਜਾਰਨ ਅਤੇ ਧਰਮ ਦੀ ਕਮਾਈ ਕਰਨ ਲਈ ਕਿਹਾ ਹੈ-

ਸੁਖਕਾਰੀ ਹਰਿ ਨਾਮ ਸੰਭਾਰਹੁ। ਕਰਨਿ ਕੁਕਰਮ ਬ੍ਰਿਤੀ ਹਟਕਾਰਹੁ।

ਸਤਿਸੰਗਤਿ ਮਹਿਂ ਬੈਸ ਗੁਜ਼ਾਰਹੁ। ਧਰਮ ਜੀਵਕਾ ਮਹਿਂ ਚਿਤ ਧਾਰਹੁ।।30।।

ਜਿਹੜੇ ਮਨੁੱਖ ਸਦਾ ਗੁਰਮੁੱਖ, ਸੰਤਾਂ ਦਾ ਸੰਗ ਕਰਦੇ ਹਨ ਭਾਵ ਚੰਗੇ ਆਚਰਣ ਵਾਲੇ ਵਿਅਕਤੀ ਦੇ ਸੰਗੀ ਹੁੰਦੇ ਹਨ ਉਨ੍ਹਾਂ ਦਾ ਭਲਾ ਹੀ ਹੁੰਦਾ ਹੈ ਤੇ ਉਹ ਵਿਸ਼ੇ ਵਾਸ਼ਨਾਵਾਂ ਤੋਂ ਬਚ ਕੇ ਰਹਿੰਦੇ ਹਨ।

ਪ੍ਰਾਤਹ ਕਾਲ ਸਤਿਸੰਗ ਨ ਜਾਵਹਿ। ਤਨਖਾਹਦਾਰ ਵਹ ਵਡਾ ਕਹਾਵਹਿ।

ਸਤਿਸੰਗ ਜਾਇ ਕਰਿ ਚਿਤ ਡੁਲਾਵਹਿ। ਈਹਾਂ ਊਹਾਂ ਠਉਰ ਨ ਪਾਵਹਿ।3।

ਗੁਰੂ ਕਾ ਸਿਖ, ਨੀਚ ਕਰਮ ਨਾ ਸਿਖੇ। ਕੁਸੰਗਤਿ ਨਾ ਕਰੇ।

ਸਤਿਸੰਗਤ ਨੂੰ ਸ੍ਰੀ ਗੁਰ ਸੋਭਾ ਵਿਚ ਇਕ ਵਿਸ਼ੇਸ਼ ਸਥਾਨ ਪ੍ਰਦਾਨ ਕਰਦੇ ਹੋਏ ਅਨੇਕਾਂ ਥਾਵਾਂ ਤੇ ਸਤਿਸੰਗਤ ਬਾਰੇ ਵੱਖ-ਵੱਖ ਪਹਿਲੂ ਪੇਸ਼ ਕੀਤੇ ਗਏ ਹਨ। ਸੰਗਤ ਨੂੰ ਨਰਕ ਤੋਂ ਬਚਾਅ ਕਰਨ ਵਾਲੀ ਅਤੇ ਸੁੱਖ ਪ੍ਰਦਾਨ ਕਰਨ ਵਾਲੀ ਕਿਹਾ ਗਿਆ ਹੈ। ਇਸ ਲਈ ਮਨੁੱਖ ਨੂੰ ਪੰਜ ਵਿਕਾਰਾਂ ਦੀ ਸੰਗਤ ਛੱਡ ਕੇ ਆਪਣੇ ਅੰਦਰੋਂ ਸਾਰੀਆਂ ਤ੍ਰਿਸ਼ਨਾਵਾਂ ਦਾ ਤਿਆਗ ਕਰਦੇ ਹੋਏ ਦਇਆ ਧਾਰਨ ਕਰ ਕੇ ਸੰਗਤ ਨਾਲ ਪ੍ਰੀਤ ਪੈਦਾ ਕਰਨੀ ਚਾਹੀਦੀ ਹੈ-

ਪਾਂਚ ਕੀ ਕੁਸੰਗਤਿ ਤਜਿ, ਸੰਗਤਿ ਸੋਂ ਪ੍ਰੀਤਿ ਕਰੇ,

ਦਯਾ ਔ ਧਰਮ ਧਾਰਿ, ਤਿਆਗੇ ਸਬ ਲਾਲਸਾ।

ਕਵੀ ਸੈਨਾਪਤਿ ਨੇ ਸੰਗਤ ਵਿਚ ਬੈਠਣ ਦੇ ਢੰਗ ਸੰਬੰਧੀ ਲਿਖਿਆ ਹੈ ਕਿ ਸੰਗਤ ਵਿਚ ਜਾਣ ਲਈ ਮਨ ਵਿਚ ਸ਼ਰਧਾ ਹੋਣੀ ਅਤੇ ਵਿਸ਼ੇ ਵਿਕਾਰਾਂ ਦਾ ਤਿਆਗ ਬਹੁਤ ਜ਼ਰੂਰੀ ਹੈ। ਸਤਿ ਸੰਗਤ ਦਾ ਆਸਰਾ ਲੈ ਕੇ ਆਪਣੇ ਵਿਸ਼ੇ ਵਿਕਾਰ ਅਤੇ ਮਨ ਦੀਆਂ ਦੁਬਿਧਾਵਾਂ ਦੇ ਤਿਆਗ ਵਿਚ ਹੀ ਸੰਗਤ ਕਰਨ ਦੀ ਸਾਰਥਕਤਾ ਹੈ-

ਅੰਚਰ ਗਹਿ ਸਤਿ ਸੰਗ ਕੋ, ਤਜਿ ਪ੍ਰਪੰਚ ਬਿਕਾਰ।

ਦਿਵਸ ਰੈਨਿ ਬੀਚਾਰੀਏ, ਮਨ ਤੇ ਦੁਬਿਧਾ ਟਾਰ।। 55।। 171।।

ਸੰਗਤ ਵਿਚ ਜਾ ਕੇ ਹੰਕਾਰ ਅਧੀਨ ਬੋਲਣ ਵਾਲੇ ਦਾ ਕਦੀ ਵੀ ਪਾਰ ਉਤਾਰਾ ਨਹੀਂ ਹੁੰਦਾ। ਉਸ ਦੀ ਹਾਲਤ ਕਦੀ ਵੀ ਸੋਨਾ ਨਾ ਬਣ ਸਕਣ ਵਾਲੇ ਲੋਹੇ ਵਾਂਗ ਹੁੰਦੀ ਹੈ-

ਸਤਿ ਸੰਗਤਿ ਵਿਚ ਬੈਠਿ ਕੈ ਬੋਲੈ ਹੰਕਾਰੋ।

ਭੈ ਸਾਇਰ ਕਿਉਂ ਲੰਘਸੀ, ਕਿਉਂ ਉਤਰੇ ਪਾਰੋ।

ਕਿਉਂ ਕਰਿ ਦਰਗਹਿ ਸਿਝਸੀ, ਕਰਿ ਦੇਖਿ ਬਿਚਾਰੋ।

ਲੋਹਾ, ਕੰਚਨ ਕਿਉਂ ਥੀਏ, ਭਾਵੈ ਜਿਉਂ ਜਾਰੋ।

ਜੀ, ਸਤਿਗੁਰੂ ਪਾਰਸ ਜੇ ਮਿਲੈ, ਛਿਨ ਮਾਹਿ ਨਿਸਤਾਰੋ।।

ਜਿਹੜੇ ਮਨੁੱਖ ਖਾਲਸਾਈ ਭੇਖ ਧਾਰਣ ਕਰ ਕੇ ਸੰਗਤ ਦੀ ਮਹਿਮਾ ਨਾ ਸਮਝਦੇ ਹੋਏ ਸੰਗਤ ਨਹੀਂ ਕਰਦੇ ਉਨ੍ਹਾਂ ਨੂੰ ਖਾਲਸਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਕਪਟੀ ਹਨ। ਜੋ ਸੱਪ, ਗਧੇ, ਅੱਕ ਅਤੇ ਕੁੱਤੇ ਵਾਂਗ ਆਪਣਾ ਮਾੜਾ ਸੁਭਾਅ ਨਹੀਂ ਛੱਡਦੇ-

ਬਿਸੀਅਰ ਦੁੱਧ ਪਿਆਈਐ, ਓਹੁ ਬਿਖ ਨਹੀਂ ਛੋਰੈ।

ਗਰਦਭ ਸੁਗੰਧਿ ਲਗਾਈਐ, ਭੁਇ ਸੁੱਤਾ ਲੋਰੈ।

ਤੁੱਮਾ ਹੋਇ ਨ ਮਿੱਠੜਾ, ਜੇ ਖੰਡ ਪਗੋਰੈ।

ਸ੍ਵਾਨ ਪੂਛ ਟੇਢੀ ਰਹੈ, ਕਛੁ ਹੋਤ ਨ ਹੋਰੈ।

ਜੀ, ਤਿਉ ਕਪਟੀ ਹੋਇ ਖਾਲਸਾ, ਸਤਿਸੰਗਿ ਨ ਲੋਰੈ।। 56। 172।।

ਅਜਿਹੇ ਕਪਟੀ ਮਨੁੱਖ, ਜੋ ਸੰਗਤ ਛੱਡ ਕੇ ਵਿਸ਼ੇ ਵਿਕਾਰਾਂ ਅਧੀਨ ਰੁੱਝੇ ਰਹਿੰਦੇ ਹਨ, ਉਹ ਲੋਕ-ਪਰਲੋਕ ਵਿਚ ਖੱਜਲ ਖੁਆਰ ਹੁੰਦੇ ਹਨ।

ਸੰਗਤ ਦੀ ਜ਼ਰੂਰਤ ਸੰਬੰਧੀ ਸੈਨਾਪਤਿ ਲਿਖਦਾ ਹੈ ਕਿ ਅਕਾਲ ਪੁਰਖ ਦੇ ਹੁਕਮ ਦੇ ਭੇਤ ਦੀ ਸਮਝ ਸਤਿ ਸੰਗਤ ਵਿਚ ਹੀ ਆ ਸਕਦੀ ਹੈ। ਅਜਿਹੀ ਸੰਗਤ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ-

ਸਤਿ ਸੰਗਤਿ ਮੈ ਬੈਠਿ ਹਰਿ ਗੁਨ ਗਾਈਏ।

ਪੂਰਨ ਹੋਵੈ ਭਾਗ ਤਬ ਹੀ ਪਾਈਏ।

ਜੀ, ਖਾਲਸੇ ਕੀ ਅਰਦਾਸ, ਨਾਮ ਜਪਾਈਐ।।

**3.6 ਸੰਗਤ ਦੀਆਂ ਮੁੱਖ ਪ੍ਰਵਿਰਤੀਆਂ ਅਤੇ ਸਰੂਪ ਦੇ ਵਿਭਿੰਨ ਪੱਖ**

- ਕੋਈ ਵੀ ਮਨੁੱਖ ਭਾਵੇਂ ਕਿੰਨਾ ਵੀ ਸਿਆਣਾ ਕਿਉਂ ਨਾ ਹੋਵੇ ਪਰ ਜੇਕਰ ਉਹ ਸੰਗਤ ਵਿਚ ਸ਼ਾਮਿਲ ਨਹੀਂ ਹੁੰਦਾ ਤਾਂ ਉਸ ਦੇ ਇਹ ਗੁਣ ਕਿਸੇ ਕੰਮ ਦੇ ਨਹੀਂ।
- ਸੁੱਖਾਂ ਦੀ ਹਮੇਸ਼ਾਂ ਲਈ ਕਾਮਨਾ ਕਰਨ ਵਾਲੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਗੁਰਮੁਖਾਂ ਦੀ ਸੰਗਤ ਕਰੇ।
- ਸੰਗਤ ਕਰਨ ਨਾਲ ਮਨੁੱਖ ਦਾ ਹੰਕਾਰ ਮਿਟ ਜਾਂਦਾ ਹੈ ਅਤੇ ਉਸ ਦੇ ਗਿਆਨ ਵਿਚ ਵਾਧਾ ਹੁੰਦਾ ਹੈ।
- ਸੰਗਤ ਕਰਨ ਵਾਲੇ ਮਨੁੱਖ ਵਿਚੋਂ ਵੈਰ ਵਿਰੋਧ ਦਾ ਭਾਵ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਮੁੱਚੀ ਮਾਨਵਤਾ ਨਾਲ ਭਾਈਚਾਰਕ ਸਾਂਝ ਪਾ ਲੈਂਦਾ ਹੈ।
- ਜਿਹੜਾ ਮਨੁੱਖ ਸੰਗਤ ਕਰਦਾ ਹੈ ਉਹ ਆਪਣੇ ਸਮੁੱਚੇ ਵਿਸ਼ੇ-ਵਿਕਾਰਾਂ ਅਤੇ ਬੁਰਾਈਆਂ ਤੇ ਕਾਬੂ ਪਾ ਲੈਂਦਾ ਹੈ।
- ਸੰਗਤ ਦਾ ਸਾਥ ਇੰਨਾਂ ਪਵਿੱਤਰ ਹੁੰਦਾ ਹੈ ਕਿ ਇਸ ਰਾਹੀਂ ਮਨੁੱਖ ਨੂੰ ਪਰਮਾਤਮਾ ਦੇ ਪਿਆਰ ਦੀ ਬਖ਼ਸ਼ਿਸ਼ ਹੋ ਜਾਂਦੀ ਹੈ।
- ਸੰਗਤ ਕੀਤੇ ਬਿਨ੍ਹਾਂ ਪਰਮਾਤਮਾ ਲਈ ਪਿਆਰ ਨਹੀਂ ਪੈਦਾ ਹੁੰਦਾ ਅਤੇ ਇਸ ਪਿਆਰ ਤੋਂ ਬਿਨ੍ਹਾਂ

ਪਰਮਾਤਮਾ ਦੀ ਬੰਦਗੀ ਕਰਨੀ ਸੰਭਵ ਨਹੀਂ।

- ਸਾਧ ਸੰਗਤ ਵਿਚ ਜਾ ਕੇ ਕੀਤੀ ਪ੍ਰੇਮਾ ਭਗਤੀ ਨਾਲ ਪਰਮਾਤਮਾ ਨੇ ਨਾਮ ਰੂਪ ਧਨ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੇ ਨਾ ਹੀਂ ਨਸ਼ਟ ਹੋਣ ਦਾ ਡਰ ਹੁੰਦਾ ਤੇ ਨਾਂ ਹੀ ਚੋਰੀ ਹੋਣ ਦਾ।
- ਸਤਿਗੁਰੂ ਤੋਂ ਬਿਨ੍ਹਾਂ ਸੰਗਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਸੰਗਤ ਵਿਚ ਪ੍ਰਾਪਤ ਹੋਣ ਵਾਲੇ ਗੁਰੂ ਸ਼ਬਦ ਤੋਂ ਬਿਨ੍ਹਾਂ ਸੰਸਾਰ ਸਾਗਰ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ।
- ਬਿਲਕੁਲ ਥੋੜੇ ਸਮੇਂ ਤੋਂ ਵੀ ਘੱਟ ਸਮੇਂ ਦੀ ਅਵਧੀ ਵਾਲੀ ਕੀਤੀ ਗਈ ਸਾਧ ਸੰਗਤ ਵੀ ਮਨੁੱਖ ਲਈ ਹਰ ਪੱਖੋਂ ਲਾਭਕਾਰੀ ਹੁੰਦੀ ਹੈ।
- ਭਲੇ ਮਨੁੱਖਾਂ ਦੀ ਸੰਗਤ ਕਰਨ ਤੋਂ ਬਗੈਰ ਮਨੁੱਖਾ ਜਨਮ ਨਿਰਾਰਥਕ ਰਹਿ ਜਾਂਦਾ ਹੈ। ਇਹ ਤਾਂ ਹੀ ਸਾਰਥਕ ਹੁੰਦਾ ਹੈ ਜੇਕਰ ਸਾਧ ਸੰਗਤ ਕੀਤੀ ਜਾਵੀ।
- ਮਨੁੱਖੀ ਮਨ ਵਿਚ ਲੱਗੀ ਹੋਈ ਜਨਮਾਂ ਜਨਮਾਂ ਦੀ ਵਿਸ਼ੇ ਵਿਕਾਰਾਂ ਵਾਲੀ ਮੈਲ ਸਾਧ ਸੰਗਤ ਵਿਚ ਜਾਣ ਦੇ ਨਾਲ ਦੂਰ ਹੋ ਜਾਂਦੀ ਹੈ।

**3.7 ਸਿੱਟਾ**

ਸਤਿਸੰਗਤ ਵਿੱਚ ਜਾਣ ਨਾਲ ਜਿੱਥੇ ਅਧਿਆਤਮਿਕ ਮੰਜ਼ਿਲ ਪ੍ਰਾਪਤ ਹੁੰਦੀ ਹੈ ਉੱਥੇ ਨਾਲ ਹੀ ਨਾਲ ਸਮਾਜਿਕ ਵਿਕਾਸ ਵੀ ਹੁੰਦਾ ਹੈ। ਮਨੁੱਖ, ਮਨੁੱਖ ਦੇ ਨੇੜੇ ਹੁੰਦਾ ਹੈ, ਆਪਸੀ ਦੂਰੀਆਂ ਖ਼ਤਮ ਹੁੰਦੀਆਂ ਹਨ। ਇੱਕ ਦੂਜੇ ਨੂੰ ਸਹਿਯੋਗ ਦੇਣ ਦੀ ਲਾਲਸਾ ਪੈਦਾ ਹੁੰਦੀ ਹੈ। ਇੱਕ ਚੰਗੇ ਸਮਾਜ ਦਾ ਮੁੱਢ ਬੱਝਦਾ ਹੈ। ਸੰਗਤ ਵਿੱਚ ਵਹਿਮਾਂ ਭਰਮਾਂ, ਜਾਦੂ ਟੂਣੇ, ਊਚ ਨੀਚ, ਬੁੱਤ ਪੂਜਾ, ਮੜ੍ਹੀ ਪੂਜਾ ਆਦਿ ਦੀ ਕੋਈ ਥਾਂ ਨਹੀਂ। ਕੇਵਲ ਅਕਾਲ ਪੁਰਖ ਵਾਹਿਗੁਰੂ ਦੀ ਪੂਜਾ ਤੇ ਉਪਾਸਨਾ ਨੂੰ ਮੁੱਖ ਰੱਖਿਆ ਜਾਂਦਾ ਹੈ। ਮਨੁੱਖਤਾ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਅਤੇ ਸਮੁੱਚੇ ਸਮਾਜਿਕ ਕਲਿਆਣ ਲਈ ਅੱਜ ਵੀ ਸਤਿਸੰਗਤ ਵਿਸ਼ੇਸ਼ ਅਰਥ ਅਤੇ ਮਹੱਤਵ ਰੱਖਦੀ ਹੈ। ਸਤਿਸੰਗਤ ਰਾਹੀਂ ਮਾਨਸਿਕ ਸੰਤੁਲਨ ਨੂੰ ਕਾਇਮ ਰੱਖਦਿਆਂ ਜਿਗਿਆਸੂਆਂ ਨੂੰ ਮਾਨਵ ਕਲਿਆਣ ਲਈ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

3.8 **ਪੜ੍ਹਣਯੋਗ ਪੁਸਤਕਾਂ:-**

1. ਡਾ. ਬਲਕਾਰ ਸਿੰਘ, ਗੁਰਮਤਿ ਵਿਵੇਚਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

2. ਪ੍ਰਮੁੱਖ ਸਿੱਖ ਸੰਸਥਾਵਾਂ, ਨਰਿੰਦਰ ਕੌਰ ਭਾਟੀਆ ਅਤੇ ਜਸਵਿੰਦਰ ਕੌਰ ਢਿੱਲੋਂ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

3. ਨਾਨਕ ਪ੍ਰਕਾਸ਼ ਪੱਤ੍ਰਿਕਾ (ਸੰਗਤ ਵਿਸ਼ੇਸ਼ ਅੰਕ), ਡਾ. ਬਲਕਾਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ

4. ਡਾ. ਬਲਕਾਰ ਸਿੰਘ, ਸਿੱਖ ਧਰਮ ਵਿਚ ਸੰਗਤ ਦਾ ਪਰਤ ਪ੍ਰਸੰਗ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

5. Makhan Singh, Concept of SADH SANGAT IN SIKHISM, Singh brothers, Amritsar.

# One Year Diploma In Sikh Theology

## PDST-III : Theology and Sikh Institutions

### Unit -4 Gurdwara

Structure (ਰਚਨਾ)

4.0 (ਭੂਮਿਕਾ)

4.1 ਧਰਮਸ਼ਾਲ ਦਾ ਅਰਥ

4.2 ਗੁਰਦੁਆਰਾ ਸ਼ਬਦ ਦਾ ਆਰੰਭ

4.3 ਗੁਰਦੁਆਰਾ ਸਾਹਿਬ ਦਾ ਉਦੇਸ਼

4.4 ਗੁਰਦੁਆਰਾ ਸਾਹਿਬ ਦੀ ਮਰਯਾਦਾ

4.5 ਹਵਾਲਾ ਪੁਸਤਕਾਂ

4.6 ਪ੍ਰਸ਼ਨਾਵਲੀ

## 4.0 ਭੂਮਿਕਾ

ਗੁਰਦੁਆਰਾ ਅਰਥਾਤ ਗੁਰੂ ਦਾ ਘਰ ਜਿਥੇ ਸੇਵਾ ਲਈ, ਧਾਰਮਿਕ ਉਪਾਸਨਾ ਲਈ, ਸਮਾਜ ਸੇਵਾ ਲਈ, ਗੁਰਬਾਣੀ ਗਾਯਨ ਲਈ, ਸੰਗਤ ਇਕੱਠੀ ਹੁੰਦੀ ਹੈ, ਉਸਨੂੰ ਗੁਰਦੁਆਰਾ ਕਿਹਾ ਜਾਂਦਾ ਹੈ। ਗੁਰਦੁਆਰਾ ਆਪਣੇ ਆਪ ਵਿੱਚ ਅਨੰਤ ਪਵਿੱਤਰਤਾ ਦਾ ਪੁੰਜ ਹੈ ਜੋ 'ਧਰਮਸ਼ਾਲ' ਦੇ ਰੂਪ ਵਿੱਚ ਆਰੰਭ ਹੋਈਆ। ਅਸਲ ਵਿੱਚ ਧਰਮਸ਼ਾਲ ਹੀ ਆਧੁਨਿਕ ਸਮੇਂ ਦਾ ਸਿੱਖ ਧਾਰਮਿਕ ਅਸਥਾਨ ਗੁਰਦੁਆਰਾ ਹੈ। ਗੁਰਦੁਆਰਾ 'ਧਰਮਸ਼ਾਲ' ਦਾ ਹੀ ਵਿਸਤ੍ਰਿਤ ਰੂਪ ਹੈ। 1530ਈਸਵੀ ਦੇ ਅਖੀਰ ਵਿੱਚ ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਉਪਰੰਤ ਰਾਵੀ ਦਰਿਆ ਦੇ ਕਿਨਾਰ ਕਰਤਾਰਪੁਰ (ਜੋ ਅੱਜਕਲ ਪਾਕਿਸਤਾਨ ਵਿੱਚ ਹੈ) ਵਿਖੇ ਆ ਬਿਰਾਜੇ। ਗੁਰੂ ਨਾਨਕ ਸਾਹਿਬ ਦੇ ਵਿਅਕਤੀਤਵ ਦੀ ਸੁਗੰਧ ਚਾਰੇ ਦਿਸ਼ਾਵਾਂ ਵਿੱਚ ਫੈਲ ਚੁੱਕੀ ਸੀ। ਹਰ ਪਾਸਿਓ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗੀਆ। ਹਰ ਜਾਤ ਅਤੇ ਮਜ਼ਹਬ ਦਾ ਮਨੁੱਖ ਗੁਰੂ ਜੀ ਕੋਲ ਆਉਂਦਾ ਸੀ। ਗੁਰੂ ਨਾਨਕ ਸਾਹਿਬ ਦਿਨ ਵਿੱਚ ਕੁਝ ਸਮਾਂ ਖੇਤੀ ਕਰਦੇ ਅਤੇ ਬਾਕੀ ਦੇ ਸਮੇਂ ਵਿੱਚ ਭਜਨ ਕੀਰਤਨ ਆਦਿ ਕਰਦੇ। ਖੇਤੀ ਤੋਂ ਜੋ ਆਉਂਦਾ ਉਸਦਾ ਆਉਣ ਵਾਲੀ ਸੰਗਤ ਵਾਸਤੇ ਲੰਗਰ ਲੱਗਦਾ। ਗੁਰੂ ਨਾਨਕ ਸਾਹਿਬ ਦਾ ਮੰਤਵ ਇੱਕ ਚੰਗਾ ਜੀਵਨ ਜੀ ਲੋਕਾਂ ਅੱਗੇ ਇੱਕ ਆਦਰਸ਼ ਪੇਸ਼ ਕਰਨਾ ਸੀ। ਜਿਸ ਨਾਲ ਸਾਰੇ ਸਮਾਜ ਵਿੱਚ ਆਪਸੀ ਭਾਈਚਾਰਾ ਅਤੇ ਪ੍ਰੇਮ ਭਾਵਨਾ ਵੱਧੇ। ਇਸ ਲਈ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਇੱਕ ਧਾਰਮਿਕ ਕੇਂਦਰ 'ਧਰਮਸ਼ਾਲ' ਦੀ ਸਥਾਪਨਾ ਕੀਤੀ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਕਰਦੇ ਹਨ:

ਧਰਮਸਾਲ ਕਰਤਾਰ ਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ॥

ਵਾਰਾਂ ਭਾਈ ਗੁਰਦਾਸ ਜੀ, 24-1

## 4.1 ਧਰਮਸ਼ਾਲ ਦਾ ਅਰਥ

ਇਸ ਧਰਮਸ਼ਾਲ ਦਾ ਅਰਥ ਹੈ ਜਿਥੇ ਧਰਮ ਦੀ ਕਿਰਿਆ ਹੋਵੇ ਜਾਂ ਧਰਮ ਕਮਾਉਣ ਵਾਲੀ ਥਾਂ। ਇਸ ਅਸਥਾਨ ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਅਰਾਮ ਕਰਨ ਵਾਸਤੇ ਬਿਨਾ ਕਿਸੇ ਪੈਸੇ ਦੇ ਨਿਵਾਸ ਸਥਾਨ ਪ੍ਰਾਪਤ ਹੁੰਦਾ ਹੈ, ਹਰੇਕ ਨੂੰ ਅੰਨ-ਪਾਣੀ ਦੀ ਸੁਵਿਧਾ ਪ੍ਰਾਪਤ ਹੋਵੇ, ਭਜਨ-ਬੰਦਗੀ ਅਤੇ ਸਤਿਸੰਗ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਜਿਸ ਥਾਂ ਸਤਿਗੁਰਾਂ ਦੇ ਦਸ ਸਰੂਪਾਂ ਵਿਚੋਂ ਕਿਸੇ ਗੁਰੂ ਸਾਹਿਬਾਨ ਦੇ ਚਰਣ ਪਏ ਹੋਣ ਅਤੇ ਇਤਿਹਾਸਕ ਘਟਨਾ ਹੋਈ ਹੈ, ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਵਿਸ਼ਾਲ ਲੰਗਰ, ਵਿਦਿਯਾ, ਕੀਰਤਨ ਆਦਿ ਦਾ ਗੁਰ ਮਰਯਾਦਾ ਅਨੁਸਾਰ ਪ੍ਰਬੰਧ ਹੈ, ਇਸਦੀ ਗੁਰਦੁਆਰਾ ਸੰਗਯਾ ਹੈ।' ਸਮੇਂ ਦੇ ਨਾਲ-ਨਾਲ ਇਸਦੇ ਨਾਂ ਵਿੱਚ ਤਬਦੀਲੀ ਆਂਦੀ ਰਹੀ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਸਾਹਿਬ ਤੱਕ ਸਿੱਖਾਂ ਦੇ ਮੰਦਰਾਂ ਦਾ ਨਾਂ 'ਧਰਮਸ਼ਾਲਾ' ਰਿਹਾ। ਜਦੋਂ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਵਿੱਚ ਧਰਮ ਮੰਦਰ ਬਣਾਇਆ ਤਾਂ ਉਸਦਾ ਨਾਂ 'ਹਰਿਮੰਦਰ' ਰੱਖਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਧਰਮਸ਼ਾਲਾ ਤੋਂ ਇਸਦਾ ਨਾਮ ਹਰਿਮੰਦਰ ਪ੍ਰਚਲਿਤ ਹੋਇਆ ਅਤੇ ਫਿਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 1595-1644 ਦੇ ਸਮੇਂ ਤੋਂ ਇਸਦਾ ਨਾਮ 'ਗੁਰਦੁਆਰਾ' ਸਾਹਿਬ ਹੋਂਦ ਵਿੱਚ ਆਇਆ।

ਜਦੋਂ ਧਰਮਸ਼ਾਲ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਉਦੋਂ 'ਧਰਮਸ਼ਾਲ' ਬਹੁਤ ਉੱਚੀ, ਸੁੰਦਰ, ਸ਼ਾਨੋ-ਸ਼ੌਕਤ ਵਾਲੀ ਇਮਾਰਤ ਨਾ ਹੋ ਕੇ ਇਕ ਸਾਧਾਰਨ ਇੱਕ ਜਾਂ ਦੋ ਕਮਰਿਆਂ ਦੀ ਇਮਾਰਤ ਸੀ। W H Mcleod ਆਪਣੀ ਪੁਸਤਕ The Evaluation of The Sikh Community ਵਿੱਚ ਲਿਖਦੇ ਹਨ ਕਿ- 'ਮੁੱਢਲੇ ਸਿੱਖ ਸਾਹਿਤ

ਵਿੱਚ 'ਧਰਮਸ਼ਾਲ' ਸੰਬੰਧੀ ਬੜੇ ਸੰਕੇਤ ਮਿਲਦੇ ਹਨ, ਜਿੱਥੇ ਸਿੱਖਾਂ ਦੀ ਸਮੂਹਿਕ ਤੇ ਭਾਈਚਾਰਕ ਜ਼ਿੰਦਗੀ ਵਿੱਚ 'ਧਰਮਸ਼ਾਲ' ਦੀ ਮਹੱਤਤਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ।' ਗੁਰੂ ਸਾਹਿਬਾਨ ਨੇ ਸੰਗਤਾਂ ਦੀ ਵੱਧਦੀ ਗਿਣਤੀ ਨੂੰ ਸਾਹਮਣੇ ਰੱਖਦਿਆਂ ਕਰਤਾਰਪੁਰ, ਗੋਇੰਦਰਵਾਲ, ਖਡੂਰ ਸਾਹਿਬ ਅੰਮ੍ਰਿਤਸਰ, ਤਰਨਤਾਰਨ ਆਦਿ ਥਾਵਾਂ ਤੇ ਧਰਮਸ਼ਾਲਾਵਾਂ ਸਥਾਪਿਤ ਕਰਵਾਈਆਂ। ਜਿਆਦਾਤਰ ਧਰਮਸ਼ਾਲਾਵਾਂ ਉੱਥੇ ਬਣੀਆਂ ਜਿਸ ਅਸਥਾਨ ਨੂੰ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਸੀ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450

'ਧਰਮਸ਼ਾਲ' ਅਸਲ ਵਿੱਚ ਉਹ ਧਾਰਮਿਕ ਕੇਂਦਰ ਸੀ ਜਿਥੇ ਸਿਮਰਨ, ਕੀਰਤਨ, ਪੂਜਾ ਤੇ ਉਪਾਸਨਾ ਕੀਤੀ ਜਾਂਦੀ ਸੀ।

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।

ਵਾਰਾਂ ਭਾਈ ਗੁਰਦਾਸ, 1–27

ਗੁਰੂ ਦੁਆਰੇ ਆਇ ਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ।

ਉਹੀ, ਪੰਨਾ 9–17

ਗੁਰੂ ਸਾਹਿਬ ਜਿੱਥੇ-ਜਿੱਥੇ ਪਧਾਰੇ ਉੱਥੇ-ਉੱਥੇ ਉਹਨਾਂ ਦੀ ਯਾਦ ਵਿੱਚ ਧਰਮਸ਼ਾਲਾਵਾਂ ਹੋਂਦ ਵਿੱਚ ਆਈਆਂ। ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਇਹਨਾਂ ਧਰਮਸ਼ਾਲਾਵਾਂ ਵਿੱਚ ਸੁਰੱਖਿਅਤ ਹੋਣ ਕਾਰਣ ਇਹਨਾਂ ਧਰਮਸ਼ਾਲਾਵਾਂ ਨੂੰ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਮਿਲੀ। ਧਰਮਸ਼ਾਲਾਵਾਂ ਧਾਰਮਿਕ ਉਪਾਸਨਾ ਤੋਂ ਇਲਾਵਾ ਸਿੱਖਾਂ ਦੀਆਂ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਈਆਂ। 'ਧਰਮਸ਼ਾਲ' ਵਿੱਚ ਲੰਗਰ ਦੀ ਵਿਵਸਥਾ ਹੁੰਦੀ ਅਤੇ ਬਿਨਾ ਕਿਸੇ ਜਾਤੀ ਭੇਦ ਤੋਂ ਸਭ ਨੂੰ ਇਕੋ ਜਿਹਾ ਪ੍ਰਬੰਧ ਮਿਲਦਾ। ਇੱਥੇ ਸੰਗਤਾਂ ਨੂੰ ਜੀਵਨ ਲਈ ਸਹੀ ਸੇਧ ਦੇਣ ਵਾਲੀ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਸੀ। ਧਰਮ ਦੇ ਸਹੀ ਸਿਧਾਂਤਾਂ ਨੂੰ ਸੰਗਤ ਵਿੱਚ ਦੱਸਿਆ ਜਾਂਦਾ ਸੀ। ਇਸਦੇ ਨਾਲ-ਨਾਲ ਧਰਮਸ਼ਾਲ ਇੱਕ ਵਿਦਿਅਕ ਕੇਂਦਰ ਵਜੋਂ ਵੀ ਜਾਣਿਆ ਜਾਣ ਲੱਗਾ ਕਿਉਂਕਿ ਇਥੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਦਾ ਪ੍ਰਬੰਧ ਸੀ। ਸੰਗਤ ਦੀ ਮੰਗ ਕਰਕੇ ਗੁਰੂ ਸਾਹਿਬਾਨ ਨੇ ਗੁਰਬਾਣੀ ਦੀਆਂ ਪੋਥੀਆਂ ਸੰਗਤਾਂ ਨੰ ਭੇਜਦੇ ਰਹਿੰਦੇ ਅਤੇ ਸੰਗਤਾਂ 'ਧਰਮਸ਼ਾਲ' ਦੀ ਮਹੱਤਤਾ ਨੂੰ ਜਾਣਦਿਆਂ ਇਥੇ ਪੋਥੀਆਂ ਦਾ ਪ੍ਰਕਾਸ਼ ਕਰ ਲੈਂਦੀਆਂ ਸਨ। 'ਧਰਮਸ਼ਾਲ' ਆਤਮ-ਨਿਰਭਰ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਆਈ ਕਿਉਂਕਿ ਇਸ ਦੀ ਸਥਾਪਨਾ, ਦੇਖ-ਰੇਖ ਦਾ ਪ੍ਰਬੰਧ ਸੰਗਤ ਖੁਦ ਕਰਦੀ ਸੀ। ਸੰਗਤ ਤੋਂ ਹੀ 'ਧਰਮਸ਼ਾਲ' ਸੰਸਥਾ ਦਾ ਉਦਭਵ ਹੋਇਆ। ਗੁਰੂ ਸਾਹਿਬ ਨੇ ਨਰੋਏ ਸਮਾਜ ਲਈ ਪੂਰਨੇ ਪਾ ਦਿੱਤੇ ਸਨ। ਇਹਨਾਂ ਸਿਧਾਤਾਂ ਨੂੰ ਦ੍ਰਿੜ ਕਰਨ ਲਈ ਸੰਗਤਾਂ ਨੇ ਧਰਮਸ਼ਾਲ ਦੀ ਜ਼ਰੂਰਤ ਨੂੰ ਅਨੁਭਵ ਕਰ ਲਿਆ ਅਤੇ ਇਸ ਉੱਪਰ ਤਨ, ਮਨ, ਧਨ ਦੁਆਰਾ ਕੰਮ ਹੋਇਆ। ਗੁਰੂ ਨਾਨਕ ਸਾਹਿਬ ਕੋਲ ਸੰਗਤਾਂ ਅਰਬ, ਈਰਾਕ, ਅਫਗਾਨਿਸਤਾਨ, ਚੀਨ, ਤਿੱਬਤ, ਸ੍ਰੀ ਲੰਕਾ ਆਦਿ ਦੂਰ-ਦੁਰਾਡੇ ਦੇਸ਼ਾਂ ਤੋਂ ਆਉਂਦੀਆਂ ਸਨ। ਕਰਤਾਰਪੁਰ ਵਿਖੇ ਪਹਿਲੀ ਸਿੱਖ ਧਰਮਸ਼ਾਲ ਸਥਾਪਿਤ ਹੋਈ। ਗੁਰੂ ਨਾਨਕ ਸਾਹਿਬ ਦੀ 'ਜਪੁ' ਬਾਣੀ ਜਿਸਨੂੰ ਬੀਜ ਬਾਣੀ ਕਿਹਾ ਜਾਂਦਾ ਹੈ ਵਿਚ ਧਰਮਸ਼ਾਲ ਦਾ ਬੀਜ ਰੂਪ ਮਿਲਦਾ ਹੈ।

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-7

ਗੁਰੂ ਨਾਨਕ ਸਾਹਿਬ ਨੇ ਸਾਰੀ ਧਰਤੀ ਨੂੰ 'ਧਰਮਸ਼ਾਲ' ਕਹਿ ਕੇ ਉਹਨਾਂ ਆਪਣੀ ਦੂਰ-ਦਰਸ਼ਿਤਾ ਨੂੰ ਪ੍ਰਗਟਾਇਆ ਹੈ। ਧਰਮਸ਼ਾਲ ਇੱਕ ਉਹ ਅਸਥਾਨ ਹੈ ਜਿੱਥੇ ਧਰਮ ਅਨੁਸਾਰ ਕਰਮ ਕਰਨ ਦੀ ਪ੍ਰੇਰਣਾ ਪ੍ਰਾਪਤ ਕਰਕੇ ਉਹਨਾਂ ਕਰਮਾਂ ਅਨੁਸਾਰ ਪੂਰੀ ਧਰਤੀ ਤੇ ਵਿਚਰਨਾ ਹੈ। 'ਧਰਮ' ਦੀ ਅਰਥ 'ਨਿਰਮਲ ਕਰਮ' ਅਤੇ 'ਸ਼ਾਲਾ' ਦਾ ਅਰਥ ਨਿਰਮਲ ਕਰਮਾਂ ਬਾਰੇ ਜਾਣਕਾਰੀ ਦੇਣ ਵਾਲਾ ਸਥਾਨ। 'ਸ਼ਾਲਾ' ਦਾ ਅਰਥ ਵਿਸ਼ੇਸ਼ ਕੰਮ ਵਾਸਤੇ ਬਣੀ ਜਗ੍ਹਾਂ ਤੋਂ ਹੈ। ਇਸ ਲਈ ਗੁਰੂ ਸਾਹਿਬ ਨੇ ਜੋ ਕਰਤਾਰਪੁਰ ਵਿਖੇ 'ਧਰਮਸ਼ਾਲ' ਬਣਾਈ ਉੱਥੇ ਸੰਗਤਾਂ ਨੂੰ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਵਾਸਤੇ ਸਿੱਖਿਆ ਦਿੱਤੀ ਜਾਂਦੀ ਸੀ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਨੇ ਸਾਰੀ ਧਰਤੀ ਨੂੰ ਹੀ ਧਰਮਸ਼ਾਲ ਬਣਾਇਆ ਹੈ ਭਾਵ ਮਨੁੱਖ ਨੂੰ ਧਰਤੀ ਉੱਪਰ ਧਰਮ ਹੀ ਕਮਾਉਣਾ ਚਾਹੀਦਾ ਹੈ। ਪਰਮਾਤਮਾ ਨੇ ਧਰਤੀ ਦਾ ਨਿਰਮਾਣ ਹੀ ਧਰਮ ਕਮਾਉਣ ਵਾਸਤੇ ਕੀਤਾ ਹੈ।

ਧਰਤਿ ਉਪਾਇ ਧਰੀ ਧਰਮਸਾਲਾ॥

ਉਹੀ, ਪੰਨਾ 1033

ਗੁਰੂ ਨਾਨਕ ਸਾਹਿਬ ਨੇ ਭਾਵੇਂ ਕਰਤਾਰਪੁਰ ਵਿਖੇ ਪਹਿਲਾਂ 'ਧਰਮਸ਼ਾਲ' ਸਥਾਪਿਤ ਕੀਤੀ, ਪਰ ਗੁਰੂ ਸਾਹਿਬ ਜਿੱਥੇ-ਜਿੱਥੇ ਗਏ ਉੱਥੇ ਵੀ ਕਈ ਜਗ੍ਹਾਂ ਤੇ ਸਰਧਾਲੂਆਂ ਨੇ ਧਰਮਸ਼ਾਲਾਵਾਂ ਦਾ ਨਿਰਮਾਣ ਕੀਤਾ। ਪੁਰਤਾਨ ਜਨਮਸਾਖੀ ਅਨੁਸਾਰ ਤੁਲੰਬਾ ਵਿੱਚ ਪਹਿਲੀ ਧਰਮਸ਼ਾਲ ਬਣੀ। ਮਿਹਰਬਾਨ ਵਾਲੀ ਜਨਮਸਾਖੀ ਇਸਦੀ ਗਵਾਹੀ ਭਰਦੀ ਹੈ:

> ਉਹਾਂ ਸੰਗਤਿ ਹੋਇ ਫਿਰ ਸਜਣ ਸਨਮੁਖ ਹੋਅ ਧਰਮਸਾਲਾ ਉਜਾਗਗਾ ਗੁਰੂ ਬਾਬੇ ਰੱਖੀ।....... ਧੰਨ ਗੁਰੂ ਬਾਬਾ ਨਾਨਕ ਜਿਸੁ ਕੇ ਪਰਸਾਦਿ ਕਲੀ ਕਾਲਿ ਵਿਚ ਲੋਕ ਲਗੇ ਕੀਰਤਨੁ ਕਰਣ, ਸੁਨਣੈ ਸਮਝਣੈ ਗੁਰੂ ਬਾਬੇ ਕੈ ਪਰਸਾਦਿ।

ਜਿਸ ਤਰ੍ਹਾਂ ਵਿਦਿਆਰਥੀ ਪਾਠਸ਼ਾਲਾ ਵਿੱਚ ਜੋ ਸਿੱਖਦਾ ਹੈ ਉਸਨੂੰ ਆਪਣੀ ਸਾਰੀ ਜ਼ਿੰਦਗੀ ਵਿੱਚ ਹੰਡਾਉਂਦਾ ਹੈ। ਉਸੇ ਤਰ੍ਹਾਂ ਜੋ 'ਧਰਮਸ਼ਾਲ' ਵਿੱਚ ਸਿੱਖਣਾ ਹੈ ਉਸਨੂੰ ਧਰਤੀ ਉੱਪਰ ਵਿਚਰਦਿਆਂ ਕਰਨਾ ਹੈ। 'ਧਰਮਸ਼ਾਲ' ਧਰਮ ਦਾ ਧੁਰਾ ਹੈ। ਜਿੱਥੇ ਅਸਲ ਧਰਮ ਬਾਰੇ ਗਿਆਨ ਦਿੱਤਾ ਜਾਂਦਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮੈਂ ਸੱਚ ਦੀ 'ਧਰਮਸ਼ਾਲ' ਬਣਾਈ ਹੈ। ਅਰਥਾਤ ਉਸ 'ਧਰਮਸ਼ਾਲ' ਵਿੱਚ ਸਤਿ ਦਾ ਆਦਰਸ਼ ਸਮਾਜ ਅੱਗੇ ਪੇਸ਼ ਕੀਤਾ ਹੈ। ਸਮਾਜ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਹਰ ਮਨੁੱਖ ਅੰਦਰ ਪਰਮਾਤਮਾ ਵੱਸਦਾ ਹੈ, ਮਨੁੱਖ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ। ਇਸ ਲਈ ਗੁਰੂ ਸਾਹਿਬ ਗੁਰੂ ਸਿੱਖਾਂ ਨੂੰ ਲੱਭ ਕੇ ਲਿਆਉਂਦੇ ਹਨ ਅਤੇ ਉਹਨਾਂ ਦੇ ਪੈਰ ਧੌਣੇ, ਪੱਖਾ ਝੱਲਣਾ, ਨਿਮਰਤਾ ਨਾਲ ਉਹਨਾਂ ਦੇ ਚਰਨਾਂ ਨੂੰ ਪ੍ਰਣਾਮ ਕਰਦੇ ਸਨ। ਇਸ ਤੋਂ ਇਹ ਪਤਾ ਚੱਲਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ 'ਧਰਮਸ਼ਾਲ' ਪ੍ਰਤੀ ਕੀ ਸੋਚ ਸੀ?

ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥

ਉਹੀ, ਪੰਨਾ 73

ਸ੍ਰੀ ਗੁਰੂ ਅਰਜਨ ਦੇਵ ਜੀ 'ਧਰਮਸ਼ਾਲ' ਨੂੰ ਪਰਮਾਤਮਾ ਦੀ ਸਿਫਤ ਸਲਾਹ ਦਾ ਅਸਥਾਨ ਦੱਸਦੇ ਹੋਏ ਕਹਿੰਦੇ ਹਨ, ਜਿੱਥੇ ਸਾਧ ਸੰਤ ਇੱਕਠੇ ਹੋ ਕੇ ਪਰਮਾਤਮਾ ਦਾ ਧਿਆਨ ਕਰਦੇ ਹਨ। ਗੁਰੂ ਸਾਹਿਬ ਪਰਮਾਤਮਾ ਦੇ ਮੰਦਰਾਂ ਦੀ ਮਹਿਮਾਂ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਦਾ ਦਰਬਾਰ ਸੰਤਾਂ ਦੀ 'ਧਰਮਸ਼ਾਲ' ਵਰਗਾ ਹੈ। ਏਥੇ ਗੁਰੂ ਸਾਹਿਬ 'ਧਰਮਸ਼ਾਲ' ਦੀ ਤੁਲਨਾ ਪਰਮਾਤਮਾ ਦੇ ਦਰਬਾਰ ਨਾਲ ਕਰਦੇ ਹਨ। 'ਧਰਮਸ਼ਾਲ' ਆਨੰਦ ਦੀ ਸਾਲਾ ਹੈ।

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥

ਉਹੀ, ਪੰਨਾ 248

ਧਰਮਸ਼ਾਲ ਦੀ ਮਹੱਤਤਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਦੀ ਦਿਵ ਦ੍ਰਿਸ਼ਟੀ ਤੋਂ ਬਗੈਰ ਕੁਝ ਨਹੀ ਹੋ ਸਕਦਾ ਇਸ ਲਈ ਹੇ ਪਰਮਾਤਮਾ ਗੁਣਾਂ ਤੋਂ ਹੀਨ ਮੈਨੂੰ ਸੰਤਾਂ ਦੀ 'ਧਰਮਸ਼ਾਲਾ' ਵਿਚ ਸਥਾਨ ਦੇ।

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ॥

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ॥

ਉਹੀ, ਪੰਨਾ 518

ਭਾਈ ਗੁਰਦਾਸ ਜੀ ਧਰਮਸ਼ਾਲ ਨੂੰ ਮਾਨਸਰੋਵਰ ਦੀ ਸੰਗਿਆ ਦਿੰਦੇ ਹੋਏ ਕਹਿੰਦੇ ਹਨ ਕਿ 'ਧਰਮਸ਼ਾਲ' ਮਾਨਸਰੋਵਰ ਹੈ ਤੇ ਉੱਥੇ ਆਉਣ ਵਾਲੇ ਗੁਰਸਿੱਖ ਹੰਸ ਹਨ। ਜਿਸ ਤਰ੍ਹਾਂ ਹੰਸਾਂ ਦਾ ਭੋਜਨ ਮੋਤੀ ਹੁੰਦਾ ਹੈ ਉਸੇ ਤਰ੍ਹਾਂ ਗੁਰਸਿੱਖਾਂ ਦਾ ਭੋਜਨ ਸ਼ਬਦ ਦਾ ਕੀਰਤਨ ਹੈ, ਅਰਥਾਤ 'ਧਰਮਸ਼ਾਲ' ਵਿੱਚ ਆਉਣ ਵਾਲੇ ਹੰਸ ਬਣ ਜਾਂਦੇ ਹਨ ਕਿਉਂਕਿ ਉਹ ਦੁਨਿਆਵੀ ਵਿਕਾਰਾਂ ਤੋਂ ਨਿਰਲਿਪਤ ਹੋ ਕੇ ਗੁਰ ਸ਼ਬਦ ਨੂੰ ਸਿਮਰਦੇ ਹਨ। ਏਥੋਂ ਇਹ ਵੀ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ 'ਧਰਮਸ਼ਾਲ' ਵਿੱਚ ਸ਼ਬਦ ਦਾ ਅਭਿਆਸ ਕਰਵਾਉਂਦੇ ਸਨ।

ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ॥

ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ॥

ਵਾਰਾਂ ਭਾਈ ਗੁਰਦਾਸ ਜੀ 9-14

ਗੁਰੂ ਸਾਹਿਬਾਨ ਨੇ ਪਰਮਾਤਮਾ ਦੇ ਉਪਦੇਸ਼ਾਂ ਦੁਆਰਾ ਸੰਗਤਾਂ ਨੂੰ ਇਕੱਠਾ ਕਰਕੇ ਉਹਨਾਂ ਨੂੰ 'ਧਰਮਸ਼ਾਲ' ਵਿੱਚ ਸੇਵਾ ਦੇ ਲਈ ਪ੍ਰੇਰਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸੇਵਾ ਨੂੰ ਸਰਵੋਪਰਿ ਰੱਖ ਕੇ ਉਸ ਦੇ ਮਹੱਤਵ ਨੂੰ ਪੱਕਿਆ ਕਰਨ ਲਈ 'ਧਰਮਸ਼ਾਲ' ਵਿੱਚ ਇਸਦਾ ਵਿਵਹਾਰਿਕ ਪੱਖ ਦਿਖਾਇਆ। ਜਿਸ ਨਾਲ ਸੰਗਤਾਂ ਨੂੰ ਸ਼ੁੱਧ ਆਚਰਣ ਤੋਂ ਅਧਿਆਤਮਿਕਤਾ ਦੀ ਯਾਤਰਾ ਦਾ ਪੰਥ ਦੱਸਿਆ। ਇਸ ਰਸਤੇ ਦਾ ਮੁੱਖ ਗੁਣ ਪ੍ਰੇਮ ਹੈ। ਗੁਰ ਸਾਹਿਬ ਨੇ ਸੰਗਤਾਂ ਦਾ ਆਪਸੀ ਵਿਵਹਾਰ ਸੇਵਾ ਦੁਆਰਾ ਸ਼ੁੱਧ ਕੀਤਾ ਜਿਸ ਨਾਲ ਉਹਨਾਂ ਦਾ ਅੰਤਹਕਰਣ ਸ਼ੁੱਧ ਹੋਇਆ ਜਿਸਦੇ ਫਲਸਰੂਪ ਸੰਗਤਾਂ ਅੰਦਰ ਪ੍ਰੇਮ ਪੈਦਾ ਹੋਇਆ ਜੋ ਪਰਮਾਤਮਾ ਦੇ ਮਿਲਨ ਦਾ ਉੱਤਮ ਸਾਧਨ ਹੈ।

ਪਹਿਲੇ ਗੁਰਿ ਉਪਦੇਸ ਦੇ ਸਿਖ ਪੈਰੀ ਪਾਏ।

ਸਾਧਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।

ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ।

ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਲਾਏ।

ਉਹੀ, 9-17

ਧਰਮਸ਼ਾਲ ਉਹ ਪਾਠਸ਼ਾਲਾ ਬਣ ਗਈ ਸੀ ਜਿੱਥੇ ਗੁਰੂ ਸਾਹਿਬ ਉਪਦੇਸ਼ ਦੁਆਰਾ ਧੀਰਜ, ਧਰਮ ਅਤੇ ਸੇਵਾ ਆਦਿ ਗੁਣਾਂ ਨੂੰ ਸੰਗਤਾਂ ਅੰਦਰ ਪੱਕਾ ਕਰ ਰਹੇ ਸਨ। ਕਿਉਂਕਿ ਉਹ ਜਾਣਦੇ ਸਨ ਕੀ ਦੁਨਿਆਵੀ ਵਿਕਾਰਾਂ ਤੋਂ ਮੁਕਤ ਪ੍ਰਾਣੀ ਹੀ ਅਲੌਕਿਕ ਨਾਮ ਦੀ ਸੰਪਦਾ ਨੂੰ ਗ੍ਰਹਿਣ ਕਰ ਸਕਦਾ ਹੈ। ਜਿਸਦਾ ਜੀਵਨ ਸਦਾਚਾਰ ਅਤੇ ਅਧਿਆਤਮਿਕ ਗੁਣਾਂ ਨਾਲ ਸਜਿਆ ਹੋਇਆ ਹੈ ਉਹੀ ਮਨੁੱਖ ਆਪਣੇ ਪਿਆਰੇ ਪਰਮਾਤਮਾ ਦਾ ਦਰਸ਼ਨ ਦੀਦਾਰ ਕਰ ਸਕਦਾ ਹੈ। 'ਧਰਮਸ਼ਾਲ' ਕਪਟ ਰਹਿਤ ਵਿਵਹਾਰ ਸਿਖਾਉਣ ਵਾਲੀ ਪਾਠਸ਼ਾਲਾ ਬਣ ਚੁੱਕੀ ਸੀ। ਇਸ ਲਈ ਭਾਈ ਗੁਰਦਾਸ 'ਧਰਮਸ਼ਾਲ' ਦੀ ਮਹਿਮਾ ਦਾ ਵਰਣਨ ਕਰਦੇ ਹੋਏ ਇਸਨੂੰ ਸਭ ਪੂਰਿਆਂ ਤੋਂ ਸ਼੍ਰੇਸ਼ਠ ਦਾ ਖਿਤਾਬ ਦਿੰਦੇ ਹਨ।

ਸਤੇ ਪੁਰੀਆ ਸੋਧੀਆ ਸਹਜ ਪੁਰੀ ਸਚੀ ਧਰਮਸਾਲਾ।

ਉਹੀ, 29-8

'ਧਰਮਸ਼ਾਲ' ਅੰਦਰ ਸੰਗਤ ਸਤਿਸੰਗ ਕਰਦੀ, ਨਾਮ ਸਿਮਰਦੀ, ਲੰਗਰ ਦੀ ਸੇਵਾ ਆਦਿ ਸਾਰੇ ਅਧਿਆਤਮਿਕ ਕਰਮ ਹੋ ਰਹੇ ਸਨ। ਧਾਰਮਿਕ ਜੀਵਨ ਦੀ ਸੇਧ ਮਿਲ ਰਹੀ ਸੀ ਪਰ ਲੋਭ ਦੀ ਦ੍ਰਿਸ਼ਟੀ ਬਰਜਤ ਸੀ। ਭਾਈ ਗੁਰਦਾਸ ਜੀ ਕਹਿੰਦੇ ਹਨ ਜਿਸ ਤਰ੍ਹਾਂ ਹਿੰਦੂ ਲਈ ਗਾਂ ਦਾ ਮਾਸ, ਮੁਸਲਮਾਨ ਲਈ ਸੂਅਰ ਦਾ ਮਾਸ, ਜਵਾਈ ਲਈ ਸਹੁਰੇ ਘਰ ਰਹਿਣਾ ਬਰਜਤ ਹੈ ਅਤੇ ਅਰਥ ਰਹਿਤ ਹੈ ਉਸੇ ਤਰ੍ਹਾਂ 'ਧਰਮਸਾਲਹ ਵੱਲ ਲੋਭ ਦੀ ਦ੍ਰਿਸ਼ਟੀ ਰੱਖਣੀ ਇਉਂ ਹੈ ਜਿਵੇਂ ਜ਼ਹਿਰ ਦੀ ਗੋਲੀ ਨੂੰ ਖੰਡ ਵਿੱਚ ਲਪੇਟਿਆ ਹੋਵੇ। ਅਰਥਾਤ ਲੋਭ ਮਨੁੱਖ ਦੇ ਪਤਨ ਦਾ ਕਾਰਣ ਬਣਦਾ ਹੈ।

ਜਿਉ ਮਿਰਯਾਦਾ ਹਿੰਦੂਆ ਗਊ ਮਾਸੁ ਅਖਾਜੁ॥

ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ॥

ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥

ਸਹਾ ਨਾ ਖਾਈ ਚੂਹੜਾ ਮਾਇਆ ਮੁਹਤਾਜੁ॥

ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ॥

ਉਹੀ ਪੰਨਾ 35-12

ਧਰਮਸ਼ਾਲ ਅੰਦਰ ਜੋ ਗਿਆਨ ਮਿਲਿਆ ਉਸ ਨਾਲ ਸਮਾਜ ਵਿੱਚ ਤਬਦੀਲੀ ਆਈ ਇਨਸਾਨ ਅੰਦਰ ਲੋਭ, ਲਾਲਚ, ਈਰਖਾ ਦਵੇਸ਼ ਅਵਗੁਣ ਸਮਾਪਤ ਹੋਣ ਲੱਗੇ, ਆਪਸੀ ਭਾਈਚਾਰਾ ਵਧਿਆ ਅਤੇ ਭੇਦ-ਭਾਵ ਖਤਮ ਹੋਇਆ।

ਇਹੋ ਜਿਹਾ ਸਮਾਜ ਜਿੱਥੇ ਵੀ ਰਹੇਗਾ ਉਹ ਸਥਾਨ'ਧਰਮਸ਼ਾਲ' ਹੀ ਕਿਹਾ ਜਾਵੇਗਾ। ਗੁਰੂ ਸਾਹਿਬਾਨ ਦਾ ਮਕਸਦ ਹਰ ਘਰ ਨੂੰ 'ਧਰਮਸ਼ਾਲ' ਬਣਾਉਣਾ ਹੈ ਜੋ ਉਸ ਸਮੇਂ ਪੂਰਾ ਹੋਇਆ ਜਿਸਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ।

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥

ਉਹੀ ਪੰਨਾ 1-27

**4.2 ਗੁਰਦੁਆਰਾ ਸ਼ਬਦ ਦਾ ਆਰੰਭ**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸ਼ਾਲ ਨੂੰ 'ਗੁਰਦੁਆਰਾ' ਸਾਹਿਬ ਕਿਹਾ ਜਾਣ ਲੱਗਾ ਜਿਸਦੀ ਬਾਹਰੀ ਪਹਿਚਾਨ ਆਤਮਾ ਦੀ ਖੁਰਾਕ ਨਾਲ-ਨਾਲ ਸਰੀਰ ਦੀ ਖੁਰਾਕ ਦਾ ਵੀ ਪ੍ਰਬੰਧ ਹੋਵੇ। ਨਾਮਕਰਣ ਵਿੱਚ ਤਦਬੀਲੀ ਮਹੱਤਵਪੂਰਨ ਸੀ। ਗਿਆਨੀ ਗਿਆਨ ਸਿੰਘ 'ਗੁਰਧਾਮ ਸੰਗ੍ਰਹਿ' ਵਿਚ ਲਿਖਦੇ ਹਨ। 'ਇਹ ਉਹ ਪੂਜਨੀਕ ਅਸਥਾਨ ਹੈ ਜਿਥੇ 'ਦਸ ਸਤਿਗੁਰੂ' ਦੇ ਚਰਨ ਪਏ ਉਹ ਜਗ੍ਹਾਂ ਪਵਿੱਤਰ ਅਤੇ ਸੁਖਦਾਇਕ ਹੋ ਗਈ ਅਤੇ ਗੁਰਦਵਾਰ ਕਹਿਲਾਈ।'

ਪੂਜਨੀਕ ਅਸਥਾਨ ਵਹਿ ਭਏ ਨਾਮ ਗੁਰਦੁਆਰ

ਡਾ. ਨਰਿੰਦਰ ਕੌਰ ਭਾਟੀਆ ਜੀ ਪ੍ਰਮੁੱਖ ਸਿੱਖ ਸੰਸਥਾਵਾਂ ਵਿੱਚ ਲਿਖਦੇ ਹਨ, 'ਗੁਰੂ ਅੰਗਦ ਦੇਵ ਜੀ ਦੇ ਵੇਲੇ ਇਹਨਾਂ ਧਰਮਸ਼ਾਲਾਵਾਂ ਨੇ ਧਾਰਮਿਕ ਸਿੱਖਿਆ ਦੇ ਨਾਲ-ਨਾਲ ਵਿਦਿਅਕ ਕੇਂਦਰਾਂ ਦਾ ਰੂਪ ਧਾਰਨ ਕਰ ਲਿਆ।' ਇਹਨਾਂ ਵਿਦਿਅਕ ਕੇਂਦਰਾਂ ਵਿੱਚ ਗੁਰਮੁਖੀ ਦੀ ਸਿਖਲਾਈ ਦੇ ਨਾਲ-ਨਾਲ ਕੀਰਤਨ ਵਿਦਿਆ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ। ਗੁਰੂ ਅੰਗਦ ਦੇਵ ਜੀ ਨੇ ਛੋਟੇ ਬਾਲਕਾਂ ਲਈ ਬਾਲ-ਬੋਧ ਤਿਆਰ ਕਰਵਾਏ। ਇਹਨਾਂ ਧਰਮਸ਼ਾਲਾਵਾਂ ਵਿੱਚ ਹੀ ਬਾਣੀ ਦੀਆਂ ਪੋਥੀਆਂ ਤਿਆਰ ਕਰਵਾਈਆ ਜਾਂਦੀਆਂ ਸਨ।

ਡਾ. ਵਜ਼ੀਰ ਸਿੰਘ ਪ੍ਰਮੁੱਖ ਸਿੱਖ ਸੰਸਥਾਵਾਂ ਵਿੱਚ ਲਿਖਦੇ ਹਨ 'ਗੁਰੂ ਸਾਹਿਬ ਦੇ ਨਿਵਾਸ ਸਥਾਨ ਨੂੰ ਗੁਰਦੁਆਰੇ ਦਾ ਦਰਜਾ ਦੇ ਕੇ, ਸਰਧਾਲੂਆਂ ਨੇ ਇੱਕ ਨਵਾਂ ਕੇਂਦਰ ਸਥਾਪਿਤ ਕਰ ਲਿਆ, ਜਿੱਥੇ ਉਹ ਰਲ-ਮਿਲ ਕੇ ਗੁਰੂ ਜੀ ਦੇ ਬਚਨ-ਬਿਲਾਸ ਸੁਣਦੇ ਤੇ ਨੈਤਿਕ ਅਧਿਆਤਮਿਕ ਅਗਵਾਈ ਪ੍ਰਾਪਤ ਕਰਦੇ।' ਗੁਰਦੁਆਰਾ ਸਿੱਖਾਂ ਦੀ ਪਹਿਲੀ ਸੰਸਥਾ ਵਜੋਂ ਸਥਾਪਿਤ ਹੋਇਆ। ਗੁਰਦੁਆਰੇ ਵਿੱਚ ਸੰਗਤਾਂ ਲੰਗਰ ਤੇ ਪੰਗਤ ਤੋਂ ਇਲਾਵਾ ਪਾਠ, ਕਥਾ-ਕੀਰਤਨ ਕਰਨਾ, ਸੰਗਤਾਂ ਦੀ ਰਿਹਾਇਸ਼ ਲਈ ਸਰਾਵਾਂ ਦਾ ਨਿਰਮਾਣ, ਬਿਮਾਰਾਂ ਲਈ ਦਵਾਈ ਦਾ ਪ੍ਰਬੰਧ, ਪਾਣੀ ਦੇ ਭੰਡਾਰ ਲਈ ਸਰੋਵਰਾਂ ਦਾ ਨਿਰਮਾਣ, ਬੱਚਿਆਂ ਲਈ ਵਿਦਿਆਕ ਅਦਾਰਿਆਂ ਦਾ ਨਿਰਮਾਣ ਆਦਿ ਸ਼ਾਮਿਲ ਹੋ ਗਈਆਂ।

ਡਾ. ਵਜ਼ੀਰ ਸਿੰਘ ਲਿਖਦੇ ਹਨ, 'ਗੁਰੂ ਹਰਗੋਬਿੰਦ ਸਾਹਿਬ ਨੇ ਗੁਰਦੁਆਰੇ ਨੂੰ ਇੱਕ ਨਵੀ ਸੰਸਥਾ ਦਾ ਸਰੂਪ ਦਿੰਦਿਆਂ 'ਅਕਾਲ ਤਖ਼ਤ' ਸਥਾਪਿਤ ਕੀਤਾ, ਜੋ ਸਿੱਖ ਭਾਈਚਾਰੇ ਲਈ ਰਾਜ-ਸਿੰਘਾਸਨ ਵਜੋਂ ਉਭਰਿਆ।'

ਬਾਕੀਆਂ ਤੋਂ ਕੁਝ ਵੱਖਰੀ ਦਿੱਖ ਵਾਲਾ ਨਿਸ਼ਾਨ ਸਾਹਿਬ ਜਾਂ ਸਿੱਖ ਝੰਡਾ, ਜਿਸਦਾ ਰੰਗ ਕੇਸਰੀ ਜਾਂ ਨੀਲਾ ਹੁੰਦਾ ਹੈ। ਇਸ ਝੰਡੇ ਨੂੰ 'ਗੁਰਦੁਆਰਾ ਸਾਹਿਬ' ਦੀ ਇਮਾਰਤ ਜਾਂ ਇਮਾਰਤ ਦੇ ਨੇੜੇ ਅਲੱਗ ਬਣੇ ਅਸਥਾਨ ਜਿਸਨੂੰ ਨਿਸ਼ਾਨ ਸਾਹਿਬ ਕਹਿੰਦੇ ਹਨ, ਉਥੇ ਲਹਿਰਾਉਂਦਾ ਨਜ਼ਰ ਆਉਂਦਾ ਹੈ। ਪੁਰਾਤਨ 'ਜਪੁਜੀ' ਸਾਹਿਬ ਦੀਆਂ ਪੋਥੀਆਂ ਤੇ 'ਜਪੁ ਨੀਸਾਣੁ' ਲਿਖਿਆ ਹੋਇਆ ਮਿਲਦਾ ਹੈ। ਜਪੁ ਮਨੁੱਖ ਨੂੰ ਨਿਰਭਓ ਵੱਲ ਲੈ ਕੇ ਜਾਂਦਾ ਹੈ ਅਤੇ 'ਨਿਸਾਣ' ਸ਼ਬਦ ਦਾ ਅਰਥ ਧੌਂਸਾ, ਨਗਾਰਾ ਹੈ। ਨਿਸ਼ਾਨ ਨਿਡਰਤਾ ਦਾ ਪ੍ਰਤੀਕ ਹੈ। ਨਿਡਰਤਾ ਸਿਰਫ ਤੇ ਸਿਰਫ ਬ੍ਰਹਮ ਗਿਆਨੀ ਅੰਦਰ ਹੋ ਸਕਦੀ ਹੈ ਦੂਸਰੇ ਅੰਦਰ ਨਹੀ। ਇਸਦਾ ਅਰਥ ਹੈ ਕਿ 'ਗੁਰਦੁਆਰਾ ਸਾਹਿਬ' ਬ੍ਰਹਮ ਗਿਆਨੀਆਂ ਦਾ ਪੁੰਜ ਹੈ। ਗੁਰਬਾਣੀ ਅਨੁਸਾਰ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਉਹੀ, ਪੰਨਾ 1427

## 4.3 ਗੁਰਦੁਆਰਾ ਸਾਹਿਬ ਦਾ ਉਦੇਸ਼

ਅਸਲ ਵਿੱਚ ਜਿੱਥੇ ਹਰੇਕ ਮਨੁੱਖ ਨੂੰ ਅਭੈਦਾਨ ਪ੍ਰਾਪਤ ਹੁੰਦਾ ਹੈ। ਉਸਨੂੰ ਆਪੇ ਦੀ ਸੋਝੀ ਹੁੰਦੀ ਹੈ। ਇਥੇ ਆਉਣ ਵਾਲੀਆਂ ਪਵਿੱਤਰ ਆਤਮਾਵਾਂ ਨੂੰ ਸਤਿਸੰਗ, ਏਕਤਾ, ਬਰਾਬਰੀ ਵਾਲਾ ਨਰੋਆ ਵਾਤਾਵਰਣ ਪ੍ਰਾਪਤ ਹੁੰਦਾ ਹੈ। ਰੂਪ ਸਿੰਘ ਆਪਣੀ ਪੁਸਤਕ 'ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ' ਵਿੱਚ ਲਿਖਦੇ ਹਨ- 'ਗੁਰਦੁਆਰਾ, ਇੱਟਾਂ, ਚੂਨਾ, ਮਿੱਟੀ, ਸੀਮਿੰਟ, ਲੋਹਾ, ਲੱਕੜ, ਸੰਗਮਰਮਰ ਜਾਂ ਕੋਈ ਕੀਮਤੀ ਨਕਾਸ਼ੀਆਂ, ਮੀਨਾਕਾਰੀਆਂ ਨਾਲ ਨਹੀਂ ਬਣਦਾ। ਇਹ ਸਭ ਵਸਤਾਂ ਤਾਂ ਹੋਟਲਾਂ, ਕਲੱਬਾਂ, ਨਾਚ ਘਰਾਂ, ਸ਼ਰਾਬਖਾਨਿਆਂ ਦੇ ਮਕਬਰੇ ਵਿੱਚ ਵੀ ਲੱਗੀਆਂ ਹੁੰਦੀਆਂ ਹਨ ਪਰ ਉਹ ਮਨੁੱਖ ਨੂੰ ਅਸਲ ਜ਼ਿੰਦਗੀ ਨਹੀ ਦੇ ਰਹੇ ਹੁੰਦੇ, ਸਗੋਂ ਉਹ ਤਾਂ ਜ਼ਿੰਦਗੀ ਤੋਂ ਬਹੁਤ ਦੂਰ ਹਨ।'

'ਗੁਰਦੁਆਰਾ ਸਾਹਿਬ' ਦੀ ਮਹੱਤਤਾ ਅਧਿਆਤਮਿਕਤਾ ਨਾਲ ਹੈ ਜੋ ਭੌਤਿਕ ਸੰਸਾਰ ਵਿੱਚ ਵਿਚਰਣ ਨਾਲ ਨਹੀ ਬਲਕਿ ਸਿਮਰਨ ਨਾਲ ਬਣਦੀ ਹੈ। ਗੁਰਦੁਆਰੇ ਦਾ ਵਿਸ਼ੇਸ਼ ਅੰਗ ਸੰਗਤ ਅਤੇ ਪੰਗਤ ਹਨ। ਸੰਗਤ ਪਰਮਾਤਮਾ ਨਾਲ ਜੋੜਦੀ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮੈਨੂੰ ਸਤਿਗੁਰ ਨੇ ਇਹ ਸਮਝਾ ਦਿੱਤਾ ਹੈ ਕਿ ਨਾਮ ਸਿਮਰਨ ਹੀ ਪਰਮਾਤਮਾ ਦਾ ਹੁਕਮ ਹੈ। ਅਸਲ ਵਿੱਚ ਉਹ ਹੀ ਸੰਗਤ ਹੈ ਜਿੱਥੇ ਪਰਮਾਤਮਾ ਦਾ ਸਿਮਰਨ ਹੁੰਦਾ ਹੈ। ਗੁਰਬਾਣੀ ਅਨੁਸਾਰ-

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

ਉਹੀ, ਪੰਨਾ 72

ਸਤਿਸੰਗਤ ਨਾਲ ਹੀ ਮਨੁੱਖ ਅੰਦਰੋਂ ਵਿਕਾਰਾਂ ਦੀ ਮੈਲ ਸਾਫ ਹੁੰਦੀ ਹੈ ਅਤੇ ਪੰਗਤ ਮਨੁੱਖੀ ਮਨ ਦੇ ਸਾਰੇ ਭੇਦ-ਭਾਵਾਂ ਨੂੰ ਖਤਮ ਕਰਦੀ ਹੈ। ਗੁਰੂ ਸਾਹਿਬਾਨ ਨੇ ਅਧਿਆਤਮਿਕ ਭੁੱਖ ਨੂੰ ਦੂਰ ਕਰਨ ਦੇ ਨਾਲ-ਨਾਲ ਭੌਤਿਕ ਭੁੱਖ ਨੂੰ ਵੀ ਦੂਰ ਕਰਕੇ ਸਮਾਜ ਅੱਗੇ ਇੱਕ ਆਦਰਸ਼ ਪੇਸ਼ ਕੀਤਾ। ਇਹਨਾਂ ਕਾਰਜਾਂ ਕਰਕੇ 'ਗੁਰਦੁਆਰਾ ਸਾਹਿਬ'ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। 'ਗੁਰਦੁਆਰਾ ਸਾਹਿਬ' ਦਾ ਇਹ ਉਪਰਾਲਾ ਸਾਰੀ ਲੋਕਾਈ ਲਈ ਔਸ਼ਧੀ (ਦਵਾਈ) ਦਾ ਕੰਮ ਕਰਦਾ ਹੈ। ਗੁਰੂ ਸਾਹਿਬ ਦਾ ਵਾਕ ਹੈ-

ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥

ਉਹੀ, ਪੰਨਾ 274

ਗੁਰਦੁਆਰਿਆਂ ਦੇ ਪ੍ਰਮੁੱਖ ਕਾਰਜਾਂ ਵਿੱਚ ਨਾਮ ਸਿਮਰਨ ਕਰਨਾ ਅਤੇ ਸੰਗਤ ਨੂੰ ਨਾਮ ਸਿਮਰਨ ਦੀ ਪ੍ਰੇਰਣਾ ਦੇਣਾ ਹੈ। ਗੁਰਬਾਣੀ ਦਾ ਗਾਯਨ ਰਾਗਾਂ ਦੇ ਅਧਾਰ ਤੇ ਸਾਜਿੰਦਿਆਂ ਦੀ ਸਹਾਇਤਾ ਨਾਲ ਕਰਨਾ ਅਤੇ ਉਸਦੀ ਵਿਆਖਿਆ ਕਰਨਾ ਹੈ। ਗੁਰਦੁਆਰੇ ਸਮਾਜ ਸੇਵਾ ਲਈ ਭਾਈਚਾਰਕ ਕੇਂਦਰ, ਸਕੂਲ, ਤੀਰਥ, ਸਰਧਾਲੂਆਂ ਲਈ ਵਿਸ਼ਰਾਮ ਘਰ ਆਦਿ ਪਰਉਪਕਾਰੀ ਕੰਮ ਕਰਦੇ ਹਨ।

ਗੁਰਦੁਆਰਿਆਂ ਵਿੱਚ ਸਵੇਰ ਅਤੇ ਸ਼ਾਮ ਦੀਆਂ ਸੇਵਾਵਾਂ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਏ ਜਾਂਦੇ ਹਨ। ਗੁਰਪੁਰਬਾਂ ਨੂੰ ਮਨਾਉਣ ਦਾ ਅਸਲ ਮਕਸਦ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਤੇ ਉਤਾਰਨਾ ਹੈ। ਉਹਨਾਂ ਅਨੁਸਾਰ ਆਪਣਾ ਜੀਵਨ ਜੀਉਣਾ ਹੈ। ਗੁਰਪੁਰਬਾਂ ਦੇ ਸਮਾਗਮਾਂ ਵਿੱਚ ਸੰਤ-ਮਹਾਨਪੁਰਖਾਂ ਦੇ ਅੰਮ੍ਰਿਤਮਈ ਬਚਨਾਂ ਨੂੰ ਸੁਣਨ ਦਾ ਸੁਅਵਸਰ ਪ੍ਰਾਪਤ ਹੁੰਦਾ ਹੈ।

ਗੁਰਦੁਆਰੇ ਸਿੱਖ ਸਮਾਜ ਲਈ ਹੀ ਨਹੀ ਬਲਿਕ ਪੂਰੀ ਮਾਨਵ ਜਾਤੀ ਲਈ ਇੱਕ ਪ੍ਰਭਾਵਸ਼ਾਲੀ ਦੇਣ ਹੈ। ਗਿਆਨੀ ਠਾਕੁਰ ਸਿੰਘ ਜੀ 'ਗੁਰਦੁਆਰੇ ਦਰਸ਼ਨ' ਵਿੱਚ 'ਗੁਰਦੁਆਰਾ ਸਾਹਿਬ' ਦੀ ਮਹਿਮਾ ਬਾਰੇ ਕਹਿੰਦੇ ਹਨ 'ਗੁਰਦੁਆਰੇ ਪਾਪਾਂ ਨੂੰ ਦੂਰ ਕਰਨ, ਜੰਮਾਂ ਦੀ ਫਾਸੀ ਕੱਟਣ, ਹੰਕਾਰ ਨੂੰ ਦੂਰ ਕਰਨ, ਨਾਮ ਜਪਣ, ਉੱਚਾ ਆਚਰਣ ਕਰਨ, ਉਪਕਾਰ ਕਰਨ ਅਤੇ ਦੀਵਾਨ ਲਾ ਕੇ ਪ੍ਰਚਾਰ ਸੁਣਨ ਦੇ ਵਸੀਲੇ ਹਨ।'

> "ਪਾਪਨ ਕੋ ਨਾਸਬੇ ਕੋ, ਕਾਟਬੇ ਕੋ ਜਮਫਾਸ, ਸੰਕਟ ਹਰਨ ਕੋ, ਦਰਸ ਗੁਰੂ ਦੁਆਰ ਹੈ। ਦਾਨਕੇ ਕਰਨ ਕੋ ਹੈ, ਮਾਨਕੇ ਹਰਨ ਹੇਤ ਨਾਮ ਕੇ ਜਪਨ ਔ ਅਚਾਰ ਕੋ ਸੁਧਾਰ ਹੈ। ਦੇਸ ਪਰਦੇਸ ਜੋ ਬਦੇਸ ਫਿਰੈ ਜਹਾਂ ਕਹਾਂ ਜਾਇ ਦੇਖੈ ਗੁਰ ਕੀਨੋ ਉਪਕਾਰ ਹੈ। ਸੰਗਤ ਮਹਾਨ ਆਏ ਲਾਵਤ ਦੀਵਾਨ ਜਹ ਹੈਵਕੋ ਸਵਾਧਾਨ ਤਹਾ ਸੁਨੈ ਪ੍ਰਚਾਰ ਹੈ।"

ਗੁਰਦੁਆਰੇ ਸਿੱਖੀ ਜੀਵਨ ਦਾ ਧੁਰਾ ਹਨ ਜਿੱਥੇ ਮਨੁੱਖ ਨੂੰ ਮਨ ਨੀਵਾਂ ਅਤੇ ਮਤ ਉੱਚੀ ਰੱਖਣ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ। ਗੁਰਦੁਆਰੇ ਇਤਿਹਾਸਕ ਅਤੇ ਸੰਗਤਾਂ ਦੁਆਰਾ ਬਣਾਏ ਗਏ ਦੋ ਤਰ੍ਹਾਂ ਦੇ ਹਨ ਪਰ ਮਰਿਯਾਦਾ ਸਾਰਿਆਂ ਵਿੱਚ ਇੱਕ ਹੈ।

ਤਾਰਾ ਸਿੰਘ ਨਰੋਤਮ ਗੁਰਦੁਆਰਿਆ ਬਾਬਤ 'ਗੁਰ ਤੀਰਥ ਸੰਗ੍ਰਹਿ' ਵਿੱਚ ਲਿਖਦੇ ਹਨ "ਗੁਰੂ ਨਾਨਕ ਸਾਹਿਬ ਜੀ ਸੇ ਲੇਕਰ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਦਸ ਗੁਰੋਂ ਨੇ ਜਹਾਂ ਜਹਾਂ ਜਨਮ ਧਾਰੇ ਹੈ, ਜਹਾਂ ਜਹਾਂ ਸਿੰਘਾਸਨੋ ਪੈ ਭਾਵ ਗੁਰਿਆਈ ਕੇ ਤਖਤੋਂ ਪਰ ਬੈਠੇ ਹੈਂ, ਜਹਾਂ ਜਹਾਂ ਔਰ ਕੋਈ ਬਿਵਾਹ ਆਦਿ ਕੀਏ ਹੈ, ਜਹਾਂ ਜਹਾਂ ਉਪਦੇਸ, ਬਰ, ਸ੍ਰਾਪ, ਬੁਧਾਦਿ ਕ੍ਰਿਤ ਸੇ ਭੂਮੀ ਪਾਵਨ ਕੀ ਹੈ ਔਰ ਦੇਹ ਤਿਆਗ ਜੋਤੀ ਜੋਤ ਸਮਾਏ ਹੈ, ਉਸ ਸਥਾਨੋਂ ਮੇਂ ਕਹੀਂ ਕਹੀਂ ਮੰਦਰ, ਕੂਪ, ਬਾਵਲੀ ਆਦਿਕੋ ਕੀ ਰਚਨਾ ਜਗਤ ਕੀ ਕਲਿਆਣ ਹੇ ਗੁਰੂ ਨੇ ਆਪ ਕਰਾਈ ਹੈ ਔਰ ਸਥਾਨੋਂ ਮੈਂ ਸਿਖੋਂ ਨੇ ਆਪ ਕਰਾਈ ਹੈ। ਨਾਮ ਗੁਰ ਮੰਦਰੋ ਕਾ 'ਗੁਰਦੁਆਰੇ' ਹੈ।"

ਮਨੁੱਖੀ ਵਿਕਾਸ ਵਿੱਚ ਭਰਪੂਰ ਯੋਗਦਾਨ ਪਾਉਂਦਿਆਂ ਗੁਰਦੁਆਰਿਆਂ ਨੇ ਮਨੁੱਖ ਨੂੰ ਕਦਰਾਂ-ਕੀਮਤਾਂ ਦੀ ਸੇਧ ਦਿੱਤੀ। ਉਹ ਸੇਧ ਇਹ ਹੈ ਕਿ ਗੁਰੂ ਲਈ ਸਾਰੀ ਸੰਗਤ ਇਕ ਬਰਾਬਰ ਹੈ। ਉਸ ਲਈ ਕੋਈ ਵੱਡਾ-ਛੋਟਾ ਜਾਂ ਜਾਤ ਦਾ ਭਿੰਨ-ਭੇਦ ਨਹੀਂ ਹੈ। ਇਸ ਸੇਧ ਨਾਲ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਹੋਈ। ਗੁਰੂ ਸਾਹਿਬ ਨੇ ਗੁਰਦੁਆਰਾ ਸਾਹਿਬ ਵਿੱਚ ਰਾਣਾ ਰੰਕ ਬਰਾਬਰੀ ਨੂੰ ਅਪਣਾ ਕੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕੀਤਾ ਜੋ ਤੰਦਰੁਸਤ ਸਮਾਜ ਦੇ ਬਣਤਰ ਦੀ ਬੁਨਿਆਦ ਹੈ। ਗੁਰਦੁਆਰੇ ਵਿੱਚ ਆਈ ਹੋਈ ਸੰਗਤ ਨੂੰ 'ਸਾਧ ਸੰਗਤ' ਦਾ ਦਰਜਾ ਦਿੱਤਾ ਜਾਂਦਾ ਹੈ, ਚਾਹੇ ਉਸ ਸੰਗਤ ਵਿੱਚੋ ਕੋਈ ਇੱਕ ਵਿਅਕਤੀ ਆਪਣੇ ਨਿੱਜੀ ਜੀਵਨ ਵਿੱਚ ਸਾਧ ਵਾਲੇ ਕੋਈ ਵੀ ਗੁਣ ਨਾ ਰੱਖਦਾ ਹੋਵੇ। ਇਸ ਸਨੇਹੁ ਪਿਆਰ ਨਾਲ ਸੰਗਤਾਂ ਗੁਰਦੁਆਰਿਆਂ ਵਿਚ ਭਾਰੀ ਗਿਣਤੀ ਵਿੱਚ ਆਉਣ ਲੱਗੀਆ। ਜੋ ਵੀ ਗੁਰੂ ਦੇ ਸਨਮੁੱਖ ਸ਼ਰਧਾ ਨਾਲ ਸਿਰ ਨਿਵਾਉਂਦਾ ਹੈ, ਗੁਰੂ ਉਸਨੂੰ ਆਪਣੇ ਨਾਲੋਂ ਵੀ ਵੱਧ ਆਦਰ ਦਾ ਪਾਤਰ ਬਣਾ ਦਿੰਦੇ ਹਨ। ਗੁਰੁਦੁਆਰਾ ਸਾਹਿਬ ਸੰਗਤ ਦੀ ਚਿੰਤਾ ਨੂੰ ਚਿੰਤਨ ਵਿੱਚ ਬਦਲਣ ਵਿੱਚ ਬਹੁਤ ਵੱਡਾ ਯੋਗਦਾਨ ਹੈ। ਸਿੱਖ ਚਿੰਤਨ ਨੇ ਜਿਸ ਮਾਨਵਤਾ ਦੀ ਕੀਮਤ ਨੂੰ ਆਧਾਰ ਬਣਾਇਆ ਉਹ ਸਨੇਹ ਅਤੇ ਪ੍ਰੇਮ ਹੈ। ਜਿਸ ਤੋਂ ਬਗੈਰ ਸਰਬ ਸਾਂਝੀਵਾਲਤਾ ਦਾ ਆਦਰਸ਼ ਅਰਥਹੀਣ ਰਹਿ ਜਾਂਦਾ ਹੈ।

> ਅਵਲਿ ਅਲਹੁ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349

ਗੁਰਦੁਆਰਾ ਸਾਹਿਬ ਨੇ ਜਨ ਸੇਵਾ ਨੂੰ ਪਰਮਾਤਮਾ ਦੀ ਸੇਵਾ ਦਾ ਆਦਰਸ਼ ਪੇਸ਼ ਕਰਕੇ ਮਨੁੱਖੀ ਵਿਕਾਸ ਅਤੇ ਕਲਿਆਣ ਦੇ ਨਵੇਂ ਰਾਹ ਖੋਲ ਦਿੱਤੇ। ਸੇਵਾ ਭਾਵਨਾ ਮਨੁੱਖ ਨੂੰ ਮਨੁੱਖ ਦੇ ਨਜ਼ਦੀਕ ਲਿਆਉਂਦੀ ਹੈ। ਜਿਸ ਨਾਲ ਆਪਸੀ ਭਾਈਚਾਰਾ ਵੱਧਦਾ ਹੈ ਜੋ ਸਿਹਤਮੰਦ ਸਮਾਜ ਲਈ ਲਾਭਦਾਇਕ ਹੁੰਦਾ ਹੈ। ਗੁਰਬਾਣੀ ਅਨੁਸਾਰ ਗੁਰੂ ਦਾ ਦੁਆਰਾ ਉਹ ਅਸਥਾਨ ਹੈ ਜਿਥੇ ਮਨ ਨੂੰ ਪਵਿੱਤਰ ਕਰਨ ਦੀ ਸੂਝ (ਸਦ ਬੁੱਧੀ) ਪ੍ਰਾਪਤ ਹੁੰਦੀ ਹੈ ਅਤੇ ਆਪਣੇ ਆਪ ਨੂੰ ਪਹਿਚਾਨਣ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥

ਉਹੀ, ਪੰਨਾ 730

ਅਸਲ ਵਿੱਚ ਗੁਰੂ ਦੇ ਘਰ 'ਗੁਰਦੁਆਰੇ' ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਲਾਜ਼ਮੀ ਹੈ, ਉਸਨੂੰ ਹੀ 'ਗੁਰਦੁਆਰਾ ਸਾਹਿਬ' ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਵਿੱਚ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਤੱਕ ਦੀਆਂ ਬਾਣੀਆਂ ਅਤੇ ਉਹਨਾਂ ਦੁਆਰਾ ਇੱਕਠੀਆਂ ਕੀਤੀਆਂ ਗਈਆਂ ਭਗਤਾਂ ਆਦਿ ਦੀਆਂ ਬਾਣੀਆਂ ਅਤੇ ਆਪਣੀ ਬਾਣੀ ਦੇ ਪਵਿੱਤਰ ਸ਼ਬਦਾਂ ਨੂੰ ਪੋਥੀ ਰੂਪ ਵਿੱਚ ਸੰਕਲਿਤ ਕੀਤਾ। ਇਸ ਗ੍ਰੰਥ ਨੂੰ 'ਪੋਥੀ ਪਰਮੇਸ਼ਰ ਕਾ ਥਾਨ' ਦਾ ਰੁਤਬਾ ਦਿੱਤਾ ਗਿਆ। ਇਸ ਪਵਿੱਤਰ ਗ੍ਰੰਥ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ। ਇਸ ਪੋਥੀ ਨੂੰ ਸ਼ਰਧਾਲੂ ਸਤਿਕਾਰ ਵਜੋਂ 'ਗ੍ਰੰਥ ਸਾਹਿਬ' ਕਹਿਣ ਲੱਗੇ। ਜਿੱਥੇ 'ਗ੍ਰੰਥ ਸਾਹਿਬ' ਦਾ ਪ੍ਰਕਾਸ਼ ਹੁੰਦਾ ਉਸ ਇਮਾਰਤ ਨੂੰ 'ਗੁਰਦੁਆਰਾ ਸਾਹਿਬ' ਕਿਹਾ ਜਾਣ ਲੱਗਾ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗ੍ਰੰਥ ਸਾਹਿਬ' ਵਿੱਚ ਨੌਂਵੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸੰਕਲਿਤ ਕੀਤੀ ਅਤੇ 1708ਈ. ਵਿੱਚ 'ਗ੍ਰੰਥ ਸਾਹਿਬ' ਨੂੰ ਗੁਰ ਗੱਦੀ ਬਖਸ਼ੀ। ਗੁਰਗੱਦੀ ਬਖਸ਼ਣ ਤੋਂ ਬਾਅਦ 'ਗ੍ਰੰਥ ਸਾਹਿਬ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਿਹਾ ਜਾਣ ਲੱਗਾ। ਇਸ ਤਰ੍ਹਾਂ 'ਧਰਮਸ਼ਾਲ' ਦੀ ਯਾਤਰਾ 'ਗੁਰਦੁਆਰਾ ਸਾਹਿਬ' ਵਿੱਚ ਬਦਲ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉੱਤਰਾਧਿਕਾਰੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ ਬਣਾਇਆ। ਸਿੱਖਾ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਉਦੋਂ ਤੋਂ ਹੀ ਗੁਰੂ ਹਨ ਤੇ ਸਿੱਖਾਂ ਦੇ ਹਰ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਇਹਨਾਂ ਦੀ ਹਾਜ਼ਰੀ ਵਿੱਚ ਨਿਰਣਾ ਲਿਆ ਜਾਂਦਾ ਹੈ। ਸਿੱਖ ਅਸਥਾਨ ਦੀ ਬੁਨਿਆਦੀ ਸ਼ਰਤ ਇਹ ਹੈ ਕਿ ਉਥੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਪ੍ਰਕਾਸ਼ ਹੋਇਆ ਹੋਵੇ। ਹਰ ਉਹ ਅਸਥਾਨ ਜਿੱਥੇ ਇਸ ਤਰ੍ਹਾਂ ਪ੍ਰਕਾਸ਼ ਹੋਇਆ ਹੋਵੇ, ਉਹ ਹਰ ਸਿੱਖ ਲਈ ਨਿੱਜੀ ਅਰਦਾਸ ਕਰਨ ਅਤੇ ਸਾਧ ਸੰਗਤ ਨਾਲ ਮਿਲ ਬੈਠਣ ਦਾ 'ਗੁਰਦੁਆਰਾ ਸਾਹਿਬ' ਹੈ।

ਡਾ. ਜੋਧ ਸਿੰਘ 'ਸਿੱਖ ਧਰਮ ਵਿਸ਼ਵਕੋਸ਼ (ਭਾਗ ਦੂਜਾ)' ਵਿੱਚ ਲਿਖਦੇ ਹਨ 'ਧਰਮਸ਼ਾਲ ਜਿੱਥੇ ਗ੍ਰੰਥ ਸਾਹਿਬ ਰੱਖੇ ਗਏ ਸਨ ਉਸ ਅਸਥਾਨ ਨੂੰ ਗੁਰਦੁਆਰਾ ਕਿਹਾ ਜਾਣ ਲੱਗ ਪਿਆ।' 'ਗੁਰਦੁਆਰਾ ਸਾਹਿਬ' ਵਿੱਚ ਧਾਰਮਿਕ ਗਤੀਵਿਧੀਆਂ ਦੇ ਨਾਲ-ਨਾਲ ਸਮਾਜਿਕ ਅਤੇ ਰਾਜਨੈਤਿਕ ਗਤੀਵਿਧੀਆਂ ਵੀ ਆਰੰਭ ਹੋ ਗਈਆ। ਗੁਰਦੁਆਰਾ ਸਾਹਿਬ ਕੇਵਲ ਪੂਜਾ ਦਾ ਅਸਥਾਨ ਹੀ ਨਹੀਂ, ਇਹ ਇੱਕ ਸਮਾਜਿਕ ਸੰਸਥਾ ਵੀ ਹੈ। ਏਥੇ ਧਾਰਮਿਕ ਅਤੇ ਸਮਾਜਿਕ ਰਸਮਾਂ ਵੀ ਨਿਭਾਇਆਂ ਜਾਂਦੀਆਂ ਹਨ।

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥

ਉਹੀ, ਪੰਨਾ 351

ਗੁਰਦੁਆਰੇ ਦੀ ਸਭ ਤੋਂ ਵੱਡੀ ਮਹਾਨਤਾ ਇਹ ਹੈ ਕਿ ਏਥੇ 'ਗੁਰੂ ਸਾਹਿਬ'ਆਪ ਬਿਰਾਜਮਾਨ ਹਨ। ਉਹਨਾਂ ਦੀ ਹਜ਼ੂਰੀ ਵਿੱਚ ਜੋ ਫੈਸਲੇ ਹੁੰਦੇ ਹਨ ਉਹ ਸਿੱਖ ਸੰਗਤ ਨੂੰ ਖਿੜੇ ਮੱਥੇ ਪਰਵਾਨ ਹੁੰਦੇ ਹਨ। ਗੁਰਬਾਣੀ, ਸੰਗਤ ਅਤੇ ਗੁਰਦੁਆਰੇ ਦਾ ਆਪਸੀ ਗਹਿਰਾ ਸੰਬੰਧ ਹੈ। 'ਗੁਰਦੁਆਰਾ ਸਾਹਿਬ' ਵਿੱਚੋਂ ਜਦੋਂ ਸਤਿ ਸੰਗਤਿ ਆਪਸ ਵਿਚ ਮਿਲ ਬੈਠ ਕੇ ਗੁਰਬਾਣੀ ਦਾ ਗਾਯਨ ਜਾਂ ਗੁਰਬਾਣੀ ਸੁਣਦੀ ਹੈ ਤਾਂ ਪਰਮਾਤਮਾ ਦੀ ਅਪਾਰ ਕਿਰਪਾ ਬਰਸਦੀ ਹੈ।

ਗੁਰਦੁਆਰੈ ਹਰਿ ਕੀਰਤਨੁ ਸੁਣੀਐ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥

ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੈ॥

ਉਹੀ, ਪੰਨਾ 1075

ਗੁਰਦੁਆਰੇ ਵਿੱਚ ਸੰਗਤ ਨਾਲ ਮਿਲ ਕੇ ਬੈਠਣ ਨਾਲ ਸਮਾਜਕ ਸਮਾਨਤਾ ਦੀ ਭਾਵਨਾ ਪੈਦਾ ਹੁੰਦੀ ਹੈ। ਜਿਸ ਤੋਂ ਸਾਂਝੀਵਾਲਤਾ ਦੀ ਭਾਵਨਾ ਦ੍ਰਿੜ ਹੁੰਦੀ ਹੈ। ਸਾਂਝੀਵਾਲਤਾ ਉਹ ਨਜ਼ਰੀਆ ਹੈ ਜਿਸ ਨਾਲ ਨਿੱਜੀ ਅਤੇ ਸਮੂਹਿਕ ਜੀਵਨ ਵਿੱਚ ਖੁਸ਼ਹਾਲੀ ਆਉਂਦੀ ਹੈ। ਗੁਰਦੁਆਰੇ ਦੇ ਚਾਰ ਦਰਵਾਜ਼ੇ ਸਾਂਝੀਵਾਲਤਾ ਦੀ ਸੋਚ ਦਾ ਹੀ ਪਰਿਣਾਮ ਹਨ। ਧਾਰਮਿਕ ਸਮੱਸਿਆਵਾਂ, ਰਾਜਨੈਤਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਸਮਾਧਾਨ ਹੋਣ ਲੱਗਾ। ਬਚਪਨ ਤੋਂ ਹੀ ਧਾਰਮਿਕ ਸਿੱਖਿਆ ਵਿਦਿਆਰਥੀ ਨੂੰ ਦਿੱਤੀ ਜਾਵੇ ਤਾਂ ਹੀ ਇਕ ਨਰੋਏ ਸਮਾਜ ਦੀ ਸਥਾਪਨਾ ਹੋ ਸਕਦੀ ਹੈ। ਇਸ ਆਸੇ ਨੂੰ ਮੁੱਖ ਰੱਖਦਿਆਂ ਵਿਦਿਆਲਿਆਂ ਨੂੰ ਗੁਰਮਤਿ ਗਿਆਨ ਦੇਣ ਲਈ ਟਕਸਾਲਾਂ ਜਾਂ ਵਿਦਿਆਰਥੀਆਂ ਦੀ ਸਥਾਪਨਾ ਕੀਤੀ ਗਈ। ਸਿੱਖ ਧਰਮ ਦੇ ਜਗਿਆਸੂ 'ਗੁਰਦੁਆਰਾ ਸਾਹਿਬ' ਨੂੰ ਉਸ ਟਕਸਾਲ ਦੇ ਰੂਪ ਵਿੱਚ ਦੇਖਣ ਲੱਗੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਵਿੱਚ ਗੁਰੂ ਆਸੇ ਅਨੁਸਾਰ ਮਨੁੱਖੀ ਵਿਅਕਤੀਤਵ ਦਾ ਵਿਕਾਸ ਹੋਵੇ। ਧਾਰਮਿਕ ਅਤੇ ਸਮਾਜਿਕ ਸਰਗਰਮੀਆਂ ਲੋਕ-ਭਲਾਈ ਲਈ ਸੰਪੰਨ ਹੋਣ ਲੱਗੀਆਂ।

### 4.4 ਗੁਰਦੁਆਰਾ ਸਾਹਿਬ ਦੀ ਮਰਯਾਦਾ

ਜਦੋਂ ਕਿਸੇ ਸੰਸਥਾ ਦਾ ਨਿਰਮਾਣ ਹੁੰਦਾ ਹੈ ਤਾਂ ਉਸ ਸੰਸਥਾ ਦੇ ਮਾਪਦੰਡਾਂ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਗੁਰੂ ਸਾਹਿਬਾਨ ਦੇ ਕਾਲ ਵਿੱਚ ਇਸ ਬਾਰੇ ਬਹੁਤ ਧਿਆਨ ਦਿੱਤਾ ਗਿਆ। ਹਰ ਧਰਮ ਸਥਾਨ ਦੀ ਆਪਣੀ ਮਰਯਾਦਾ ਹੁੰਦੀ ਹੈ। 'ਗੁਰਦੁਆਰਾ ਸਾਹਿਬ' ਦੀ ਆਪਣੀ ਮਰਯਾਦਾ ਹੈ, ਜਿਸਦੀ ਪਾਲਣਾ ਕਰਨੀ ਹਰੇਕ ਮਨੁੱਖ ਲਈ ਜ਼ਰੂਰੀ ਹੈ। ਜੋ ਵੀ 'ਗੁਰਦੁਆਰਾ ਸਾਹਿਬ' ਅੰਦਰ ਪ੍ਰਵੇਸ਼ ਕਰੇਗਾ ਉਸਦਾ ਸਿਰ ਢੱਕਿਆ ਹੋਵੇ, ਨੰਗੇ ਸਿਰ ਜਾਣਾ ਵਰਜਿਤ ਹੈ। ਗੁਰਦੁਆਰੇ ਆਉਣ ਵਾਲਾ ਹਰ ਮਨੁੱਖ ਆਪਣੀ ਜੁੱਤੀ ਉਤਾਰ ਕੇ, ਨੰਗੇ ਪੈਰੀ ਪ੍ਰਵੇਸ਼ ਕਰੇ। ਪੈਰ ਧੋ ਕੇ ਅੰਦਰ ਜਾਣਾ ਚਾਹੀਦਾ ਹੈ ਜੇ ਪੈਰ ਧੋਣ ਦਾ ਪ੍ਰਬੰਧ ਨਾ ਹੋਵੇ ਤਾਂ ਸੁੱਕੇ ਪੈਰੀ ਜਾਣਾ ਹੀ ਉੱਤਮ ਹੈ। ਗੁਰਦੁਆਰੇ ਅੰਦਰ ਕਿਸੇ ਵੀ ਧਰਮ ਦਾ ਮਨੁੱਖ ਪ੍ਰਵੇਸ਼ ਕਰ ਸਕਦਾ ਹੈ। ਪ੍ਰਵੇਸ਼ ਕਰਨ ਵਾਲੇ ਕਿਸੇ ਵੀ ਮਨੁੱਖ ਕੋਲ ਨਸ਼ੇ ਨਾਲ ਸੰਬੰਧਿਤ ਕੋਈ ਵਸਤੂ ਨਹੀ ਹੋਣੀ ਚਾਹੀਦੀ। ਬੁੱਢਾ ਦਲ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੀ ਖਾਸ ਖਿਆਲ ਰੱਖਦਾ ਸੀ। ਹਰ ਸੰਸਥਾ ਦੀ ਸੇਵਾ-ਸੰਭਾਲ ਲਈ ਕਿਸੇ ਖਾਸ ਯੋਗਤਾ ਦੀ ਜ਼ਰੂਰਤ ਹੁੰਦੀ ਹੈ ਜਿਵੇਂ ਕਿਸੇ ਵਿਦਿਆਲੇ ਦੀ ਸੇਵਾ-ਸੰਭਾਲ ਇੱਕ ਖਾਸ ਯੋਗਤਾ ਵਾਲਾ ਪ੍ਰਾਣੀ ਹੀ ਕਰ ਸਕਦਾ ਹੈ। ਜੇ ਆਯੋਗ ਆ ਜਾਵੇ ਤਾਂ ਉਸ ਸੰਸਥਾ ਦੇ ਮਾਪਦੰਡ ਕਾਇਮ ਨਹੀ ਰਹਿੰਦੇ। ਇਸੇ ਤਰ੍ਹਾਂ 'ਗੁਰਦੁਆਰਾ ਸਾਹਿਬ' ਦੀ ਸੇਵਾ-ਸੰਭਾਲ ਲਈ ਹਮੇਸ਼ਾ ਉੱਚ ਵਿਅਕਤੀਤਵ ਅਤੇ ਕਰਤੀਤਵ ਦਾ ਧਨੀ ਮਨੁੱਖ ਹੀ ਕਰ ਸਕਦਾ ਹੈ। ਜਿਸਨੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲਿਆ ਹੋਵੇ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਸਹੀ ਨਹੀ ਰਿਹਾ, ਜਿਸ ਕਰਕੇ ਦੇਸ਼ ਭਰ ਵਿੱਚ ਸਾਰੇ ਗੁਰਦੁਆਰਿਆਂ ਵਿੱਚ ਇਸਦਾ ਅਸਰ ਦੇਖਣ ਨੂੰ ਮਿਲਿਆ। ਸਮੇਂ ਦੀ ਗਰਦਸ਼ ਨੇ ਸਿੱਖ ਕੌਮ ਵਿੱਚ ਗੁਰਮਤਿ ਪ੍ਰਚਾਰ ਦਾ ਅਲੋਪ ਕਰ ਦਿੱਤਾ। ਜਿਸਦਾ ਪਰਿਣਾਮ ਇਹ ਹੋਇਆ ਕੀ

ਗੁਰਦੁਆਰਿਆਂ ਦੀ ਮਰਿਯਾਦਾ ਵਿਗੜਦੀ ਰਹੀ। ਡਾ. ਜਸਬੀਰ ਸਿੰਘ ਸਰਨਾ, 'ਗੁਰਦੁਆਰਾ ਕੋਸ਼' ਵਿੱਚ ਲਿਖਦੇ ਹਨ, 'ਗੁਰਦੁਆਰੇ ਸਿਰਫ ਕਹਿਣ ਲਈ ਗੁਰਧਾਮ ਰਹਿ ਗਏ।' ਜੋ ਉਸ ਸਮੇਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰ ਰਹੇ ਸਨ ਉਹਨਾਂ ਨੇ ਗੁਰਦੁਆਰਿਆਂ ਦੀਆਂ ਜਗੀਰ-ਜਾਇਦਾਦਾਂ ਨੂੰ ਆਪਣੇ ਨਾਮ ਕਰਕੇ, ਉਹਨਾਂ ਪਵਿੱਤਰ ਅਸਥਾਨਾਂ ਤੇ ਅਪਵਿੱਤਰ ਕਰਮ ਕਰਨੇ ਸ਼ੁਰੂ ਕਰ ਦਿੱਤੇ ਜਿੰਨ੍ਹਾਂ ਦਾ ਵਰਣਨ ਕਰਨਾ ਸੋਭਦਾ ਨਹੀ। ਮਹੰਤਾਂ ਨੇ ਗੁਰਦੁਆਰਿਆ ਤੇ ਆਪਣਾ ਕਬਜ਼ਾ ਜਮਾ ਲਿਆ। ਹਰ ਗੁਰੂ-ਘਰ ਤੇ ਮਹੰਤਾਂ ਦਾ ਕਬਜ਼ਾ ਸੀ। ਬੇਦੀ, ਸੋਢੀ, ਭੱਲੇ, ਬਾਵੇ ਆਦਿ ਕਈ ਪਿਤਾ-ਪੁਰਖੀ ਮਹੰਤਾਂ ਨੇ ਗੁਰਦੁਆਰਿਆਂ ਤੇ ਪੱਕੇ ਤੌਰ ਤੇ ਕਬਜ਼ਾ ਕਰ ਲਿਆ। ਗੁਰਦੁਆਰਿਆਂ ਨੂੰ ਗੁਰੂ-ਘਰ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਗੁਰਦੁਆਰੇ ਨਹੀ ਬਲਕਿ ਇਹ ਉਹਨਾਂ ਦੇ ਨਿੱਜੀ ਅਸਥਾਨ ਹਨ। ਸਮਾਂ ਬੀਤਣ ਨਾਲ ਹੋਰ ਧਰਮਾਂ ਦੇ ਲੋਕਾਂ ਨੇ ਆਪਣੇ ਧਰਮ ਅਤੇ ਸਮਾਜ ਨੂੰ ਗਲਤ ਦਿਸ਼ਾ ਤੋਂ ਬਚਾਉਣ ਲਈ ਕਈ ਯਤਨ ਆਰੰਭ ਕੀਤੇ। ਇਹਨਾਂ ਯਤਨਾਂ ਨੂੰ ਦੇਖ ਕੇ ਸਿੱਖਾਂ ਨੇ ਆਪਣੇ ਧਰਮ ਨੂੰ ਗਲਤ ਹੱਥਾਂ ਤੋਂ ਛੁਡਾਉਣ ਲਈ ਲੱਕ ਬੰਨਿਆ। ਸਿੱਖਾਂ ਨੇ ਸਿੰਘ ਸਭਾ ਅਤੇ ਖਾਲਸਾ ਦੀਵਾਨ ਆਦਿ ਸੰਸਥਾ ਬਣਾ ਕੇ ਧਰਮ ਅਤੇ ਸਮਾਜ ਦੇ ਸੁਧਾਰ ਲਈ ਅੱਗੇ ਹੋਏ। ਖਾਲਸਾ ਅਖਬਾਰ ਅਤੇ ਖਾਲਸਾ ਟ੍ਰੈਕਟ ਸੁਸਾਇਟੀ ਨੇ ਇਸ ਸੁਧਾਰ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਸੁਧਾਰ ਨਾਲ ਸਿੱਖ ਕੌਮ ਵਿੱਚ ਜਾਗ੍ਰਿਤੀ ਦੀ ਲਹਿਰ ਆਈ। ਇਨਾਂ ਸੰਸਥਾਵਾਂ ਸਦਕਾ ਲੋਕਾਂ ਅੰਦਰ ਸਿੱਖ ਧਰਮ ਦੇ ਸਹੀ ਗਿਆਨ ਬਾਰੇ ਪਤਾ ਲੱਗਣ ਲੱਗਾ। ਅਸਲਿਅਤ ਪਤਾ ਚੱਲਣ ਤੋਂ ਬਾਅਦ ਸਿੱਖ ਸੰਗਤ ਨੇ ਧਰਮ ਅਸਥਾਨਾਂ ਦੀ ਖਰਾਬ ਹਾਲਤ ਨੂੰ ਸੁਧਾਰਣ ਦਾ ਪ੍ਰਯਤਨ ਤਾਂ ਕੀਤਾ ਪਰ ਪ੍ਰਬਲ ਜੱਥੇਬੰਦੀ ਨਾ ਹੋਣ ਕਰਕੇ ਕੋਈ ਮਨਭਾਉਂਦਾ ਪਰਿਣਾਮ ਪ੍ਰਾਪਤ ਨਹੀ ਹੋਇਆ। 12 ਅਕਤੂਬਰ 1920 ਨੂੰ ਇਕ ਦੀਵਨ ਸਜਾਇਆ, ਜਿਸ ਵਿੱਚ ਖਾਲਸਾ ਕਾਲਜ ਦੇ ਕੁਝ ਅਧਿਆਪਕ ਅਤੇ ਵਿਦਿਆਰਥੀ ਸ਼ਾਮਿਲ ਹੋਏ। ਇਹ ਸੰਘਰਸ਼ ਕੁਲ 5 ਸਾਲ ਚਲਿਆ, ਇਸ ਲੰਬੇ ਸੰਘਰਸ਼ ਦਾ ਪਰਿਣਾਮ 29 ਜੁਲਾਈ 1925 ਨੂੰ ਆਇਆ ਜਦੋਂ ਓਿਕ ਛਜਾਂੀ ਭਚਗਚਦਮ੍ਗ਼ ਂਫਵ, 1925, ਸ਼ਚਅਹ੍ਲ ਂਫਵ ਅਰ. ੜਜ਼ਜ਼ਜ਼ ਰਾਂ 1925 ਪਾਸ ਹੋਇਆ। 1 ਨਵੰਬਰ 1925 ਤੋਂ ਇਸ ਐਕਟ ਉੱਪਰ ਅਮਲ ਆਰੰਭ ਹੋਇਆ। 2 ਅਕਤੂਬਰ 1926 ਨੂੰ 'ਗੁਰਦੁਆਰਾ ਸੈਂਟਰਲ ਬੋਰਡ' ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਕਮੇਟੀ ਦੇ ਸਾਰੇ ਸੂਝਵਾਨ ਸਮਾਜ ਦੀ ਕੋਸ਼ਿਸ਼ ਸੀ ਕਿ ਗੁਰਦੁਆਰਿਆਂ ਦਾ ਪ੍ਰਬੰਧ ਹੋਰਨਾਂ ਲਈ ਆਦਰਸ਼ ਰੂਪ ਹੋਵੇ। ਇਹ ਪ੍ਰਬੰਧ ਤਾਂ ਹੀ ਆਦਰਸ਼ ਰੂਪ ਹੋ ਸਕਦਾ ਹੈ ਜੇ ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਗ੍ਰੰਥੀ ਹੰਕਾਰੀ ਅਤੇ ਸੁਆਰਥੀ ਨਾ ਹੋਣ। ਪ੍ਰਬੰਧਕ ਅਤੇ ਗ੍ਰੰਥੀ ਗੁਰਮਿਤ ਦੀ ਸੂਝ-ਬੂਝ ਅਤੇ ਗੁਰਬਾਣੀ ਦੇ ਪ੍ਰਚਾਰ ਦੀ ਲਗਨ ਰੱਖਣ ਵਾਲਾ ਹੋਵੇ। ਜਿਸ ਪ੍ਰਬੰਧਕ ਪਾਸ ਸਮਾਂ ਹੀ ਨਹੀਂ ਹੋਵੇਗਾ ਉਹ ਪ੍ਰਬੰਧਕ ਗੁਰਦੁਆਰਾ ਸਾਹਿਬ ਦਾ ਸਹੀ ਪ੍ਰਬੰਧ ਨਹੀ ਚਲਾ ਸਕਦਾ। ਰਾਜਨੀਤਿਕ ਵਿਅਕਤੀ ਜਦੋਂ ਪ੍ਰਬੰਧਨ ਵਿੱਚ ਆ ਜਾਂਦੇ ਹਨ ਤਾਂ ਕਈ ਵਾਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਉਹ ਆਪਣੀ ਰਾਜਨੀਤੀ ਲਈ ਧਰਮ ਅਸਥਾਨਾਂ ਦਾ ਦੁਰਉਪਯੋਗ ਕਰਦੇ ਹਨ। ਪ੍ਰਬੰਧਕ ਦਾ ਧਿਆਨ ਗੋਲਕ ਵੱਲ ਹੀ ਨਾ ਹੋਵੇ ਬਲਕਿ ਸੰਗਤ ਦਾ ਪੈਸਾ ਸੰਗਤ ਦੇ ਭਲੇ ਲਈ ਕਿਵੇਂ ਲਾਇਆ ਜਾਵੇ ਇਸ ਪਾਸੇ ਧਿਆਨ ਹੋਵੇ। ਜੇ ਪ੍ਰਬੰਧਕ ਸਹੀ ਹੋਵੇਗਾ ਤਾਂ ਹੀ ਉਹ 'ਗੁਰਦੁਆਰਾ ਸਾਹਿਬ' ਦੇ ਗ੍ਰੰਥੀ ਦੀ ਸਹੀ ਚੋਣ ਕਰ ਸਕਦਾ ਹੈ। ਕੁਝ ਲੋਕਾਂ ਦਾ ਇਹ ਖਿਆਲ ਹੈ ਕਿ ਇਸਾਈਆਂ ਦੇ ਚਰਚ ਦਾ ਫਾਦਰ 16 ਸਾਲ ਦੀ ਪੜਾਈ ਮਗਰੋ ਚਰਚ ਦਾ ਫਾਦਰ ਬਣਦਾ ਹੈ ਅਤੇ 14 ਸਾਲ ਦੀ ਇਸਲਾਮੀ ਪੜਾਈ ਬਾਅਦ ਮਸੀਤ ਦਾ ਮੌਲਵੀ ਬਣਦਾ ਹੈ ਪਰ 'ਗੁਰਦੁਆਰਾ ਸਾਹਿਬ' ਦਾ ਗ੍ਰੰਥੀ ਕਈ ਜਗ੍ਹਾਂ ਤੇ ਅਨਪੜ ਹੀ ਲਾ ਦਿੱਤਾ ਜਾਂਦਾ ਹੈ। ਇੱਕ ਅਨਪੜ ਵਿਅਕਤੀ ਕੌਮ ਦਾ ਕੀ ਸੁਧਾਰ ਕਰੇਗਾ ਅਤੇ ਕੀ ਗਿਆਨਵਾਨ ਹੋਵੇਗਾ। ਇਹ ਗੱਲ ਤਾਂ ਠੀਕ ਹੈ ਕਿ ਗ੍ਰੰਥੀ ਦੀ ਯੋਗਤਾ ਤਯ ਹੋਣੀ ਚਾਹੀਦੀ ਹੈ ਕਿਉਂਕਿ ਗੁਰਦੁਆਰੇ ਦਾ ਗ੍ਰੰਥੀ ਗੁਰਦੁਆਰੇ ਦਾ ਧੁਰਾ ਹੁੰਦਾ ਹੈ। ਗੁਰਮਤਿ ਮਾਰਤੰਡ ਅਨੁਸਾਰ ਗੁਰਦੁਆਰੇ ਦਾ ਗ੍ਰੰਥੀ ਨਿਰਲੋਭੀ, ਨਿਰਮਾਨੀ, ਜਤੀ ਸਤੀ, ਪਰ ਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਤਪੀਆ, ਪੜਦੇ ਕਜੂ, ਵੰਡ ਖਾਏ ਆਦਿ ਜਿਸ ਵਿੱਚ ਇਹ ਗੁਣ ਹੋਣ ਉਹ ਗ੍ਰੰਥੀ ਅਥਵਾ ਧਰਮਸ਼ਾਲੀਆ ਹੋਵੇ। ਇਸ ਗੱਲ ਵੱਲ ਧਿਆਨ ਦੇਣਾ ਹੋਵੇਗਾ, ਕੀ ਜਿਸ ਪੁਜਾਰੀ ਸ਼੍ਰੇਣੀ ਨੂੰ ਅਸੀ ਪੜਿਆ-ਲਿਖਿਆ ਮੰਨਦੇ ਹਾਂ ਉਸ ਸ਼੍ਰੇਣੀ ਦਾ ਪੁਜਾਰੀ ਵਰਗ ਆਪਣੀ ਕੌਮ ਦੀ ਸਹੀ ਨੁੰਮਾਇੰਦਗੀ ਕਰ ਰਿਹਾ ਹੈ? ਜਾਂ ਭੋਲੇ-ਭਾਲੇ ਲੋਕਾਂ ਨੂੰ ਬਰਗਲਾ ਰਿਹਾ ਹੈ। ਜੇ ਭੋਲੇ-ਭਾਲੇ ਲੋਕਾਂ ਨੂੰ ਬਰਗਲਾਉਣਾ ਹੀ ਪੜਾਈ ਲਿਖਾਈ ਹੈ ਤਾਂ ਗੁਰਬਾਣੀ ਅਨੁਸਾਰ ਇਹ

ਪੜਾਈ-ਲਿਖਾਈ ਨਹੀ ਹੈ। ਅਸਲ ਵਿੱਚ ਪੜਿਆ-ਲਿਖਿਆ ਵਿਦਵਾਨ, ਚਤੁਰ ਉਹੀ ਹੈ ਜਿਸਨੇ ਨਾਮ ਦੀ ਕਮਾਈ ਕੀਤੀ ਹੁੰਦੀ ਹੈ। ਭਾਵ ਆਚਰਣ ਦਾ ਧਨੀ ਮਨੁੱਖ ਹੀ ਪੜਿਆ-ਲਿਖਿਆ ਹੁੰਦਾ ਹੈ।

ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ॥

ਉਹੀ, ਪੰਨਾ 1288

'ਗੁਰਦੁਆਰਾ ਸਾਹਿਬ' ਨੂੰ ਸਿੱਖਾਂ ਦਾ ਕੇਂਦਰੀ ਸਥਾਨ ਮੰਨਿਆ ਗਿਆ ਹੈ, ਜਿੱਥੇ ਮਨੁੱਖ ਨੂੰ ਮਨ ਨੀਵਾਂ ਤੇ ਮੱਤ ਉੱਚੀ ਕਰਨ ਦਾ ਗਿਆਨ ਦਿੱਤਾ ਜਾਂਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਗੁਰਦੁਆਰੇ ਦਾ ਗ੍ਰੰਥੀ ਗੁਰਬਾਣੀ ਅਨੁਸਾਰ ਪੜਿਆ ਹੋਵੇ ਭਾਵ ਨਾਮ ਦਾ ਧਨੀ ਹੋਵੇ। 'ਗੁਰਦੁਆਰਾ ਸਾਹਿਬ' ਦੀ ਸੁੰਦਰ ਇਮਾਰਤ, ਸੰਗਮਰਮਰ ਅਤੇ ਸੋਨੇ ਦੀ ਲੁਆਈ ਸੋਹਣੀ ਲੱਗਦੀ ਹੈ ਅਤੇ ਅਕਾਸ਼ ਨੂੰ ਛੂਹਦੇ ਗੁੰਬਦ ਚੜਦੀ ਕਲਾ ਵਾਲੇ ਪ੍ਰਤੀਤ ਹੁੰਦੇ ਹਨ ਪਰ ਕਿ 'ਗੁਰਦੁਆਰਾ ਸਾਹਿਬ' ਅਤੇ ਧਰਮਸ਼ਾਲਾਵਾਂ ਨੂੰ ਮੁੜ ਚਾਟਸਾਲ ਦਾ ਰੂਪ ਦੇਣ ਦੀ ਲੋੜ ਹੈ? ਕੀ ਗੁਰ ਧਾਮਾਂ ਵਿੱਚ ਪ੍ਰਬੰਧਕੀ ਲੜਾਈ ਤੇ ਨਹੀਂ? ਕੀ ਗੁਰਦੁਆਰਾ ਸਾਹਿਬ ਜਾਤਾਂ-ਪਾਤਾਂ ਦੇ ਅਧਾਰ ਉੱਪਰ ਤੇ ਨਹੀ ਬਣ ਰਹੇ ਜੇ ਇਸ ਤਰ੍ਹਾਂ ਹੋ ਰਿਹਾ ਹੈ ਤਾਂ ਸਮੇਂ ਰਹਿੰਦਿਆਂ ਇਸ ਉੱਪਰ ਨਕੇਲ ਪਾਉਣੀ ਬਹੁਤ ਜ਼ਰੂਰੀ ਹੈ। ਭਾਸ਼ਾ ਦੀ ਸੰਕੀਰਣਤਾ ਤੋਂ ਉੱਪਰ ਉੱਠਕੇ ਗੁਰਬਾਣੀ ਦਾ ਉਲਥਾ ਹਰ ਭਾਸ਼ਾ ਵਿੱਚ ਕੀਤਾ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਆਸ਼ੇ ਅਨੁਸਾਰ ਵਿਦਵਾਨ ਪ੍ਰਚਾਰਕ ਅਤੇ ਪ੍ਰਬੰਧਕਾਂ ਦਾ ਹੋਣਾ ਇਸ ਕੰਮ ਨੂੰ ਨੇਪਰੇ ਚੜ੍ਹਾ ਸਕਦਾ ਹੈ। ਸਹੀ ਪ੍ਰਬੰਧਨ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਜ਼ਰੂਰਤ ਪੈਂਦੀ ਹੈ। ਜੇ ਪ੍ਰਬੰਧਨ ਸਹੀ ਹੈ ਤਾਂ ਹੀ ਜ਼ਿੰਦਗੀ ਸਹੀ ਹੋ ਸਕਦੀ ਹੈ। ਇਸੇ ਤਰ੍ਹਾਂ ਗੁਰਦੁਆਰਿਆਂ ਦੇ ਸਹੀ ਪ੍ਰਬੰਧਨ ਨਾਲ 'ਗੁਰਦੁਆਰਾ ਸਾਹਿਬ' ਮੁੜ ਤੋਂ ਪਹਿਲਾਂ ਵਾਲੀ ਚਾਟਸਾਲ ਦਾ ਰੂਪ ਧਾਰਣ ਕਰ ਸਕਦੇ ਹਨ। ਧਾਰਮਿਕ ਸਮਾਗਮ, ਜੋੜ ਮੇਲੇ ਅਤੇ ਗੁਰਬਾਣੀ ਦੇ ਸਹੀ ਅਰਥਾਂ ਨੂੰ ਦੁਨੀਆਂ ਦੇ ਕੋਨੇ-ਕੋਨੇ ਜਨਮਾਨਸ ਤੱਕ ਨਹੀ ਪਹੁੰਚਾਉਂਦੇ ਉਦੋਂ ਤੱਕ ਅਸੀ ਆਪਣੇ ਧਰਮ ਤੋਂ ਨਵਿਰਤ ਨਹੀ ਹੋ ਸਕਦੇ। ਭਾਈ ਗੁਰਦਾਸ ਜੀ ਦਾ ਸ਼ੁੱਧ ਸੰਕਲਪ ਹੈ ਕਿ ਸਭ ਦੇਸ਼ਾਂ ਵਿੱਚ ਬੇਅੰਤ ਸਿੱਖ ਅਤੇ ਥਾਂ-ਥਾਂ ਤੇ ਧਰਮਸ਼ਾਲਾ ਹੋਵੇ। ਗੁਰਮਤਿ ਮਾਰਤੰਡ ਅਨੁਸਾਰ ਇਹ ਤਾਂ ਹੀ ਹੋ ਸਕਦਾ ਹੈ "ਜਦੋਂ ਤਾਈ ਅਸੀਂ ਭਾਈ ਸਾਹਿਬ ਦੀ ਇੱਛਾ ਅਨੁਸਾਰ ਸਿੱਖ ਧਰਮ ਦੇ ਪ੍ਰਚਾਰ ਦਾ ਯੋਗ ਯਤਨ ਨਹੀਂ ਕਰਦੇ, ਉਦੋਂ ਤਾਈ ਸਿੱਖ ਕੌਮ ਦੀ ਵ੍ਰਿਧੀ ਹੋਣੀ ਮਹਾਂ ਕਠਿਨ ਹੈ।" ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਕਮਾਈ ਨੇ ਪੂਰੀ ਦੁਨੀਆਂ ਦੇ ਵਿਰਸੇ ਨੂੰ ਅਮੀਰ ਕੀਤਾ ਹੈ। ਜਿਸ ਨਾਲ ਮਨੁੱਖੀ ਸੋਚ ਦੀ ਦਿਸ਼ਾ ਅਤੇ ਦਸ਼ਾ ਬਦਲੀ ਹੈ। ਗੁਰੂ ਨਾਨਕ ਸਾਹਿਬ ਦੇ 'ਧਰਮਸ਼ਾਲ ਤੋਂ ਗੁਰਦੁਆਰਾ' ਦੀ ਯਾਤਰਾ ਨੂੰ ਸਹੀ ਸੇਧ ਲਈ ਗੁਰੂ ਸਾਹਿਬਾਨ ਦੀ ਬਾਣੀ ਤੋਂ ਸੇਧ ਪ੍ਰਾਪਤ ਕਰਕੇ ਇਸਦੀ ਪਵਿੱਤਰਤਾ ਨੂੰ ਕਾਯਮ ਰੱਖਣਾ ਹੈ। ਆਪਣੀ ਤੰਗ ਖਿਆਲੀ ਛੱਡ ਕੇ ਸਾਰੀ ਲੋਕਾਈ ਨੂੰ ਗਲੇ ਲਗਾਉਣਾ ਹੈ। 'ਗੁਰਦੁਆਰਾ ਸਾਹਿਬ' ਦੇ ਮੂਲ ਮੰਤਵ ਨੂੰ ਯਾਦ ਰੱਖਣਾ ਹੈ:

ਭਜਹੁ ਗੋਬਿੰਦ ਭੂਲਿ ਮਤ ਜਾਹੂ॥ ਮਾਨਸ ਜਨਮ ਕਾ ਏਹੀ ਲਾਹੂ॥

ਉਹੀ, ਪੰਨਾ 1159

## 4.5 ਸਹਾਇਕ ਪੁਸਤਕਾਂ


1. ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਈ ਕਾਨ੍ਹ ਸਿੰਘ ਨਾਭਾ
2. ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
3. The Evolution of the Sikh Community, W.H. Mcleod
4. ਗੁਰਧਾਮ ਸੁਗ੍ਰਹਿ, ਗਿਆਨੀ ਗਿਆਨ ਸਿੰਘ
5. ਪ੍ਰਮੁੱਖ ਸਿੱਖ ਸੰਸਥਾਵਾਂ, ਡਾ. ਨਰਿੰਦਰ ਕੌਰ ਭਾਟਿਆ, ਡਾ. ਜਸਵਿੰਦਰ ਕੌਰ ਢਿਲੋਂ
6. ਸਿੱਖ ਧਰਮ ਵਿਸ਼ਵ ਕੋਸ਼, ਜੋਧ ਸਿੰਘ (ਡਾ.)
7. ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਰੂਪ ਸਿੰਘ
8. ਸ੍ਰੀ ਗੁਰਦੁਆਰੇ ਦਰਸ਼ਨ, ਭਾਈ ਠਾਕੁਰ ਸਿੰਘ
9. ਗੁਰ ਤੀਰਥ ਸੰਗ੍ਰਹਿ, ਤਾਰਾ ਸਿੰਘ ਨਰੋਤਮ
10. ਗੁਰਮਤਿ ਮਾਰਤੰਡ

# One Year Diploma In Sikh Theology

## PDST-III : Theological Study of Sikh Institutions

### Unit -5 Langer

Structure (ਰਚਨਾ)

5.0 ਭੂਮਿਕਾ

5.1 ਲੰਗਰ ਦਾ ਅਰਥ

5.2 ਗੁਰੂ ਸਾਹਿਬਾਨਾਂ ਦੇ ਸਮੇਂ ਲੰਗਰ ਸੰਸਥਾ

5.3 ਗੁਰੂ ਕਾਲ ਤੋਂ ਬਾਅਦ ਲੰਗਰ ਸੰਸਥਾ

5.4 ਲੰਗਰ ਵਿਵਸਥਾ

5.5 ਲੰਗਰ ਸੇਵਾ

5.6 ਸਾਰ

## 5.0 ਭੂਮਿਕਾ

ਲੰਗਰ ਸ਼ਬਦ ਸੰਸਕ੍ਰਿਤ ਦੀ ਲਗ ਧਾਤੂ ਤੋਂ ਬਣਿਆ ਹੈ। ਜਿਸਦਾ ਅਰਥ ਹੈ ਸਮੀਪ (ਨੇੜੇ) ਹੋਣਾ। ਗੁਰ ਸ਼ਬਦ ਰਤਨਾਕਰ ਮਹਾਨਕੋਸ਼ ਵਿੱਚ ਭਾਈ ਕਾਨ੍ਹ ਸਿੰਘ ਜੀ ਲੰਗਰ ਸ਼ਬਦ ਦੇ ਬਹੁਤ ਸਾਰੇ ਅਰਥ ਦੱਸਦੇ ਹਨ। ਉਹਨਾਂ ਵਿਚੋਂ ਪਾਠਸ਼ਾਲਾ, ਰਸੋਈ ਦਾ ਘਰ, ਉਹ ਥਾਂ, ਜਿੱਥੇ ਅਨਾਥਾਂ ਨੂੰ ਅੰਨਦਾਨ ਮਿਲੇ, ਹਨ। ਸਾਡੇ ਵਿਸ਼ੇ ਨਾਲ ਇਹ ਸੰਬੰਧਤ ਅਰਥ ਹਨ। ਉਹ ਥਾਂ ਜਿੱਥੇ ਬਿਨ੍ਹਾਂ ਕਿਸੇ ਭੇਦ-ਭਾਵ ਦੇ ਹਰ ਮਨੁੱਖ ਨੂੰ ਅੰਨ ਗ੍ਰਹਿਣ ਕਰਨ ਲਈ ਬਿਨਾਂ ਕਿਸੇ ਮੁੱਲ ਦੇ ਮਿਲੇ ਉਹ ਲੰਗਰ ਹੈ। ਲੰਗਰ ਸਿੱਖ ਧਰਮ ਵਿੱਚ ਸੇਵਾ ਦਾ ਅਨਿੱਖੜਵਾਂ ਅੰਗ ਹੈ। ਸੇਵਾ ਸੰਸਕ੍ਰਿਤ ਦੀ ਸੇਵ ਧਾਤੂ ਤੋਂ ਬਣਿਆ ਹੈ। ਜਿਸਦੇ ਬਹੁਤ ਸਾਰੇ ਅਰਥ ਹਨ, ਉਹਨਾਂ ਵਿੱਚੋਂ ਕੁਝ ਇਸ ਤਰ੍ਹਾਂ ਹਨ- ਸੇਵਾ ਕਰਨਾ, ਸੇਵਾ ਵਿੱਚ ਹਾਜ਼ਰ ਰਹਿਣਾ, ਸਨਮਾਨ ਕਰਨਾ, ਆਗਿਆ ਦਾ ਪਾਲਨ ਕਰਨਾ, ਆਸਰਾ ਦੇਣਾ, ਰੱਖਿਆ ਕਰਨਾ ਆਦਿ ਹਨ। ਸੇਵਾ ਦੀਆਂ ਤਿੰਨ ਕਿਸਮਾਂ ਹਨ- ਧਰਮ, ਕਰਮ ਅਤੇ ਵਰਮ। ਸੇਵਾ ਦੀ ਸਰਬੋਤਮ ਸ਼੍ਰੇਣੀ ਧਰਮ ਹੀ ਹੈ। ਇਸ ਵਿਚ ਸੇਵਾ ਕਰਨ ਵਾਲਾ ਅਤੇ ਸੇਵਾ ਪਾਉਣ ਵਾਲਾ ਦੋਹਾਂ ਨੂੰ ਸੁੱਖ ਮਿਲਦਾ ਹੈ। ਇਸ ਵਿੱਚ ਸੇਵਾ ਕਰਨ ਵਾਲਾ ਸੇਵਾ ਦਾ ਮੁੱਲ ਨਹੀਂ ਲੈਂਦਾ, ਜਦਕਿ ਸੇਵਾ ਕਰਨ ਵਿੱਚ ਹੀ ਉਸਨੂੰ ਸੁੱਖ ਮਿਲਦਾ ਹੈ। ਉਦਾਹਰਣ ਵਜੋਂ ਮਾਂ ਆਪਣੇ ਬੱਚੇ ਦੀ ਗੰਦਗੀ ਸਾਫ ਕਰਦੀ ਹੈ, ਉਸਨੂੰ ਦੁੱਧ ਪਿਲਾਉਂਦੀ ਹੈ, ਪਰ ਉਹ ਬੱਚੇ ਕੋਲੋਂ ਇਸਦੇ ਬਦਲੇ ਕੋਈ ਆਸ ਨਹੀਂ ਰੱਖਦੀ। ਬੱਚੇ ਦੀ ਸੇਵਾ ਕਰਕੇ ਉਸਨੂੰ ਜੋ ਸੁੱਖ ਮਿਲਦਾ ਹੈ ਉਹੀ ਉਸ ਦੀ ਸੇਵਾ ਦਾ ਮੁੱਲ ਹੈ। ਜੋ ਉਹ ਆਪਣੇ ਕੋਲੋਂ ਪ੍ਰਾਪਤ ਕਰਦੀ ਹੈ ਨਾ ਕਿ ਬੱਚੇ ਕੋਲੋਂ। ਮਾਂ ਨੂੰ ਬੱਚੇ ਦੀ ਸੇਵਾ ਕਿਸੇ ਗੈਰ ਦੀ ਸੇਵਾ ਨਹੀਂ ਲੱਗਦੀ ਉਹ ਆਪਣੇ ਮਨ ਦੀ ਪ੍ਰਸੰਨਤਾ ਲਈ ਇਹ ਸਭ ਕੁਝ ਕਰਦੀ ਹੈ। ਇਸੇ ਤਰ੍ਹਾਂ ਬਿਨਾਂ ਕਿਸੇ ਇੱਛਾ ਦੇ ਮਨੁੱਖ ਮਾਤਰ ਦੀ ਸੇਵਾ ਕਰਨਾ ਮਨੁੱਖੀ ਧਰਮ ਹੈ। ਕਿਉਂਕਿ ਸੰਸਾਰ ਵਿੱਚ ਗੈਰ ਕੋਈ ਨਹੀਂ ਸਭ ਆਪਣੇ ਹਨ। ਇਸ ਵਿਚਾਰ ਨੂੰ ਮੁੱਖ ਰੱਖਦਿਆਂ ਗੁਰਬਾਣੀ ਵਿੱਚ ਦਰਜ ਹੈ:

> ਸਭ ਮਹਿ ਜੋਤਿ ਜੋਤਿ ਹੈ ਸੋਇ॥
>
> ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-13

## 5.1 ਲੰਗਰ ਦਾ ਅਰਥ

ਸਿੱਖ ਧਰਮ ਵਿੱਚ ਹਰੇਕ ਅੰਦਰ ਉਸ ਪਰਮਾਤਮਾ ਦੀ ਜੋਤ ਨੂੰ ਦੇਖਦਿਆਂ ਸਮਰਪਿਤ ਭਾਵ ਨਾਲ ਸੇਵਾ ਕੀਤੀ ਜਾਂਦੀ ਹੈ। ਲੰਗਰ ਸਿੱਖ ਧਰਮ ਵਿੱਚ ਸੇਵਾ ਦਾ ਵਿਵਹਾਰਿਕ ਰੂਪ ਹੈ। ਇਸ ਲੰਗਰ ਸੰਸਥਾ ਨੇ ਸਿੱਖ ਧਰਮ ਦੇ ਵਿਕਾਸ ਅਤੇ ਸੰਗਠਨ ਲਈ ਜੋ ਭੂਮਿਕਾ ਨਿਭਾਈ ਹੈ ਉਸਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਲੰਗਰ ਸੰਸਥਾ ਨੇ ਸਾਰੇ ਵਿਸ਼ਵ ਵਿੱਚ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਕਾਇਮ ਕੀਤੀ ਹੈ। ਲੰਗਰ ਸੰਸਥਾ ਕਦੋਂ ਸ਼ੁਰੂ ਹੋਈ, ਇਸ ਬਾਰੇ ਭਾਵੇਂ ਸਮਕਾਲੀ ਗਵਾਹੀਆਂ ਦੀ ਅਣਹੋਂਦ ਹੈ ਪਰ ਇਹ ਕਹਿਣਾ ਬਿਲਕੁਲ ਸ਼ਤ ਪ੍ਰਤੀਸ਼ਤ ਸਹੀ ਹੈ ਕਿ ਸਿੱਖ ਧਰਮ ਵਿਚ ਲੰਗਰ ਸੰਸਥਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਹੋਇਆ।

ਜਨਮਸਾਖੀ ਪਰੰਪਰਾ ਵਿਚੋਂ ਇਹ ਖੋਜਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਆਪਣੀਆਂ ਉਦਾਸੀਆ ਦੌਰਾਨ ਜਿਨ੍ਹਾਂ ਲੋਕਾਂ ਨੂੰ ਮਿਲੇ ਉਹ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਬਹੁਤ ਜਿਆਦਾ ਪ੍ਰਭਾਵਿਤ ਹੋਏ। ਉਹਨਾਂ ਲੋਕਾਂ ਨੇ ਗੁਰੂ ਸਾਹਿਬ ਨਾਲ ਗੁਰ-ਸਿੱਖ ਦਾ ਰਿਸ਼ਤਾ ਕਾਇਮ ਕੀਤਾ ਅਤੇ ਆਪਣਾ ਜੀਵਨ ਬਦਲ ਲਿਆ। ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਨਾਮ-ਦਾਨ ਦੀ ਸਿੱਖਿਆ ਦਿੱਤੀ ਅਤੇ ਧਰਮਸ਼ਾਲਾਵਾਂ ਸਥਾਪਿਤ ਕਰਨ ਲਈ ਪ੍ਰੇਰਿਆ। ਚਾਰ ਉਦਾਸੀਆਂ ਉਪਰੰਤ ਗੁਰੂ ਨਾਨਕ ਦੇਵ ਜੀ ਰਾਵੀ ਦਰਿਆ ਦੇ ਕਿਨਾਰੇ ਤੇ ਧਰਮਸ਼ਾਲਾ ਬਣਾਈ ਜਿੱਥੇ ਉਹ ਆਈ ਹੋਈ ਸੰਗਤ ਨਾਲ ਅਕਾਲ ਪੁਰਖ ਦੀ ਚਰਚਾ ਕਰਦੇ ਅਤੇ ਸਾਰੀ ਸੰਗਤ ਨੂੰ ਲੰਗਰ ਛਕਾਉਂਦੇ। ਇਸ ਬਾਰੇ ਸਾਰੇ ਸਿੱਖ ਸ੍ਰੋਤ ਸਹਿਮਤ ਹਨ।

ਗੁਰੂ ਨਾਨਕ ਸਾਹਿਬ ਨੇ ਲੰਗਰ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਕੇ ਲੋਕਾਂ ਨੂੰ ਇਸ ਉੱਤੇ ਚੱਲਣ ਦੀ ਪ੍ਰੇਰਣਾ ਦਿੱਤੀ ਜੋ ਅੱਜ ਦਿਨ ਤੱਕ ਚਲ ਰਹੀ ਹੈ ਅਤੇ ਜਦੋਂ ਤੱਕ ਇਹ ਦੁਨੀਆ ਰਹੇਗੀ ਇਹ ਲੰਗਰ ਸੰਸਥਾ ਉਦੋਂ ਤੱਕ ਚੱਲਦੀ ਰਹੇਗੀ। ਇਹ ਸੰਸਥਾ ਚਲਾ ਕੇ ਗੁਰੂ ਨਾਨਕ ਸਾਹਿਬ ਨੇ ਸਮਕਾਲੀ ਸਮਾਜ ਅੰਦਰ ਫੈਲੀਆਂ ਬੁਰਾਈਆਂ (ਜਾਤ-ਪਾਤ, ਛੂਆ ਛਾਤ, ਵੈਰ, ਨਫ਼ਰਤ ਆਦਿ) ਤੇ ਕਰਾਰੀ ਸੱਟ ਮਾਰੀ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਉਪਦੇਸ਼ ਹੀ ਨਹੀਂ ਦਿੱਤਾ ਬਲਕਿ ਵਿਵਹਾਰਿਕ ਰੂਪ ਵਿਚ ਕਰਕੇ ਦਿਖਾਇਆ। ਗੁਰੂ ਸਾਹਿਬ ਨੇ ਮਨੁੱਖ ਮਾਤਰ ਦੀ ਸੇਵਾ ਨੂੰ ਪਰਮਾਤਮਾ ਦੀ ਸੇਵਾ ਸਮਝ ਕੇ ਇਹ ਉਦਾਹਰਣ ਪੇਸ਼ ਕੀਤੀ ਕੀ ਇਹ ਸਮੁੱਚੀ ਕਾਇਨਾਤ ਉਸ ਪਰਮਾਤਮਾ ਦੀ ਰਚੀ ਹੋਈ ਹੈ। ਗਰੀਬ ਦਾ ਮੁੱਖ ਗੁਰੂ ਕੀ ਗੋਲਕ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਗਰੂ ਦੀ ਗੋਲਕ ਨੂੰ ਖਾਲੀ ਕਿਵੇਂ ਰਹਿਣ ਦਿੰਦੇ। ਲੰਗਰ ਦੀ ਸੇਵਾ ਆਰੰਭ ਕੇ ਗੁਰੂ ਦੀ ਗੋਲਕ ਨੂੰ ਭਰਿਆ। ਗੁਰੂ ਸਾਹਿਬ ਨੇ ਆਪਣੇ ਆਪ ਨੂੰ ਉਸ ਪਰਮਾਤਮਾ ਦਾ ਦਾਸ ਕਹਿ ਕੇ ਕਿਹਾ-ਹੇ ਪਰਮਾਤਮਾ ਜੇ ਤੈਨੂੰ ਪਿਆਸ ਹੋਵੇ ਤਾਂ ਪਾਣੀ ਲਿਆਵਾਂ, ਜੇ ਖਾਵੇ ਤਾਂ ਕਣਕ ਪੀਸਣ ਬੈਠਾ।

ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-991

ਗੁਰੂ ਸਾਹਿਬ ਨੇ ਸਰਬ ਲੋਕਾਈ ਅੰਦਰ ਉਸ ਪਰਮਾਤਮਾ ਦਾ ਦਰਸ਼ਨ ਕਰਦਿਆਂ ਲੰਗਰ ਸੰਸਥਾ ਸ਼ੁਰੂ ਕੀਤੀ। ਪਰਮਾਤਮਾ ਦਾ ਕੋਈ ਵਰਣ ਨਹੀਂ, ਉਹ ਕਿਸੇ ਜਾਤੀ ਦਾ ਨਹੀਂ, ਉਸਦਾ ਕੋਈ ਮਜ਼ਹਬ ਨਹੀਂ ਤਾਂ ਫਿਰ ਉਸ ਦੇ ਬਣਾਏ ਬੰਦਿਆਂ ਨੂੰ ਜਾਤ-ਵਰਣ ਜਾਂ ਮਜ਼ਹਬ ਦੀ ਨਜ਼ਰ ਨਾਲ ਵੇਖ ਕੇ ਉਹਨਾਂ ਨਾਲ ਵਿਤਕਰਾ ਕਰਨਾ ਕਿ ਪਰਮਾਤਮਾ ਦੀ ਪੂਜਾ ਹੋ ਸਕਦੀ ਹੈ? ਇਸ ਲਈ ਗੁਰੂ ਸਾਹਿਬ ਨੇ ਸਾਰਿਆਂ ਲਈ ਇੱਕੋਂ ਦੇਗ ਵਿੱਚ ਤਿਆਰ ਕੀਤਾ ਲੰਗਰ, ਸਮੂਹ ਸੰਗਤ ਨੂੰ ਪੰਗਤ ਵਿੱਚ ਬਿਠਾ ਕੇ, ਬਿਨਾਂ ਭੇਦ-ਭਾਵ ਲੰਗਰ ਛਕਾ ਕੇ, ਸਮਾਜ ਨੂੰ ਇਕ ਇਨਕਲਾਬੀ ਸੁਨੇਹਾ ਦਿੱਤਾ। ਗੁਰੂ ਸਾਹਿਬ ਦੁਆਰਾ ਆਰੰਭੀ ਇਸ ਲੰਗਰ ਸੰਸਥਾ ਨੇ ਸਮਾਜਿਕ ਬਰਾਬਰੀ ਦਾ ਆਦਰਸ਼ ਕਾਇਮ ਕੀਤਾ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਬਰਾਬਰੀ ਦਾ ਉਪਦੇਸ਼ ਹੀ ਨਹੀਂ ਦਿੱਤਾ ਬਲਕਿ ਇਸਨੂੰ ਵਿਵਹਾਰਿਕ ਰੂਪ ਵਿੱਚ ਢਾਲਿਆ ਅਤੇ ਲੋਕਾਈ ਨੂੰ ਇਸ ਉੱਪਰ ਚੱਲਣ ਲਈ ਪ੍ਰੇਰਿਆ। ਗੁਰੂ ਨਾਨਕ ਸਾਹਿਬ ਕਰਤਾਰਪੁਰ (ਜੋ ਅੱਜਕਲ ਪਾਕਿਸਤਾਨ ਵਿੱਚ ਹੈ) ਵਿਖੇ ਉਦਾਸੀਆਂ ਮਗਰੋਂ ਖੇਤੀ ਕਰਨ ਲੱਗੇ। ਉੱਥੇ ਸਮੂਹਿਕ ਸਤਿ ਸੰਗਤ ਹੁੰਦੀ ਅਤੇ ਗੁਰੂ ਨਾਨਕ ਸਾਹਿਬ ਦੀ ਖੇਤੀ ਵਿਚੋਂ ਜੋ ਅਨਾਜ ਆਉਂਦਾ ਉਸਦਾ ਸਮੂਹਿਕ ਲੰਗਰ ਤਿਆਰ ਹੁੰਦਾ, ਜਿਸਨੂੰ ਸਾਰੀ ਸੰਗਤ ਸਾਂਝੇ ਤੌਰ ਤੇ ਛੱਕਦੀ। ਇਸਦਾ ਉਲੇਖ ਆਦਿ ਸਾਖੀਆਂ ਵਿੱਚ ਮਿਲਦਾ ਹੈ:

ਜਬ ਰਸੋਈ ਹੋਵੈ ਤਾਂ ਰਸੋਈਆ ਆਇ ਖੜਾ ਹੋਵੈ।

ਰਸੋਈਆ ਚੁਪ ਕਰਿ ਕੈ ਜਾਇ ਖੜਾ ਹੋਵੈ।

ਜਬ ਬਾਬਾ ਨਦਰਿ ਕਰਿ ਵੇਖੈ ਤਾਂ ਆਖੈ ਪੁਰਖਾ ਰਸੋਈ ਹੋਈ ਹੈ।

ਤਾ ਰਸੋਈਆ ਕਹੈ ਪਿਛੈ ਦੀ ਜੀਓ ਪਾਤਿਸ਼ਾਹ ਹੋਈ ਹੈ।

ਤਾਂ ਬਾਬਾ ਰਸੋਈ ਵਿਚ ਬਹਿ ਕਰਿ ਆਗਿਆ ਕਰੈ ਜਾਹਿ ਬਚਾ ਜੇਵਹੁ।

ਸਿਅਲ ਹੋਇ ਤਾ ਖਿਚੜੀ ਰੋਟੀ।

ਜੇ ਉਨਾਲ ਹੋਇ ਤਾ ਦਾਲ ਰੋਟੀ।

ਜਿਤਨਾ ਆਹਾਰ ਕਿਸੈ ਦਾ ਹੋਵੈ ਸੋ ਲੈ ਉਠੈ।

.....ਦੁਇ ਵਖਤ ਸਿਖਾ ਕੇ ਰਸੋਈ ਹੁੰਦੀ।

ਜੇਹੀ ਜਿਨਸ ਦਾ ਕੋਈ ਸੰਸਾਰੀ ਸਿਖ ਆਵੈ ਤੇਹਾ ਜਿਹਾ ਪਰਸਾਦੁ ਮਿਲਦਾ

ਸਗਉਤੀ ਭੀ ਪਉਦੀ।

ਲੋਕ ਬਹੁਤ ਝੁਬ ਪਇਆ।

ਜਦੋਂ ਰਸੋਈ (ਲੰਗਰ) ਤਿਆਰ ਹੋ ਜਾਂਦੀ ਸੀ ਤਾਂ ਰਸੋਈਆ ਜਾਂ ਭੰਡਾਰੀ ਗੁਰੂ ਨਾਨਕ ਦੇਵ ਜੀ ਦੇ ਪਿੱਛੇ ਚੁਪ-ਚਾਪ ਖੜਾ ਹੋ ਜਾਂਦਾ ਸੀ। ਗੁਰੂ ਸਾਹਿਬ ਰਸੋਈਏ ਤੋਂ ਪੁੱਛਦੇ ਰਸੋਈ ਤਿਆਰ ਹੈ ਤਾਂ ਰਸੋਈਏ ਦੇ ਹਾਂ ਕਹਿਣ ਤੇ ਗੁਰੂ ਸਾਹਿਬ ਸੰਗਤ ਵਿੱਚ ਲੰਗਰ ਵਰਤਾਉਣ ਦੀ ਆਗਿਆ ਦਿੰਦੇ। ਸਰਦੀਆਂ ਦੇ ਦਿਨਾਂ ਵਿੱਚ ਖਿਚੜੀ ਵਰਤਾਈ ਜਾਂਦੀ ਅਤੇ ਗਰਮੀਆਂ ਦੇ ਦਿਨਾਂ ਵਿੱਚ ਦਾਲ ਰੋਟੀ ਵਰਤਾਈ ਜਾਂਦੀ ਸੀ। ਜਿਸਨੂੰ ਜਿਨ੍ਹਾਂ ਲੰਗਰ ਪ੍ਰਾਪਤ ਕਰਨਾ ਹੁੰਦਾ ਉਹ ਕਰਦਾ ਸੀ। ਸਿੱਖਾਂ ਲਈ ਦੋ ਸਮੇਂ ਰਸੋਈ ਤਿਆਰ ਹੁੰਦੀ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਸੰਗਤਾਂ ਬਹੁ ਗਿਣਤੀ ਵਿੱਚ ਗੁਰੂ ਦਰਸ਼ਨਾਂ ਲਈ ਆਉਣ ਲੱਗ ਪਈਆ ਸਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਪ੍ਰਬੰਧ ਨੂੰ ਪ੍ਰਫੁੱਲਿਤ ਕਰਨ ਲਈ ਇਸਦਾ ਪ੍ਰਬੰਧ ਆਪਣੀ ਧਰਮ-ਪਤਨੀ ਮਾਤਾ ਖੀਵੀ ਜੀ ਨੂੰ ਸੌਂਪਿਆ। ਮਾਤਾ ਖੀਵੀ ਜੀ ਨੇ ਇਸ ਸੇਵਾ ਨੂੰ ਪ੍ਰਪੱਕਤਾ ਅਤੇ ਵਿਕਾਸ ਪ੍ਰਦਾਨ ਕਰਦਿਆ ਬਾਖੂਬੀ ਨਿਭਾਇਆ। ਗੁਰਤਾਗੱਦੀ ਦੀ ਪ੍ਰਾਪਤੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ ਸਨ। ਗੁਰੂ ਜੀ ਦੇ ਦਰਸ਼ਨ ਵਾਸਤੇ ਸੰਗਤਾਂ ਦਾ ਹਜ਼ੂਮ ਖਡੂਰ ਸਾਹਿਬ ਆਉਣ ਲੱਗਾ। ਸੰਗਤਾਂ ਗੁਰੂ ਜੀ ਵਾਸਤੇ ਅਨੇਕ ਭੇਟਾਂ ਅਤੇ ਮਾਇਆ ਅਰਪਿਤ ਕਰਨ ਲੱਗੇ। ਗੁਰੂ ਅੰਗਦ ਦੇਵ ਜੀ ਨੇ ਇਹਨਾਂ ਸਭ ਭੇਟਾਂ ਅਤੇ ਮਾਇਆ ਦੀ ਵਰਤੋਂ ਲੰਗਰ ਤਿਆਰ ਕਰਨ ਲਈ ਕੀਤੀ। ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਦੇ ਕਰਤਾ ਕੇਸਰ ਸਿੰਘ ਛਿੱਬਰ ਇਸਦਾ ਇਸ ਤਰ੍ਹਾਂ ਚਿਤ੍ਰਣ ਕਰਦੇ ਹਨ:

ਬਡੀ ਮਹਿਮਾ ਜਗਤ ਮੋ ਹੋਈ।

ਜੋ ਕੋਈ ਸੁਣੈ ਦਰਸ਼ਨ ਆਵੈ ਸੋਈ।

ਨਜ਼ਰ ਭੇਟ ਅਰਦਾਸਿ ਲਗੀ ਮਾਇਆ ਚੜ੍ਹਨੇ।

ਸਾਹਿਬ ਗੁਰੂ ਅੰਗਦ ਜੀ ਲੱਗੇ ਲੰਗਰ ਕਰਨੇ।

ਖਡੂਰ ਸਾਹਿਬ ਵਿਖੇ ਹੁਣ ਸਿੱਖ ਕੇਂਦਰ ਸਥਾਪਿਤ ਹੋ ਚੁੱਕਾ ਸੀ। ਸੰਗਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਗੁਰੂ ਸਾਹਿਬ ਦੀ ਲੰਗਰ ਵਿਵਸਥਾ ਇਹੋ ਜਿਹੀ ਸੀ ਕਿ ਲੰਗਰ ਵਿਚ ਕਿਸੇ ਤਰ੍ਹਾਂ ਦੀ ਥੁੜ੍ਹ ਨਹੀਂ ਸੀ। ਬਲਕਿ ਲੰਗਰ ਚੌਖੀ ਮਾਤਰਾ ਵਿੱਚ ਵਰਤਾਇਆ ਜਾਣ ਲੱਗਾ। ਗੁਰਬਾਣੀ ਅਨੁਸਾਰ ਅੰਨ ਦੇ ਲੰਗਰ ਦੇ ਨਾਲ-ਨਾਲ ਗੁਰ ਸ਼ਬਦ ਦਾ ਲੰਗਰ ਵੀ ਵਰਤਾਇਆ ਜਾਣ ਲੱਗਾ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜੇ ਗੁਰੂ ਨਾਨਕ ਸਾਹਿਬ ਦੁਆਰਾ ਚਲਾਏ ਲੰਗਰ ਵਿਚ ਤੋਟ ਨਹੀ ਆਈ ਤਾਂ ਉਸਦਾ ਆਧਾਰ ਨਾਮ ਸੀ। ਜਿੱਥੇ ਨਾਮ ਸਿਮਰਨ ਹੁੰਦਾ ਹੈ ਉਥੇ ਬ੍ਰਹਿਮੰਡ ਦੀ ਸ਼ਕਤੀ (ਪਰਮਾਤਮਾ) ਕਿਰਪਾ ਕਰਦੀ ਹੈ:

ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

ਖਰਚੈ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥

ਉਹੀ, ਪੰਨੇ 966-67

ਜਿੱਥੇ ਅਧਿਆਤਮਿਕ ਖੁਰਾਕ ਦੀ ਕਮੀ ਨਹੀਂ ਹੁੰਦੀ ਉੱਥੇ ਭੌਤਿਕ ਖੁਰਾਕ ਕਦੇ ਸਮਾਪਤ ਨਹੀਂ ਹੋ ਸਕਦੀ। ਗੁਰੂ ਅੰਗਦ ਦੇਵ ਜੀ ਅਧਿਆਤਮਿਕਤਾ ਦਾ ਲੰਗਰ ਚਲਾ ਰਹੇ ਸਨ ਅਤੇ ਮਾਤਾ ਖੀਵੀ ਜੀ ਅੰਮ੍ਰਿਤਮਈ ਭੋਜਨ ਦਾ ਲੰਗਰ ਚਲਾ ਰਹੇ ਸਨ। ਸਿੱਖ ਸੇਵਾ ਕਰਕੇ ਦੁਨੀਆਂ ਵਿੱਚ ਪਹਿਚਾਣੇ ਜਾਂਦੇ ਹਨ। ਬਿਨਾਂ ਨਾਮ-ਸਿਮਰਨ ਦੇ ਸੇਵਾ ਸਫਲ ਨਹੀਂ ਹੋ ਸਕਦੀ। ਇਸ ਕਰਕੇ ਗੁਰੂ ਸਾਹਿਬ ਨੇ ਜਿੱਥੇ-ਜਿੱਥੇ ਧਰਮਸ਼ਾਲ ਬਣਾ ਕੇ ਅਧਿਆਤਮਿਕਤਾ ਦਾ ਪ੍ਰਚਾਰ ਕੀਤਾ ਉੱਥੇ-ਉੱਥੇ ਅੰਮ੍ਰਿਤਮਈ ਭੋਜਨ ਦਾ ਲੰਗਰ ਵੀ ਸ਼ੁਰੂ ਕੀਤਾ। ਮਾਤਾ ਖੀਵੀ ਜੀ ਨੇ ਗੁਰੂ ਅੰਗਦ ਦੇਵ ਜੀ ਦੁਆਰਾ ਸੌਪੇਂ ਲੰਗਰ ਨੂੰ ਏਨੀ ਸ਼ਿੱਦਤ ਨਾਲ ਨਿਭਾਇਆ ਕਿ ਲੋਕਾਈ ਲਈ ਉਹ ਸੰਘਣੇ ਪੱਤਿਆਂ ਦੀ ਛਾਂ ਬਣਕੇ ਆਨੰਦ ਵੰਡਿਆ ਅਤੇ ਲੰਗਰ ਵਿੱਚ ਅੰਮ੍ਰਿਤ ਸਮਾਨ ਘਿਓ ਵਾਲੀ ਖੀਰ ਵੰਡੀ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥

ਉਹੀ, ਪੰਨਾ 967

ਅਧਿਆਤਮਿਕ ਪੁਰਖ ਜੋ ਵੀ ਕਰਦਾ ਹੈ ਉਹ ਸਮਾਜ ਲਈ ਅਨੁਕਰਣ ਯੋਗ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇੱਕੋ ਜਗ੍ਹਾ ਤੇ ਅਧਿਆਤਮਿਕ, ਨੈਤਿਕ ਅਤੇ ਸਮਾਜਿਕ ਆਦਰਸ਼ਾਂ ਦਾ ਨਮੂਨਾ ਪੇਸ਼ ਕੀਤਾ। ਗੁਰੂ ਸਾਹਿਬ ਨੇ ਸਮਾਜ ਵਿੱਚ ਫੈਲੇ ਦਵੇਸ਼, ਹਉਮੈ, ਝੂਠ, ਕਪਟ ਆਦਿ ਦੁਰਗਣਾਂ ਨੂੰ ਸਮਾਪਤ ਕਰਨ ਲਈ ਪ੍ਰੇਰਿਆ ਅਤੇ ਉਹ ਇਸ ਵਿੱਚ ਸਫ਼ਲ ਵੀ ਹੋਏ। ਕਿਉਂਕਿ ਇਹ ਸਾਰਾ ਕੰਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਚੱਲ ਰਿਹਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੋ ਵੇਲੇ ਰਸੋਈ (ਲੰਗਰ) ਤਿਆਰ ਹੁੰਦੀ ਸੀ ਪਰ ਮਾਤਾ ਖੀਵੀ ਜੀ ਨੇ ਇਸਨੂੰ ਵਧਾ ਕੇ ਪੂਰਾ ਦਿਨ ਲਈ ਕਰ ਦਿੱਤਾ। ਸੰਗਤਾਂ ਗੁਰੂ ਦਰਸ਼ਨਾਂ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਆਉਂਦਿਆਂ ਸਨ, ਇਸ ਕਰਕੇ ਸਭ ਨੂੰ ਲੰਗਰ ਤਿਆਰ ਮਿਲਦਾ ਸੀ। ਗੁਰੂ ਸਾਹਿਬਨ ਦਾ ਆਪਣਾ ਵਿਅਕਤੀਗਤ ਜੀਵਨ ਬਹੁਤ ਸਾਦਾ ਸੀ, ਪਰ ਸੰਗਤਾਂ ਨੂੰ ਲੰਗਰ ਵਿੱਚ ਅੰਮ੍ਰਿਤਮਈ, ਰਸ-ਭਰਪੂਰ ਭੋਜਨ ਛਕਾਇਆ ਜਾਂਦਾ ਸੀ। ਸਰੂਪ ਦਾਸ ਭਲਾ ਆਪਣੇ ਗ੍ਰੰਥ 'ਮਹਿਮਾ ਪ੍ਰਕਾਸ਼' ਵਿੱਚ ਉਪਰੋਕਤ ਦੀ ਪੁਸ਼ਟੀ ਕਰਦੇ ਹਨ:

ਪੁੰਨ ਪ੍ਰਸਾਦਿ ਤਿਆਰ ਜਬ ਹੋਈ। ਸਭ ਰਸ ਹੋਵੇ ਪਾਕ ਰਸੋਈ।

ਸਤਿਗੁਰ ਲੰਗਰ ਦਿਆਲ ਜਬ ਆਵੈ। ਸਭ ਸੰਗੀ ਸਖਾ ਸੰਗਲੈ ਜਾਵੈ।

ਚਾਰ ਬਰਨ ਊਹਾਂ ਸਮਸਰੇ। ਮਾਟੀ ਕੇ ਬਰਤਨ ਭੋਜਨ ਕਰੇ।

ਇਸ ਤੋਂ ਇਲਾਵਾ ਇਹ ਗੱਲ ਵਰਨਣਯੋਗ ਹੈ ਕਿ ਮਾਤਾ ਖੀਵੀ ਜੀ ਦੀ ਉਪਮਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਈ ਹੈ, ਹੋਰ ਕਿਸੇ ਵੀ ਗੁਰੂ ਮਹਿਲ ਦੀ ਨਹੀਂ ਹੋਈ। ਭਾਈ ਸਤਾ ਤੇ ਬਲਵੰਡ ਨੇ 'ਨੇਕ ਜਨ' ਦੀ ਉਪਾਧੀ ਨਾਲ ਮਾਤਾ ਖੀਵੀ ਜੀ ਨੂੰ ਸਨਮਾਨਿਆ ਹੈ ਉਹ ਸੰਗਤਾਂ ਵੱਲੋਂ ਉੱਤਮ ਸਨੇਹ (ਪ੍ਰੇਮ) ਦਾ ਪ੍ਰਗਟਾਵਾ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਮਾਤਾ ਜੀ ਨੇ ਸੰਗਤਾਂ ਨੂੰ ਆਪਣਾ ਪਰਿਵਾਰ ਸਮਝ ਕੇ, ਉਹਨਾਂ ਦੀ ਮਾਤਾ ਬਣ ਅੰਮ੍ਰਿਤਮਈ ਭੋਜਨ ਛਕਾਇਆ। ਮਾਤਾ ਖੀਵੀ ਜੀ ਦੁਆਰਾ ਜੋ ਲੰਗਰ ਦੀ ਸੇਵਾ ਨਿਭਾਈ ਉਹ ਆਪਣੇ-ਆਪ ਵਿੱਚ ਇੱਕ ਇਤਿਹਾਸ ਬਣ ਗਿਆ। ਉਹਨਾਂ ਨੇ ਸਮਾਜ ਅੱਗੇ ਜੋ ਸਾਂਝੀਵਾਲਤਾ ਦਾ ਆਦਰਸ਼ ਪੇਸ਼ ਕੀਤਾ ਉਸ ਦੀ ਸਾਰਥਕਤਾ ਅੱਜ ਵੀ ਬਣੀ ਹੋਈ ਹੈ।

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਇਸ ਲੰਗਰ ਸੰਸਥਾ ਨੂੰ ਅੱਗੇ ਵਧਾਉਂਦੇ ਹੋਏ ਕੁਝ ਅਹਿਮ ਫੈਸਲੇ ਕੀਤੇ। ਉਹਨਾਂ ਵਿਚ ਅਹਿਮ ਫੈਸਲਾ ਸੀ 'ਪਹਿਲੇ ਪੰਗਤ ਪਾਛੇ ਸੰਗਤ'। ਇਸ ਦਾ ਮੁੱਖ ਕਾਰਣ ਸਮਾਜ ਵਿਚੋਂ ਜਾਤ-ਪਾਤ, ਅਮੀਰ-ਗਰੀਬ, ਛੂਆ-ਛੂਤ ਨੂੰ ਜੜੋ ਖਤਮ ਕਰਨਾ ਸੀ। ਪਹਿਲੇ ਦੂਰੋਂ ਆਈਆਂ ਸੰਗਤਾਂ ਜਾਂ ਸਰਧਾਲੂਆਂ ਲਈ ਲੰਗਰ ਵਰਤਾਇਆ ਜਾਂਦਾ ਸੀ, ਪਰ ਹੁਣ ਗੁਰੂ ਅਮਰਦਾਸ ਜੀ ਦਾ ਹੁਕਮ ਸੀ ਕਿ ਜੋ ਵੀ ਸੰਗਤ ਦਰਸ਼ਨਾਂ ਲਈ ਆਵੇ ਉਹ ਪਹਿਲਾਂ ਇੱਕੋਂ ਪੰਗਤ ਵਿਚ ਬੈਠ ਕੇ ਪਰਸ਼ਾਦਾ ਛੱਕਣਾ ਲਾਜ਼ਮੀ ਕਰ ਦਿੱਤਾ। ਇਸ ਫੈਸਲੇ ਨਾਲ ਸਮਾਜ ਵਿਚ ਫੈਲੇ ਵਹਿਮ-ਭਰਮਾਂ ਦਾ ਖ਼ਾਤਮਾ ਕਰ ਦਿੱਤਾ ਗਿਆ ਸੀ। ਇਸ ਫੈਸਲੇ ਲਈ ਸਮਾਜ ਦੇ ਕਿਸੇ ਵਰਗ ਜਾਂ ਵਰਣ ਨੂੰ ਛੋਟ ਨਹੀਂ ਸੀ। ਇਹ ਹੁਕਮ ਸਭ ਲਈ ਬਰਾਬਰ ਸੀ। ਇਸ ਹੁਕਮ ਦੀ ਸਖ਼ਤੀ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਦਾ ਬਾਦਸ਼ਾਹ ਅਕਬਰ ਜਦੋਂ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਈਆ ਤਾਂ ਪਹਿਲਾਂ ਸੰਗਤ ਵਿਚ ਬੈਠ ਕੇ ਆਮ ਲੋਕਾਂ ਨਾਲ ਲੰਗਰ ਛੱਕਣ ਤੋਂ ਬਾਅਦ ਹੀ ਗੁਰੂ ਦਰਸ਼ਨਾਂ ਦਾ ਹੁਕਮ ਹੋਇਆ। ਅਕਬਰ ਲੰਗਰ ਦੀ ਵਿਵਸਥਾ ਨੂੰ ਦੇਖ ਕੇ ਏਨ੍ਹਾਂ ਖੁਸ਼ ਹੋਇਆ ਕਿ ਉਸਨੇ ਲੰਗਰ ਦੀ ਸੰਚਾਲਿਕਾ ਬੀਬੀ ਭਾਨੀ ਜੀ ਦੇ ਨਾਮ ਜ਼ਮੀਨ ਲਗਾਉਣ ਦੀ ਤਜ਼ਵੀਜ਼ ਗੁਰੂ ਜੀ ਦੇ ਸਨਮੁੱਖ ਰੱਖੀ। ਹੁਣ ਗੁਰੂ ਘਰ ਵਿੱਚ ਗੁਰੂ ਦਰਸ਼ਨਾਂ ਲਈ ਜੋ ਵੀ ਆਉਂਦਾ ਉਸਨੂੰ ਪਹਿਲਾਂ ਸਭ ਨਾਲ ਇੱਕੋਂ ਪੰਗਤ ਵਿਚ ਬੈਠ ਕੇ ਲੰਗਰ ਛੱਕਣਾ ਪੈਂਦਾ ਸੀ। ਇਸ ਨਾਲ ਲੋਕਾਂ ਵਿੱਚ ਆਪਸੀ ਭਰਾਤਰੀ-ਭਾਵ ਨੂੰ ਬਲ ਮਿਲਿਆ। ਗੁਰੂ ਅਮਰਦਾਸ ਜੀ ਨੇ ਮੰਜੀ ਸੰਸਥਾ ਦੀ ਸਥਾਪਨਾ ਕੀਤੀ ਸੀ। ਹਰ ਮੰਜੀਦਾਰ ਆਪੋ ਆਪਣੇ ਇਲਾਕੇ ਵਿੱਚ ਧਰਮਸ਼ਾਲ ਸਥਾਪਿਤ ਕਰਕੇ ਲੰਗਰ ਦੀ ਵਿਵਸਥਾ ਗੁਰੂ ਹੁਕਮਾਂ ਅਨੁਸਾਰ ਕਰਦਾ ਸੀ। ਸਿੱਖਾਂ ਦੀ ਭਗਤਮਾਲਾ ਗ੍ਰੰਥ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ ਨੂੰ ਵੰਡ ਛੱਕਣ ਦਾ ਹੁਕਮ ਦਿੱਤਾ। ਸਿੱਖ ਸ੍ਰੋਤਾਂ ਅਨੁਸਾਰ ਸੰਘਰਸ਼ ਦੇ ਦਿਨਾਂ ਵਿੱਚ ਭੁੱਜੇ ਛੋਲਿਆਂ ਨੂੰ ਬਦਾਮ ਕਹਿ ਕੇ ਵਰਤਾਇਆ ਜਾਂਦਾ ਸੀ। ਬੇਹੀ-ਰੋਟੀ ਨੂੰ ਮਿੱਠਾ ਪਰਸ਼ਾਦਾ ਕਹਿ ਕੇ ਲੰਗਰ ਵਿੱਚ ਵਰਤਾਇਆ ਜਾਂਦਾ ਸੀ। ਪਰ ਗੁਰੂ ਅਮਰਦਾਸ ਜੀ ਦਾ ਹੁਕਮ ਹੋਇਆ ਕਿ ਲੰਗਰ ਵਿੱਚ ਤਿਆਰ ਹੋਇਆ ਪਰਸ਼ਾਦਾ ਅਗਲੇ ਦਿਨ ਨਾ ਵਰਤਾਇਆ ਜਾਵੇ। ਇਸ ਤਰ੍ਹਾਂ ਨਾਲ ਲੰਗਰ ਵਿੱਚ ਸਾਫ-ਸੁਥਰਾ ਅਤੇ ਤਾਜਾ ਭੋਜਨ ਤਿਆਰ ਮਿਲਦਾ ਸੀ। ਕੜਾਹ ਪ੍ਰਸ਼ਾਦਿ ਰੋਜ ਬਣਦਾ ਸੀ ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਇ ਬਲਵੰਡ ਨੇ ਰਾਮਕਲੀ ਦੀ ਵਾਰ ਵਿੱਚ ਇਉ ਕੀਤਾ ਹੈ।

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥

ਉਹੀ, ਪੰਨਾ 968

ਗੁਰੂ ਅਮਰਦਾਸ ਦੀ ਮਹਾਰਾਜ ਨੇ ਨਗਾੜੇ ਦੀ ਪ੍ਰਥਾ ਚਲਾਈ। ਜਦੋਂ ਲੰਗਰ ਤਿਆਰ ਹੁੰਦਾ ਤਾਂ ਨਗਾੜਾ ਵਜਾਇਆ ਜਾਂਦਾ ਤਾਂ ਕੀ ਕੋਈ ਵੀ ਮਨੁੱਖ ਭੁੱਖਾ ਨਾ ਰਹਿ ਜਾਵੇ। ਸਾਰੇ ਲੰਗਰ ਛੱਕਣ ਆ ਜਾਣ। ਇਹ ਲੰਗਰ ਕਿਸੇ ਸਿੱਖ ਦਾ ਨਹੀਂ ਬਲਕਿ 'ਗੁਰੂ ਕਾ ਲੰਗਰ' ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਲੰਗਰ ਪ੍ਰਥਾ ਨੂੰ ਅਧਿਆਤਮਿਕ ਅਰਥ ਪ੍ਰਦਾਨ ਕੀਤੇ। ਉਹਨਾਂ ਅਨੁਸਾਰ ਪਰਮਾਤਮਾ ਦੀ ਸਭ ਕੁੱਝ ਕਰਨ ਵਾਲਾ ਹੈ। ਉਹ ਆਪ ਹੀ ਧਰਤੀ ਹੈ, ਆਪ ਹੀ ਉਸ ਧਰਤੀ ਨੂੰ ਵਾਹੁਣ ਵਾਲਾ (ਵਾਹੀ ਕਰਨ ਵਾਲਾ) ਹੈ। ਆਪ ਹੀ ਅੰਨ ਪੈਦਾ ਕਰਦਾ ਹੈ ਅਤੇ ਆਪ ਹੀ ਅੰਨ ਪੀਸ਼ਦਾ ਹੈ। ਆਪ ਹੀ ਅੰਨ ਪਕਾਉਂਦਾ ਹੈ ਅਤੇ ਆਪ ਹੀ ਭਾਂਡਿਆਂ ਵਿੱਚ ਵਰਤਾਉਂਦਾ ਹੈ ਅਤੇ ਆਪ ਹੀ ਚੂਲੀ ਕਰਾਉਂਦਾ ਹੈ। ਪਰਮਾਤਮਾ ਆਪ ਹੀ ਸੰਗਤ ਨੂੰ ਬੁਲਾ ਕੇ ਬਿਠਾਉਂਦਾ ਹੈ ਅਤੇ ਆਪ ਹੀ ਵਿਦਾ ਕਰਦਾ ਹੈ। ਇਹ ਸਾਰੇ ਕੰਮ ਉਹੀ ਕਰ ਸਕਦਾ ਹੈ ਜਿਸ ਉੱਪਰ ਪਰਮਾਤਮਾ ਦੀ ਕਿਰਪਾ ਹੋਵੇ:

ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥

ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ॥

ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥

ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ॥

ਉਹੀ, ਪੰਨੇ 550-551

ਗੁਰੂ ਰਾਮਦਾਸ ਜੀ ਅਨੁਸਾਰ ਘਰ, ਧਾਰਮਿਕ ਅਸਥਾਨ ਜਾਂ ਸਮਾਜਿਕ ਅਸਥਾਨ ਤਾਂ ਹੀ ਸੋਭਾਇਮਾਨ ਹੁੰਦੇ ਹਨ ਜੇ ਉਥੇ ਆਏ ਹੋਏ ਅਤਿਥੀ ਦਾ ਸਤਿਕਾਰ ਹੋਵੇ ਉਸਨੂੰ ਵਰੋਸਾਇਆ ਜਾਵੇ। ਇਸ ਤੋਂ ਬਿਨ੍ਹਾਂ ਇਹਨਾਂ ਅਸਥਾਨਾਂ ਦੀ ਸਾਰਥਕਤਾ ਸਿੱਧ ਨਹੀਂ ਹੁੰਦੀ। ਇਸ ਭਾਵਨਾ ਤੋਂ ਇਹ ਦ੍ਰਿਸ਼ਟਮਾਨ ਹੁੰਦਾ ਹੈ ਕਿ ਲੰਗਰ ਦੀ ਸੇਵਾ ਅਧਿਆਤਮਿਕ ਉਨਤੀ ਦਾ ਸਾਧਨ ਬਣ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਲੰਗਰ ਸੰਸਥਾ ਨੂੰ ਅੱਗੇ ਵਧਾਉਂਦੇ ਹੋਏ, ਲੰਗਰ ਨੂੰ ਆਪਣੇ ਹੱਥੀ ਵਰਤਾਉਣਾ ਸ਼ੁਰੂ ਕੀਤਾ। 'ਦਾਬਿਸਤਾਨ-ਏ-ਮਜ਼ਾਹਿਬ' ਦੇ ਕਰਤਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਸਿੱਖ ਪੰਥ ਦਾ ਵਿਸਤਾਰ ਬਹੁਤ ਵੱਡੇ ਪੱਧਰ ਤੇ ਹੋ ਚੁੱਕਾ ਸੀ। ਭਾਰਤ ਦੇ ਹਰ ਕੋਨੇ ਤੋਂ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਸਨ। ਇਸ ਤੋਂ ਇਹ ਪਤਾ ਚਲਦਾ ਹੈ ਕਿ ਭਾਰਤ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਸਿੱਖ ਧਰਮ ਦੇ ਅਨੁਯਾਈ ਫੈਲ ਚੁੱਕੇ ਸਨ। ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਆਦਿ ਗ੍ਰੰਥ ਦਾ ਪ੍ਰਕਾਸ਼ ਹੋ ਜਾਣ ਕਾਰਣ ਸਿੱਖ ਸੰਗਤਾਂ ਵੱਡੇ ਪੱਧਰ ਤੇ ਗੁਰੂ ਦਰਸ਼ਨਾਂ ਲਈ ਆ ਰਹੀਆ ਸਨ। ਗੁਰੂ ਅਰਜਨ ਦੇਵ ਜੀ ਸੰਗਤਾਂ ਦੇ ਲੰਗਰ ਲਈ ਦਿਨ-ਰਾਤ ਧਿਆਨ ਰੱਖਦੇ ਸਨ। ਆਈਆਂ ਹੋਈਆਂ ਸੰਗਤਾਂ ਦੀ ਸੇਵਾ ਨੂੰ ਪਰਮਾਤਮਾ ਦੀ ਸੇਵਾ ਸਮਝਿਆ ਜਾਂਦਾ ਸੀ। ਲੰਗਰ ਵਿਵਸਥਾ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਾਰੇ 'ਸਿੱਖਾਂ ਦੀ ਭਗਤਮਾਲ' ਵਿੱਚ ਜ਼ਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਦਾ ਹੁਕਮ ਸੀ ਕਿ ਜੇ ਕੋਈ ਪ੍ਰਸ਼ਾਦ ਗ੍ਰਹਿਣ ਕਰਨ ਵਾਸਤੇ ਆਵੇ ਉਸਨੂੰ ਪ੍ਰਸ਼ਾਦ ਛਕਾਉਣ। ਗੁਰੂ ਸਾਹਿਬ ਨੇ ਵੰਡ ਛੱਕਣ ਦੀ ਪਰੰਪਰਾ ਨੂੰ ਮਜ਼ਬੂਤ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਲੰਗਰ ਪ੍ਰਤੀ ਇਸ ਭਾਵਨਾ ਨੂੰ ਦੇਖ ਕੇ ਸੰਗਤ ਲੰਗਰ ਸੇਵਾ ਲਈ ਸਮਰਪਿਤ ਹੋ ਗਈ ਸੀ। ਗੁਰੂ ਸਾਹਿਬ ਦੀ ਲੰਗਰ ਪ੍ਰਤੀ ਸੇਵਾ ਭਾਵਨਾ ਅਤੇ ਸੰਗਤ ਪ੍ਰਤੀ ਪ੍ਰੇਮ ਭਾਵਨਾ ਦਾ ਪ੍ਰਗਟਾਵਾ ਇਸ ਗੱਲ ਤੋਂ ਹੁੰਦਾ ਹੈ ਕਿ ਉਹਨਾਂ ਨੇ ਬੀਬੀ ਵੀਰੋ ਦੇ ਵਿਆਹ ਲਈ ਤਿਆਰ ਕਰਵਾਈ ਮਠਿਆਈ ਨੂੰ ਕਾਬੁਲ ਦੀ ਸੰਗਤ ਵਿੱਚ ਲੰਗਰ ਲਗਵਾ ਕੇ ਵੰਡ ਦਿੱਤਾ।

ਸ੍ਰੀ ਗੁਰੂ ਹਰਿਰਾਇ ਜੀ ਲੰਗਰ ਦੀ ਸੇਵਾ ਨੂੰ ਬੜੀ ਗੰਭੀਰਤਾ ਨਾਲ ਲਿਆ। ਉਹਨਾਂ ਅਨੁਸਾਰ ਲੰਗਰ ਮਾਨਵਤਾ ਪ੍ਰਤੀ ਬਹੁਤਾ ਵੱਡਾ ਕਾਰਜ ਹੈ ਇਸ ਲਈ ਉਹਨਾਂ ਆਪਣੇ ਸਿੱਖਾਂ ਨੂੰ ਕਿਹਾ ਕਿ ਆਪਣੇ ਘਰ ਵਿੱਚ ਲੰਗਰ ਦੀ ਸੇਵਾ ਸ਼ੁਰੂ ਕੀਤੀ ਜਾਵੇ, ਜਿੱਥੇ ਆਉਣ ਵਾਲੀ ਸੰਗਤ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਲੰਗਰ ਛਕਾਇਆ ਜਾਵੇ। ਸਰੂਪ ਦਾਸ ਭਲਾ ਅਨੁਸਾਰ ਸ੍ਰੀ ਗੁਰੂ ਹਰਿਰਾਇ ਜੀ ਨੇ ਸਿੱਖ ਸੰਗਤ ਨੂੰ ਲੰਗਰ ਲਈ ਜੋ ਪ੍ਰੇਰਣਾ ਦਿੱਤੀ ਉਹ ਆਪਣੇ ਆਪ ਵਿੱਚ ਅਦੁੱਤੀ ਮਿਸਾਲ ਹੈ।

ਸਿੱਖ ਸੰਗਤਾਂ ਨੇ ਆਪਣੇ-ਆਪਣੇ ਘਰ ਵਿੱਚ ਗੁਰੂ ਨਮਿਤ ਲੰਗਰ ਲਗਾਉਣੇ ਸ਼ੁਰੂ ਕੀਤੇ, ਜਿਥੇ ਆਉਣ ਵਾਲੀ ਸੰਗਤ ਦੀ ਸੇਵਾ ਕੀਤੀ ਜਾਂਦੀ। ਇਸ ਨਾਲ ਗੁਰੂ ਮਹਿਮਾ ਦਿਨ ਪ੍ਰਤੀ ਦਿਨ ਵੱਧਦੀ ਗਈ। ਗੁਰ ਸਾਹਿਬ ਦਾ ਇੱਕ ਸਿੱਖ ਭਗਤ ਸੀ ਜੋ ਦੁੱਧ ਅਤੇ ਦਹੀ ਦੀ ਸੇਵਾ ਬੜੀ ਸ਼ਰਧਾ ਨਾਲ ਕਰਦਾ ਸੀ। ਗੁਰੂ ਸਾਹਿਬ ਨੇ ਉਸਦੀ ਇਸ ਭਾਵਨਾ ਤੋਂ ਖੁਸ਼

ਹੋ ਕੇ ਉਸਨੂੰ ਸੇਵਾ ਬਖਸ਼ਦਿਆਂ ਕਿਹਾ ਕਿ ਉਹ ਆਪਣੇ ਘਰ ਵਿੱਚ ਗੁਰੂ ਨਮਿਤ ਲੰਗਰ ਲਗਾਏ ਅਤੇ ਆਉਣ ਵਾਲੀ ਸੰਗਤ ਦੀ ਹਉਮੈ ਰਹਿਤ ਹੋ ਕੇ ਸੇਵਾ ਕਰੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਬਾਬਾ ਬਕਾਲਾ ਵਿਖੇ ਭਾਈ ਗੜ੍ਹੀਆ ਲੰਗਰ ਦੀ ਸੇਵਾ ਸੰਭਾਲ ਕਰਦੇ ਸਨ। ਗੁਰੂ ਜੀ ਜਦੋਂ ਮਾਲਵੇ ਦੀ ਧਰਤੀ ਤੇ ਸਨ ਤਾਂ ਭਾਈ ਮੀਂਹੇ ਨੇ ਲੰਗਰ ਦੇ ਲਈ ਪਾਣੀ (ਜਲ) ਦੀ ਸੇਵਾ ਬੜੀ ਸ਼ਿੱਦਤ ਨਾਲ ਨਿਭਾਈ। ਗੁਰੂ ਜੀ ਦੇ ਉਪਦੇਸ਼ਾਂ ਵਿੱਚ ਇਹ ਗੱਲ ਹਮੇਸ਼ਾ ਹੁੰਦੀ ਕਿ ਪਿੰਡ ਵਿੱਚ ਕੋਈ ਭੁੱਖਾ ਨਾ ਰਹੇ, ਆਪਣਾ ਗੁਆਂਢੀ ਭੁੱਖਾ ਨਾ ਰਵੇ ਇਸ ਗੱਲ ਦਾ ਹਮੇਸ਼ਾ ਧਿਆਨ ਰੱਖਿਆ ਜਾਵੇ। ਪਿੰਡ ਵਿੱਚ ਜੇ ਕੋਈ ਅਤਿਥੀ ਆਵੇ ਤਾਂ ਉਸਦੇ ਭੋਜਨ-ਪਾਣੀ ਦੀ ਵਿਵਸਥਾ ਕਰਨੀ ਬਹੁਤ ਵੱਡੀ ਸੇਵਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਖੁਦ ਵੀ ਪਾਣੀ ਦੇ ਲੰਗਰ ਦੀ ਜੋ ਸੇਵਾ ਕੀਤੀ ਉਹ ਅੱਜ ਵੀ ਚਲ ਰਹੀ ਹੈ। ਗੁਰੂ ਸਾਹਿਬ ਬਠਿੰਡਾ ਦੇ ਪਿੰਡ ਹਦਿਆਯਾ ਪਹੁੰਚੇ ਤਾਂ ਉਹ ਇਕ ਰੁੱਖ ਥੱਲੇ ਤਾਲਾਬ ਦੇ ਕਿਨਾਰੇ ਤੇ ਠਹਿਰੇ। ਉਹਨਾਂ ਨੂੰ ਪਤਾ ਲੱਗਾ ਕਿ ਪਿੰਡ ਵਿੱਚ ਮਹਾਂਮਾਰੀ ਫੈਲੀ ਹੋਈ ਹੈ। ਬਹੁਤ ਸਾਰੇ ਲੋਕ ਅਕਾਲ ਚਲਾਣਾ ਕਰ ਗਏ ਸੀ। ਲੋਕਾਂ ਅੰਦਰ ਵਹਿਮ-ਭਰਮ ਸੀ ਕਿ ਕਿਸੇ ਭੂਤ-ਪ੍ਰੇਤ ਨੇ ਮਹਾਂਮਾਰੀ ਦਾ ਰੂਪ ਧਾਰਨ ਕਰ ਲਿਆ ਹੈ। ਗੁਰੂ ਸਾਹਿਬ ਨੇ ਦੇਖਿਆ ਕਿ ਤਲਾਬ ਦਾ ਪਾਣੀ ਬਹੁਤ ਗੰਦਾ ਹੋ ਚੁੱਕਾ ਸੀ। ਇਸੇ ਪਾਣੀ ਨੂੰ ਪੀ ਕੇ ਲੋਕ ਬੀਮਾਰ ਹੋ ਰਹੇ ਸਨ। ਗੁਰੂ ਜੀ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਲੋਕ ਇਸੇ ਪਾਣੀ ਨੂੰ ਪੀ ਕੇ ਬੀਮਾਰ ਹੋ ਰਹੇ ਹਨ। ਉਹਨਾਂ ਦਾ ਹਿਰਦਾ ਕਰੁਣਾ ਨਾਲ ਭਰ ਗਿਆ। ਗੁਰੂ ਜੀ ਨੇ ਘੋਸ਼ਣਾ ਕੀਤੀ ਕੀ ਤਾਲਾਬ ਦੀ ਕਾਰ-ਸੇਵਾ ਕਰਕੇ ਸਫਾਈ ਕੀਤੀ ਜਾਵੇਗੀ। ਗੁਰੂ ਸਾਹਿਬ ਤਾਲਾਬ ਅੰਦਰ ਗਏ ਅਤੇ ਆਪਣੇ ਹੱਥਾਂ ਨਾਲ ਗੰਦਗੀ ਕੱਢਣੀ ਸ਼ੁਰੂ ਕੀਤੀ। ਇਹ ਦੇਖ ਸੈਂਕੜੇ ਲੋਕਾਂ ਨੇ ਤਾਲਾਬ ਦੀ ਗੰਦਗੀ ਕੱਢਣੀ ਸ਼ੁਰੂ ਕਰ ਦਿੱਤੀ। ਤਾਲਾਬ ਸਾਫ ਹੋ ਗਿਆ ਅਤੇ ਸਾਫ ਪਾਣੀ ਦੀ ਵਿਵਸਥਾ ਹੋ ਗਈ। ਪਿੰਡ ਬੀਮਾਰੀ ਤੋਂ ਮੁਕਤ ਹੋ ਗਿਆ। ਇਸ ਤਾਲਾਬ ਦਾ ਨਾਂ ਗੁਰੂਸਰ ਰੱਖ ਦਿੱਤਾ ਗਿਆ। ਜੋ ਅੱਜ ਵੀ ਗੁਰੂ ਤੇਗ ਬਹਾਦਰ ਜੀ ਦੀ ਜਲ ਸੇਵਾ ਦੀ ਗਵਾਹੀ ਭਰ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜਿੱਥੇ-ਜਿੱਥੇ ਗਏ ਉੱਥੇ-ਉੱਥੇ ਉਹਨਾਂ ਲੰਗਰ ਦੀ ਸੇਵਾ ਦੀ ਪ੍ਰੇਰਣਾ ਦੇ ਕੇ ਲੰਗਰ ਸ਼ੁਰੂ ਕਰਵਾਏ। ਪਟਨਾ ਦਾ ਭਾਈ ਜੈਤਾ ਸੇਠ ਸੰਗਤਾਂ ਦੀ ਮਹਿਮਾਨ-ਨਿਵਾਜੀ ਅਤੇ ਸੇਵਾ ਲਈ ਪ੍ਰਸਿੱਧ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਨੰਦਪੁਰ ਵਿਖੇ ਆਈਆ ਸੰਗਤਾਂ ਦੀ ਸੇਵਾ ਲਈ ਕਈ ਲੰਗਰ ਸ਼ੁਰੂ ਕੀਤੇ। ਕਿਉਂਕਿ ਆਨੰਦਪੁਰ ਸਾਹਿਬ ਸਿੱਖਾਂ ਲਈ ਕੇਂਦਰੀ ਧੁਰਾ ਬਣ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਉਥੇ ਬਿਰਾਜਮਾਨ ਹੋਣ ਕਰਕੇ ਸੰਗਤਾਂ ਲਈ ਖਿੱਚ ਦਾ ਕਾਰਣ ਸੀ, ਇਸੇ ਕਰਕੇ ਦੂਰੋਂ-ਦੂਰੋਂ ਸੰਗਤਾਂ ਗੁਰੂ ਦਰਸ਼ਨਾਂ ਲਈ ਆਉਂਦਿਆਂ ਸਨ। ਇਹਨਾਂ ਸਾਰਿਆਂ ਸੰਗਤਾਂ ਦੀ ਸੇਵਾ ਦਾ ਪ੍ਰਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖੁਦ ਕਰਦੇ ਸਨ। ਉਪਦੇਸ਼ ਕਰਨਾ ਤਾਂ ਸਹਿਜ ਹੁੰਦਾ ਹੈ ਪਰ ਉਸ ਉੱਪਰ ਚਲਨਾ ਅਤਿ ਕਠਿਨ ਹੁੰਦਾ ਹੈ। ਜਿਸ ਮਹਾਨਪੁਰਖ ਦੇ ਦਰਸ਼ਨਾਂ ਅਤੇ ਉਹਨਾਂ ਦੀ ਅੰਮ੍ਰਿਤਮਈ ਬਾਣੀ ਸੁਣਨ ਲਈ ਹਜ਼ਾਰਾਂ ਲੋਕ ਉਤਸੁਕ ਰਹਿੰਦੇ ਹੋਣ ਉਹ ਖੁਦ ਸੇਵਾ ਕਰਦੇ ਮਿਲਣ ਤਾਂ ਸੰਗਤਾਂ ਦਾ ਸਿਰ ਸ਼ਰਧਾ-ਭਾਵ ਨਾਲ ਕਿਉਂ ਨਹੀਂ ਝੁਕੇਗਾ। ਦੁਨੀਆ ਵਿੱਚ ਆਮ ਦੇਖਣ ਵਿੱਚ ਆਉਂਦਾ ਹੈ ਕਿ ਕਿਸੇ ਨੂੰ ਥੋੜਾ ਜਿਹਾ ਮਾਨ-ਸਨਮਾਨ ਜਾਂ ਪਦ-ਪ੍ਰਤਿਸ਼ਠਾ ਪ੍ਰਾਪਤ ਹੋ ਜਾਏ ਤਾਂ ਉਸਦੇ ਸੁਭਾਅ ਅੰਦਰ ਤਬਦੀਲੀ ਵੇਖੀ ਜਾਂਦੀ ਹੈ। ਪਰ ਗੁਰੂ ਸਾਹਿਬ ਦੇ ਵਿਅਕਤੀਤਵ ਦੇ ਅੰਦਰ ਏਨੀ ਸਰਲਤਾ ਅਤੇ ਸਹਿਜਤਾ ਸੀ ਕਿ ਉਹ ਖੁਦ ਸੇਵਾ ਕਰਦੇ ਸਨ। ਖੰਡੇ ਦੀ ਪਾਹੁਲ ਨੂੰ ਸਿੱਖਾਂ ਨੂੰ ਪਿਆ ਕੇ ਇੱਕੋ ਜਿਹੇ ਸਮਾਜ ਦੀ ਰਚਨਾ ਕੀਤੀ ਜੋ ਦੀਨ-ਦੁਨੀਆਂ ਦੀ ਰੱਖਿਆ ਲਈ ਮਰ ਮਿਟੇ। ਗੁਰੂ ਸਾਹਿਬ ਨੂੰ ਬਹੁਤ ਜੰਗਾਂ-ਯੁੱਧਾਂ ਦਾ ਸਾਮਨਾ ਕਰਨਾ ਪਿਆ ਪਰ ਲੰਗਰ ਸੰਸਥਾ ਨਿਰਵਿਘਨ ਰੂਪ ਵਿੱਚ ਮਰਿਯਾਦਾ ਅਨੁਸਾਰ ਚਲਦੀ ਰਹੀ। ਇਕ ਵਾਰੀ ਮਾਤਾ ਗੁਜਰੀ ਜੀ ਨੇ ਭੋਗ-ਮੋਖ ਲਈ ਪੁਛਿਆ ਤਾਂ ਗੁਰੂ ਸਾਹਿਬ ਦਾ ਕਥਨ ਸੀ : ਲੰਗਰ ਵਿੱਚ ਆਈਆਂ ਸੰਗਤਾਂ ਨੂੰ ਅੰਨ ਛਕਾਉ, ਜਲ ਛਕਾਉ, ਪੱਖਾ ਝਲੋ। ਗੁਰੂ ਸਾਹਿਬ ਨੇ ਆਪ ਸੇਵਾ ਕਰਦਿਆਂ ਪਰਿਵਾਰ ਨੂੰ ਸੇਵਾ ਲਈ ਵਾਰ ਦਿੱਤਾ। ਉਹਨਾਂ ਕੇਵਲ ਉਪਦੇਸ਼ ਹੀ ਨਹੀਂ ਦਿੱਤਾ ਬਲਕਿ ਇਸਨੂੰ ਵਿਵਹਾਰਿਕ ਰੂਪ ਵਿਚ ਕਰਕੇ ਵੀ ਦਿਖਾਇਆ। ਜਿਸਦੇ ਫਲਸਰੂਪ ਲੰਗਰ ਸੰਸਥਾ ਅੱਜ ਦਿਨ ਤੱਕ ਨਿਰਵਿਘਨ ਰੂਪ ਵਿੱਚ ਚਲੀ ਆ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲੰਗਰ ਪ੍ਰਤੀ ਏਨੇ ਸੁਚੇਤ ਸੀ ਕਿ ਉਹ ਭੇਸ ਧਾਰ ਕੇ

ਦੇਖਣ ਜਾਂਦੇ ਸਨ ਕਿ ਜੋ ਸਿੱਖ ਲੰਗਰ ਵਿੱਚ ਸੇਵਾ ਕਰ ਰਹੇ ਹਨ ਉਹ ਮਰਿਯਾਦਾ ਅਨੁਸਾਰ ਕਰ ਰਹੇ ਹਨ ਜਾਂ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਰਖ ਤੇ ਭਾਈ ਨੰਦ ਲਾਲ ਜੀ ਦਾ ਲੰਗਰ ਸਭ ਤੋਂ ਵਧੀਆ ਪਾਇਆ ਗਿਆ। ਭਾਈ ਨੰਦ ਲਾਲ ਜੀ ਦੀ 'ਸਾਖੀ ਰਹਿਤ ਕੀ' ਵਿੱਚ ਦਰਜ ਹੈ ਕਿ:

ਜੋ ਇਕਸੁ ਗੁਰਭਾਈ ਸਿਖ ਕਉ ਭਉ ਸਾਥ ਪ੍ਰਸਾਦਿ ਖਵਾਵੈ ਤਾ ਉਸ ਕਉ ਸਉ ਗੁਣਾ ਹੋਇ ਫਲ ਲਗਦਾ ਹੈ ਕਿਉਂਕਿ ਗੁਰਭਾਈ ਗੁਰ-ਸਮਾਨ ਹੈ। ਗੁਰ-ਭਾਈ ਹੀ ਨਹੀਂ ਬਲਕਿ ਲੰਗਰ ਵਿੱਚ ਕੋਈ ਅਪਰਚਿਤ ਜਾਂ ਵੈਰੀ ਵੀ ਆ ਜਾਵੇ ਤਾਂ ਉਸਦਾ 'ਗੁਰੂ ਕਾ ਲੰਗਰ' ਤੇ ਪੂਰਾ ਹੱਕ ਹੈ।

ਦੇਗ ਤਿਆਰ ਗੁਰ ਹੋਈ। ਉਸ ਸਮੇ ਵੈਰੀ ਕਿਮ ਆਵੈ।

ਪਰਮ ਮੀਤ ਸਮ ਤਾਹਿ ਛਕਾਵੈ। ਵੈਰੀ ਮਿਤ੍ਰਨ ਕੋ ਸਮ ਦੈ ਹੈ।

ਬਚੈ ਸੁ ਪਾਛੈ ਖੁਦ ਖਾ ਲੈ ਹੈ। ਨਹੀਂ ਤੇ ਲੰਗਰ ਮਸਤ ਬਤੈ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿੱਚ 'ਦੇਗ' ਬਹੁਤ ਪ੍ਰਚਲਿਤ ਸੀ। ਦੇਗ ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸਦਾ ਅਰਥ ਹੁੰਦਾ ਹੈ ਕਿ ਉਹ ਵੱਡਾ ਬਰਤਨ ਜਿਸ ਵਿੱਚ ਭੋਜਨ ਪਕਾਇਆ ਜਾਂਦਾ ਹੈ। ਦੇਗ ਸ਼ਬਦ ਲੰਗਰ ਦਾ ਪ੍ਰਯਾਯ ਬਣ ਚੁੱਕਾ ਸੀ। ਦੇਗ ਸ਼ਬਦ ਵਿਚ ਉਸ ਸਮਾਜ ਦੀ ਕਲਪਨਾ ਕੀਤੀ ਗਈ ਹੈ ਜੋ ਭੌਤਿਕ ਤੌਰ ਤੇ ਸੰਤੁਸ਼ਟ ਅਤੇ ਸਿਹਤਮੰਦ ਹੋਵੇ।

## 5.2 ਗੁਰੂ ਕਾਲ ਤੋਂ ਬਾਅਦ ਲੰਗਰ ਸੰਸਥਾ

ਗੁਰੂ ਕਾਲ ਤੋਂ ਬਾਅਦ ਲੰਗਰ ਦੀ ਸੇਵਾ-ਸੰਭਾਲ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਕੋਲ ਸੀ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦੁਆਰਾ ਜਾਰੀ ਕੀਤੇ ਗਏ ਹੁਕਮਨਾਮਿਆਂ ਵਿੱਚ ਲੰਗਰ ਦੀ ਸੇਵਾ ਭੇਟ ਲਈ ਸਿੱਖਾਂ ਨੂੰ ਜੋ ਪ੍ਰੇਰਣਾ ਦਿੱਤੀ ਗਈ ਉਹ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਮਾਤਾ ਜੀ ਦਾ ਧਿਆਨ ਲੰਗਰ ਸੰਸਥਾ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਵੱਲ ਸੀ।

ਜਦੋਂ ਬੰਦਾ ਸਿੰਘ ਬਹਾਦਰ ਨੇ ਰਾਜ ਸੰਭਾਲਿਆ ਤਾਂ ਉਸਨੇ ਸ੍ਰੀ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਚਲਾਇਆ। ਉਸ ਸਿੱਕੇ ਉੱਪਰ ਜੋ ਮੋਹਰ ਅੰਕਿਤ ਸੀ, ਉਹ ਸੀ:

ਦੇਗੋ ਤੇਗੋ ਫਤਹ ਨੁਸਰਤ ਬੇਦਰੰਗ।

ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ॥

ਇਸਦਾ ਅਰਥ ਹੈ ਦੇਗ ਅਤੇ ਤੇਗ ਦੀ ਜੋ ਫਤਿਹ ਹੈ ਇਹ ਸਹਾਇਤਾ ਤੁਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ। ਸਿੱਖਾਂ ਨੂੰ ਇਹ ਸਮਝ ਆ ਚੁੱਕੀ ਸੀ ਕਿ, ਜੇ ਪੰਥ ਨੂੰ ਬੁਲੰਦੀਆਂ ਤੇ ਲੈ ਕੇ ਜਾਣਾ ਹੈ ਤਾਂ ਜ਼ਰੂਰਤਮੰਦਾਂ ਅਤੇ ਗਰੀਬਾਂ ਨੂੰ ਸਰੀਰਿਕ ਤੌਰ ਤੇ ਮਜ਼ਬੂਤ ਕਰਨਾ ਪਵੇਗਾ। ਜੇ ਕਿਸੇ ਨੂੰ ਅੰਨ ਹੀ ਖਾਣ ਵਾਸਤੇ ਨਹੀਂ ਮਿਲੇਗਾ ਤਾਂ ਉਹ ਸਰੀਰਿਕ ਤੌਰ ਤੇ ਮਜ਼ਬੂਤ ਕਿਵੇਂ ਹੋਵੇਗਾ। ਜਦੋਂ ਸਰੀਰਿਕ ਤੌਰ ਤੇ ਮਜ਼ਬੂਤ ਹੋਵੇਗਾ ਤਾਂ ਉਹ ਅਪਰਾਧੀਆਂ ਨਾਲ ਸੰਘਰਸ਼ ਕਰ ਸਕੇਗਾ। ਤੇਗ ਵਾਹ ਸਕੇਗਾ। ਸਿੱਖਾਂ ਨੇ ਇਸਨੂੰ ਆਪਣਾ ਧਾਰਮਿਕ ਫਰਜ਼ ਸਮਝਦਿਆਂ ਨਾਅਰਾ ਦਿੱਤਾ:

'ਵਧੇ ਦੇਗ ਤੇ ਯਾ ਤੇਗ ਤੇ'

ਰਹਿਤਨਾਮਿਆਂ ਦੇ ਅਧਿਐਨ ਤੋਂ ਇਹ ਸਪੱਸ਼ਟ ਜਾਹਿਰ ਹੈ ਕਿ 18ਵੀਂ ਸਦੀ ਦੇ ਮਹਾਨ ਸਿੱਖ ਜੋਧੇ 'ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ' ਮੰਨਦੇ ਸਨ।

ਸਿੱਖ ਇਤਿਹਾਸ ਵਿੱਚ ਇਹ ਵਰਣਿਤ ਹੈ ਕਿ ਗੁਰੂ ਸਾਹਿਬਾਨ ਨੇ ਜਿੰਨ੍ਹਾਂ ਧਰਮਸ਼ਾਲਾਵਾਂ ਦੀ ਸਥਾਪਨਾ ਕੀਤੀ ਉੱਥੇ ਲੰਗਰ ਦੀ ਵਿਵਸਥਾ ਸੁਚਾਰੂ ਰੂਪ ਵਿੱਚ ਚਲਦੀ ਰਹੀ। ਗੁਰੂ ਸਾਹਿਬਾਨ ਦੁਆਰਾ ਨਿਯੁਕਤ ਮੰਜੀਦਾਰਾਂ ਅਤੇ ਮਸੰਦਾਂ ਦਾ ਇਸ ਵਿਵਸਥਾ ਵਿੱਚ ਅਹਿਮ ਯੋਗਦਾਨ ਸੀ। ਉਹ ਲੋਕਾਂ ਤੱਕ ਗੁਰੂ ਸਾਹਿਬਾਨ ਦੇ ਆਦੇਸ਼ਾਂ ਨੂੰ ਸੰਗਤ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ। ਗੁਰੂ ਸਾਹਿਬ ਦੇ ਸਮੇਂ-ਸਮੇਂ ਉੱਪਰ ਜੋ ਹੁਕਮ ਹੁੰਦਾ ਉਹ ਸੰਗਤ ਨੂੰ ਉਸ ਤੋਂ ਜਾਣੂ ਕਰਵਾਇਆ ਜਾਂਦਾ ਸੀ। ਜਿਹੜੀ ਸੰਗਤ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਨਹੀਂ ਜਾ ਸਕਦੀ ਸੀ ਉਹ ਮੰਜੀਦਾਰਾਂ ਜਾਂ ਮਸੰਦਾਂ ਨੂੰ ਆਪਣਾ ਦਸਵੰਧ ਅਤੇ ਭੇਟਾ ਦੇ ਦਿੰਦੇ ਸਨ ਅਤੇ ਮੰਜੀਦਾਰ ਅਤੇ ਮਸੰਦ ਉਸ ਭੇਟਾ ਅਤੇ ਦਸਵੰਧ ਨੂੰ ਗੁਰੂ ਸਾਹਿਬ ਤੱਕ ਪੁੱਜਦਾ ਕਰਦੇ ਰਹੇ ਸਨ। ਇਸ ਤਰ੍ਹਾਂ ਨਾਲ ਸਿੱਖ ਲੰਗਰ ਨੂੰ ਆਪਣੇ ਧਰਮ ਦਾ ਇੱਕ ਅੰਗ ਸਮਝਣ ਲੱਗ ਪਏ ਸਨ। ਇਹ ਉਹ ਸਮਾਂ ਸੀ ਜਿਸ ਵਿੱਚ ਧਰਮਸ਼ਾਲ ਜਾਂ ਸੰਗਤ ਨੂੰ ਲੰਗਰ ਸੰਸਥਾ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਸੀ। ਪਹਿਲਾਂ-ਪਹਿਲ ਤਾਂ ਜਿਸ ਹਾਲ ਜਾਂ ਕਮਰੇ ਵਿੱਚ ਸਿੱਖ ਕੀਰਤਨ ਜਾਂ ਨਾਮ-ਸਿਮਰਨ ਕਰਦੇ ਸਨ, ਬਾਅਦ ਵਿੱਚ ਉਸਨੂੰ ਲੰਗਰ ਲਈ ਵਰਤਿਆ ਜਾਂਦਾ ਸੀ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਲੰਗਰ ਸੰਸਥਾ ਧਰਮਸ਼ਾਲ ਦਾ ਅਨਿੱਖੜਵਾ ਅੰਗ ਬਣ ਗਈ। ਲੰਗਰ ਸੰਸਥਾ ਸਿੱਖਾਂ ਲਈ ਦੈਵੀ ਸੰਸਥਾ ਬਣ ਚੁੱਕੀ ਸੀ। ਲੰਗਰ ਲਈ ਰਸਦ, ਜਲ, ਲੰਗਰ ਬਣਾਉਣ ਅਤੇ ਵਰਤਾਉਣ ਦੀ ਵਿਵਸਥਾ ਧਰਮਸ਼ਾਲ ਦੇ ਅੰਦਰ ਦੇ ਖੇਤਰ ਵਿੱਚ ਹੀ ਹੁੰਦੀ ਸੀ।

### 5.3 ਲੰਗਰ ਵਿਵਸਥਾ

ਲੰਗਰ ਵਿਵਸਥਾ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੰਗਤ ਅਤੇ ਅਰਥ (ਧਨ) ਦੀ ਨਿਰੰਤਰਤਾ ਬਣੀ ਰਹਿਣੀ ਬਹੁਤ ਜ਼ਰੂਰੀ ਸੀ। ਗੁਰੂ ਸਾਹਿਬਾਨ ਨੇ ਕਿਸੇ ਵੀ ਮੁਗਲ ਸ਼ਾਸਕ ਅੱਗੇ ਲੰਗਰ ਵਿਵਸਥਾ ਲਈ ਕੋਈ ਕਾਮਨਾ ਨਹੀਂ ਰੱਖੀ ਪਰ ਸ਼ਾਸ਼ਕ ਵਰਗ ਦੁਆਰਾ ਲੰਗਰ ਦੀ ਮਹੱਤਤਾ ਨੂੰ ਦੇਖਦਿਆਂ ਧਾਰਮਿਕ ਸਥਾਨਾਂ ਲਈ ਧਰਮ-ਅਰਥ ਜਗੀਰਾਂ ਦੇਣ ਦੀਆਂ ਕੁਝ ਉਦਾਹਰਣਾਂ ਮਿਲਦੀਆਂ ਹਨ। ਇਹਨਾਂ ਜਗੀਰਾਂ ਤੋਂ ਜੋ ਆਮਦਨ ਪ੍ਰਾਪਤ ਹੁੰਦੀ ਉਹ ਲੰਗਰ ਲਈ ਲਗਾਈ ਜਾਂਦੀ। ਸਿੱਖ ਜਾਂ ਕੋਈ ਵੀ ਸ਼ਰਧਾਲੂ ਗੁਰੂ ਦਰਬਾਰ ਵਿੱਚ ਜੋ ਭੇਟ ਚੜ੍ਹਾਉਂਦਾ ਉਹ ਲੰਗਰ ਲਈ ਵਰਤੀ ਜਾਂਦੀ ਸੀ। ਗੁਰੂ ਸਾਹਿਬਾਨ ਨੇ ਜੋ ਵੰਡ ਛੱਕਣ ਦੀ ਸਿੱਖਿਆ ਦਿੱਤੀ, ਜਿਸ ਵਿੱਚ ਸਿੱਖ ਆਪਣੀ ਘਾਲ ਕਮਾਈ ਚੋਂ ਦਸਵਾਂ ਹਿੱਸਾ ਗਰੀਬਾਂ ਲਈ ਕੱਢਦਾ ਸੀ, ਉਹ ਲੰਗਰ ਸੰਸਥਾ ਦੇ ਰੂਪ ਵਿਚ ਸਾਕਾਰ ਹੋਇਆ। ਲੰਗਰ ਵਾਸਤੇ ਅਨਾਜ ਦੀ ਉਗਰਾਹੀ ਵੀ ਕੀਤੀ ਜਾਂਦੀ ਸੀ। ਸੰਗਤ ਇਸ ਉਗਰਾਹੀ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਉਂਦੀ ਅਤੇ ਅਨਾਜ ਉਗਰਾਹਣ ਦੀ ਸੇਵਾ ਵੀ ਕਰਦੀ ਸੀ।

ਇਸ ਤੋਂ ਇਲਾਵਾ ਆਟਾ ਪੀਸਣਾ, ਛਾਨਣਾ, ਬਾਲਣ ਲਈ ਲੱਕੜਾ ਲਿਆਉਣਾ, ਭੱਠ ਜਾਂ ਚੁੱਲ੍ਹਾ ਝੋਕਣਾ, ਸੰਗਤ ਦੇ ਲਈ ਲੰਗਰ ਵਿੱਚ ਬੈਠਣ ਵਾਸਤੇ ਤੱਪੜਾਂ ਨੂੰ ਵਿਛਾਉਣਾ ਅਤੇ ਝਾੜਣਾ, ਪਾਣੀ ਵਰਤਾਉਣਾ, ਸੰਗਤ ਨੂੰ ਗਰਮੀਆਂ ਦੇ ਮੌਸਮ ਵਿੱਚ ਪੱਖਾ ਝਲਣਾ, ਲੰਗਰ ਲਈ ਤਿਆਰ ਭੋਜਨ ਨੂੰ ਵਰਤਾਉਣਾ ਆਦਿ ਸੇਵਾਵਾਂ ਨੂੰ ਸੰਗਤ ਖੁਦ ਰੱਲ-ਮਿਲ ਕੇ ਕਰਦੀ ਸੀ। ਉਪਰੋਕਤ ਸਾਰੀ ਲੰਗਰ ਵਿਵਸਥਾ ਨੂੰ ਸੁਚਾਰੂ ਅਤੇ ਨਿਰੰਤਤਰਤਾ ਦੇ ਲਈ ਬਹੁਤ ਤਜ਼ਰਬੇਦਾਰ ਵਿਅਕਤੀਆਂ ਦੀ ਲੋੜ ਸੀ। ਇਸ ਲਈ ਗੁਰ ਸਾਹਿਬਾਨ ਨੇ ਖੁਦ ਇਸ ਸੇਵਾ ਵਿਚ ਰੁਚੀ ਦਿਖਾਈ। ਗੁਰੂ ਨਾਨਕ ਦੇਵ ਜੀ ਨੇ ਖੁਦ ਲੰਗਰ ਵਰਤਾਇਆ ਗੁਰੂ ਅੰਗਦ ਦੇਵ ਜੀ ਨੇ ਇਸ ਸੇਵਾ ਦੀ ਜ਼ਿੰਮੇਵਾਰੀ ਮਾਤਾ ਖੀਵੀ ਨੂੰ ਸੌਂਪੀ। ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਲੰਗਰ ਦੀ ਸੇਵਾ ਲਈ ਨਿਯੁਕਤ ਕੀਤਾ। ਗੁਰੂ ਅਰਜਨ ਦੇਵ ਜੀ ਖੁਦ ਲੰਗਰ ਵਰਤਾਉਂਦੇ ਸਨ। ਗੁਰੂ ਅਰਜਨ ਦੇਵ ਜੀ ਨੇ ਭਾਈ ਬਹੋੜੇ, ਭਾਈ ਬੀਹਲੇ, ਭਾਈ ਮੰਝ ਆਦਿ ਨੂੰ ਲੰਗਰ ਦੀ ਸੇਵਾ ਸੌਂਪੀ। ਗੁਰੂ ਹਰਗੋਬਿੰਦ ਸਾਹਿਬ ਨੇ ਭਾਈ ਰੂਪ ਚੰਦ ਨੂੰ ਅਤੇ ਗੁਰੂ ਹਰਿਰਾਇ ਜੀ ਨੇ ਮਸੰਦ ਗੋਬਿੰਦ ਨੂੰ ਲੰਗਰ ਦੀ ਸੇਵਾ ਸੌਂਪੀ। ਗੁਰੂ ਤੇਗ ਬਹਾਦਰ ਜੀ ਨੇ ਭਾਈ ਮੀਹੇਂ, ਭਾਈ ਜੈਤਾ ਸੇਠ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਾਤਾ ਜੀ ਨੂੰ, ਭਾਈ

ਉਦ ਲਾਲ ਜੀ ਨੂੰ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਨੂੰ ਲੰਗਰ ਦੀ ਸੇਵਾ ਸੌਂਪੀ, ਇਸ ਤੋਂ ਇਲਾਵਾ ਜਿਹੜਾ ਸੇਵਕ ਨਿਪੁੰਨ, ਸੁਯੋਗ ਜਾਂ ਤਜ਼ਰਬੇਕਾਰ ਹੁੰਦਾ ਉਸਨੂੰ ਇਹ ਸੇਵਾ ਸੌਂਪਦੇ ਸਨ। ਜਿਸਨੂੰ ਰਸੋਈਆ ਜਾਂ ਭੰਡਾਰੀ ਕਹਿੰਦੇ ਸਨ। ਸੰਗਤ ਦਿਨ ਪ੍ਰਤੀ ਦਿਨ ਵੱਧਦੀ ਜਾ ਰਹੀ ਸੀ। ਗੁਰੂ ਸਾਹਿਬ ਨੇ ਸੰਗਤ ਨੂੰ ਨਿਸ਼ਕਾਮ ਸੇਵਾ ਦਾ ਸੰਕਲਪ ਦਿੱਤਾ। ਸੰਗਤ ਨੇ ਇਸਨੂੰ ਅਪਣਾ ਕੇ ਆਪਣਾ ਜੀਵਨ ਸਫ਼ਲਾ ਕੀਤਾ। ਲੰਗਰ ਤਿਆਰ ਕਰਨ ਵਾਸਤੇ ਕੋਈ ਵੀ ਵਿਅਕਤੀ ਤਨਖਾਹ ਤੇ ਨਹੀਂ ਸੀ ਰੱਖਿਆ ਜਾਂਦਾ ਬਲਕਿ ਸੰਗਤ ਖੁਦ ਇਸ ਨੂੰ ਆਪਣਾ ਫ਼ਰਜ਼ ਸਮਝ ਕੇ ਜੀਵਨ ਨੂੰ ਸਫਲਾ ਬਣਾਉਣ ਲੱਗੀ। ਗੁਰੂ ਸਾਹਿਬਾਨ ਦਾ ਲੰਗਰ ਨੂੰ ਸੰਗਤ ਕੋਲੋ ਤਿਆਰ ਕਰਵਾਉਣ ਪਿੱਛੇ ਬਹੁਤ ਵੱਡਾ ਮਿਸ਼ਨ ਸੀ। ਇਸ ਨਾਲ ਜਿੱਥੇ ਊਚ-ਨੀਚ ਦਾ ਭੇਦ-ਭਾਵ ਖ਼ਤਮ ਹੁੰਦਾ ਗਿਆ ਉੱਥੇ ਭਗਤਰੀ-ਭਾਵ ਪੈਦਾ ਹੁੰਦਾ ਗਿਆ। ਗੁਰੂ ਸਾਹਿਬਾਨ ਦਾ ਨਜ਼ਰੀਆਂ ਵਿਅਕਤੀਗਤ ਨਾ ਹੋ ਕੇ ਸਰਬਤ ਦੇ ਭਲੇ ਵਾਲਾ ਸੀ। ਨਿਸ਼ਕਾਮ ਸੇਵਾ ਦੁਆਰਾ ਗੁਰੂ ਸਾਹਿਬ ਨੇ ਮਨੁੱਖ ਦੇ ਦਵੈਤ ਦਾ ਭਰਮ ਦੂਰ ਕੀਤਾ। ਇਸ ਲਈ ਸੰਗਤ ਨੇ ਉਹੀ ਕੰਮ ਕੀਤਾ ਜੋ ਗੁਰੂ ਸਾਹਿਬਾਨ ਨੇ ਕਿਹਾ ਭਾਵ ਨਿਸ਼ਕਾਮ ਹੋ ਕੇ ਲੰਗਰ ਵਿੱਚ ਸੇਵਾ ਕੀਤੀ।

ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ॥

ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥

ਉਹੀ, ਪੰਨਾ 145

## 5.4 ਲੰਗਰ ਸੇਵਾ

ਇਸ ਨਿਸ਼ਕਾਮ ਸੇਵਾ ਦੁਆਰਾ ਗੁਰੂ ਸਾਹਿਬਾਨ ਨੇ ਸਮਾਜ ਨੂੰ ਕਿਰਤ ਕਰਨ ਲਈ ਪ੍ਰੇਰਿਆ। ਇਸ ਸੁਨੇਹੇ ਦੁਆਰਾ ਸਮਾਜ ਵਿਚ ਕਿਰਤ ਨੂੰ ਅਧਿਆਤਮਿਕਤਾ ਦਾ ਜਾਮਾ ਪਹਿਨਾਇਆ ਗਿਆ। ਮਿਹਨਤ ਦੁਆਰਾ ਕੀਤੀ ਗਈ ਕਮਾਈ ਵਿਚੋਂ ਇਕ ਹਿੱਸਾ ਸੇਵਾ ਲਈ ਕੱਢਿਆ ਜਾਣ ਲੱਗਾ।

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

ਉਹੀ, ਪੰਨਾ 1245

ਇਸ ਤਰ੍ਹਾਂ ਸਮਾਜ ਦਾ ਜੋ ਵਿਹਲੜਾ ਵਰਗ ਸੀ ਉਸਨੂੰ ਆਪਣੀ ਸਮਾਜਿਕ ਜਿੰਮੇਵਾਰੀ ਦਾ ਅਹਿਸਾਸ ਹੋਇਆ ਅਤੇ ਕਿਰਤ ਕਰਨ ਲੱਗਾ। ਗੁਰੂ ਸਾਹਿਬਾਨ ਨੇ ਲੰਗਰ ਸੰਸਥਾ ਦੁਆਰਾ ਸਮਾਜ ਦੇ ਆਧਾਰ (ਭੋਜਨ) ਨੂੰ ਕਿਰਤ ਦੁਆਰਾ ਪਵਿੱਤਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ। ਗੁਰੂ ਸਾਹਿਬਾਨ ਜਾਣਦੇ ਸਨ ਕਿ ਸਮਾਜਿਕ ਤਰੱਕੀ ਲਈ ਜਿੱਥੇ ਲੋਕਾਂ ਦਾ ਭੌਤਿਕ ਪੱਖ ਮਜ਼ਬੂਤ ਹੋਣਾ ਲਾਜ਼ਮੀ ਹੈ ਉਥੇ ਇਸ ਭੌਤਿਕਤਾ ਦਾ ਸੰਚਾਲਨ ਅਧਿਆਤਮਿਕਤਾ ਦੇ ਹੱਥ ਵਿੱਚ ਹੋਣਾ ਜ਼ਰੂਰੀ ਹੈ। ਇਸ ਲਈ ਗੁਰੂ ਸਾਹਿਬਾਨ ਨੇ ਜਿੱਥੇ ਕਿਰਤ ਕਰਕੇ ਲੰਗਰ ਲਈ ਪ੍ਰੇਰਿਆ ਉਥੇ ਸਾਰਿਆਂ ਅੰਦਰ ਉਸ ਇੱਕ ਪਰਮਾਤਮਾ ਨੂੰ ਦੇਖਣ ਲਈ ਕਿਹਾ।

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

ਉਹੀ, ਪੰਨਾ 1291

ਜਿਸ ਦੁਆਰਾ ਸਮਾਜ ਵਿਚ ਅਮੀਰ-ਗਰੀਬ, ਊਚ-ਨੀਚ ਦੇ ਭੇਦ-ਭਾਵ ਨੂੰ ਖ਼ਤਮ ਕਰਨ ਦਾ ਵੱਡਾ ਉਪਰਾਲਾ ਕੀਤਾ। ਇਹ ਸੁਨੇਹਾ ਸਮਾਜ ਵਿੱਚ ਸਫਲ ਹੋਇਆ ਕਿਉਂਕਿ ਗੁਰੂ ਸਾਹਿਬਾਨ ਨੇ ਇਸ ਭੌਤਿਕ ਲੰਗਰ ਦਾ ਆਧਾਰ ਅਧਿਆਤਮਿਕ ਲੰਗਰ ਨੂੰ ਬਣਾਇਆ ਹੈ। ਆਪਣੇ ਸਿੱਖਾਂ ਨੂੰ ਕਿਹਾ ਕਿ ਮੈਂ ਪਰਮਾਤਮਾ ਦੇ ਨਾਮ ਦਾ ਧਨ ਇੱਕਠਾ ਕਰ

ਲਿਆ ਹੈ, ਜਿੱਥੇ ਪਰਮਾਤਮਾ ਦਾ ਵਾਸ ਹੋ ਜਾਂਦਾ ਹੈ। ਸਿੱਖ ਪਰਿਵਾਰ ਨੂੰ ਉਸ ਆਤਮਿਕ ਆਨੰਦ ਦਾ ਭੋਜਨ ਕਰਕੇ ਸੁੱਖੀ, ਆਨੰਦਿਤ ਅਤੇ ਪ੍ਰਸੰਨ ਰਹਿਣ ਲਈ ਕਿਹਾ।

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ॥

ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ॥

ਉਹੀ, ਪੰਨਾ 618

ਲੰਗਰ ਸੰਸਥਾ ਦੁਆਰਾ ਗੁਰੂ ਸਾਹਿਬਾਨ ਨੇ ਸਮਾਜ ਨੂੰ ਭੌਤਿਕ ਪੱਖੋਂ ਅਤੇ ਅਧਿਆਤਮਿਕ ਪੱਖੋਂ ਮਜ਼ਬੂਤ ਕੀਤਾ। ਜੋ ਕਿਸੇ ਦੇ ਮਨ ਦਾ ਵਿਚਾਰ ਮਜ਼ਬੂਤ ਹੋਵੇਗਾ ਤਾਂ ਉਹ ਕਰਮ ਵਿੱਚ ਜ਼ਰੂਰ ਤਬਦੀਲ ਹੋਵੇਗਾ। ਮਨ ਅਧਿਆਤਮਿਕਤਾ ਦੁਆਰਾ ਮਜ਼ਬੂਤ ਹੁੰਦਾ ਹੈ ਅਤੇ ਅਧਿਆਤਮਿਕ ਮਨ ਦੁਆਰਾ ਜਿਹੜਾ ਕਰਮ ਹੋਵੇਗਾ ਉਹੀ ਨਿਜੀ ਨਾ ਹੋ ਕੇ ਸਰਬਤ ਦੇ ਭਲੇ ਦਾ ਹੋਵੇਗਾ। ਗੁਰੂ ਕੇ ਲੰਗਰ ਵਿੱਚ ਕਦੇ ਤੋਟਿ ਨਾ ਆਈ ਅਤੇ ਨਾ ਹੀ ਆਵੇਗੀ ਕਿਉਂਕਿ ਇਸ ਲੰਗਰ ਸੰਸਥਾ ਦਾ ਆਧਾਰ ਅਧਿਆਤਮਿਕਤਾ ਹੈ। ਇੱਕ ਅਧਿਆਤਮਿਕ ਮਨੁੱਖ ਹੀ ਸਮਾਜ ਨੂੰ ਬਦਲਣ ਦੀ ਹਿਮਾਕਤ ਰੱਖਦਾ ਹੈ। ਗੁਰੂ ਸਾਹਿਬਾਨ ਦੇ ਜੀਵਨ ਸਾਡੇ ਲਈ ਬਹੁਤ ਵੱਡੇ ਉਦਾਹਰਣ ਹਨ। ਇੱਥ ਇਹ ਕਹਿਣਾ ਅਤਿਕਥਨੀ ਨਹੀ ਹੋਵੇਗਾ ਕਿ ਗੁਰੂ ਸਾਹਿਬਾਨ ਨੇ ਅਧਿਆਤਮਿਕਤਾ ਨੂੰ ਪ੍ਰਮੁੱਖਤਾ ਨਾਲ ਰੱਖਿਆ। ਗੁਰੂ ਸਾਹਿਬ ਅਨੁਸਾਰ ਗੁਣੀ ਉਹੀ ਹੈ ਜੋ ਆਪਣੇ-ਆਪ (ਆਤਮਾ) ਨੂੰ ਜਾਣ ਲੈਂਦਾ ਹੈ।

ਆਪੁ ਪਛਾਣੈ ਸੋ ਸਭਿ ਗੁਣ ਜਾਣੈ॥

ਉਹੀ, ਪੰਨਾ 1056

ਗੁਣੀ ਮਨੁੱਖ ਅਵਗੁਣ ਵੱਲ ਨਹੀਂ ਜਾਵੇਗਾ। ਇਸ ਲਈ ਗੁਣੀ ਮਨੁੱਖ ਲੰਗਰ ਦੀ ਸੇਵਾ ਸਮੇਂ ਪੰਗਤ ਵਿੱਚ ਭੇਦ ਨਹੀਂ ਕਰੇਗਾ, ਕਿਸੇ ਨੂੰ ਖਰਾਬ ਭੋਜਨ ਨਹੀਂ ਦੇਵੇਗਾ, ਸੰਗਤ ਦੀ ਤ੍ਰਿਪਤੀ ਉਸ ਲਈ ਗੁਰੂ ਦੀ ਤ੍ਰਿਪਤੀ ਹੋਵੇਗੀ। ਕਿਉਂਕਿ ਉਹ ਉਸ ਅੰਮ੍ਰਿਤ ਦਾ ਸੁਆਦ ਚੱਖ ਚੁੱਕਾ ਹੈ। ਜਿਸਨੇ ਇਸ ਅੰਮ੍ਰਿਤ ਦਾ ਸੁਆਦ ਨਹੀ ਚਖਿਆ ਉਹ ਭੇਦ ਕਰ ਸਕਦਾ ਹੈ।

ਵਿਣੁ ਚਾਖੇ ਸਾਦੁ ਕਿਸੈ ਨਾ ਆਇਆ॥

ਉਹੀ, ਪੰਨਾ 1056

## 5.5 ਸਾਰ

ਉਪਰੋਕਤ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ ਕਿਰਤ ਕਰਕੇ ਵੰਡ ਛਕਣ ਦੇ ਸਿਧਾਂਤ ਨੂੰ ਅਧਿਆਤਮਿਕਤਾ (ਨਾਮ) ਨਾਲ ਜੋੜਿਆ। ਨਾਮ ਸਿਮਰਦਿਆਂ ਕਿਰਤ ਕਰਨੀ ਅਤੇ ਵੰਡ ਛੱਕਣ ਦੀ ਜੋ ਪ੍ਰੇਰਣਾ ਮਿਲੀ ਉਸ ਨਾਲ ਸਮਾਜ ਵਿਚ ਨਵਚੇਤਨਾ ਦਾ ਜਾਗਰਣ ਹੋਇਆ। ਅਧਿਆਤਮਿਕਤਾ ਨਾਲ ਜੁੜਨ ਤੋਂ ਬਾਅਦ ਲੋਕਾਂ ਦੀ ਭੌਤਿਕ ਭੁੱਖ ਵੀ ਸ਼ਾਂਤ ਹੋਈ। ਲੋਗ ਅੰਦਰ ਸੇਵਾ ਅਤੇ ਤਿਆਗ ਦੀ ਭਾਵਨਾ ਨੇ ਸਮਾਜ ਨੂੰ ਨਵੀ ਸੇਧ ਦਿੱਤੀ। ਸਾਰੇ ਮਤਭੇਦ ਭੁਲਾ ਕੇ ਸਾਰੇ ਸਮਾਜ ਨੂੰ ਏਕਤਾ ਦੇ ਧਾਗੇ ਵਿੱਚ ਪਰੋਇਆ। ਅੰਮ੍ਰਿਤ ਰਸ (ਅਧਿਆਤਮਿਕਤਾ) ਨੂੰ ਸਾਕਾਰ ਰੂਪ (ਲੰਗਰ ਸੰਸਥਾ) ਦੇ ਕੇ ਗੁਰੂ ਸਾਹਿਬਾਨ ਨੇ ਸਮਾਜ ਵਿੱਚ ਜੋ ਤਬਦੀਲੀ ਲਿਆਂਦੀ ਉਹ ਅੱਜ ਵੀ ਨਿਰਵਿਘਨ ਰੂਪ ਨਾਲ ਚਲ ਰਹੀ ਹੈ। ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਨੂੰ ਧਰਮਸ਼ਾਲ ਤੋਂ ਆਰੰਭ ਕੀਤਾ ਪਰ ਇਸਦਾ ਅਸਲ ਮਕਸਦ ਘਰ-ਘਰ ਵਿੱਚ ਲੰਗਰ ਲਗਾਉਣਾ ਸੀ, ਜਿਸਦੇ ਨਾਲ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਆਪਣਾ ਪਰਾਯਾ ਦੀਆਂ ਵਿੱਥਾਂ ਨੂੰ

ਖਤਮ ਕੀਤਾ ਜਾ ਸਕੇ। ਅੱਜ ਵੀ ਦੁਨੀਆਂ ਵਿੱਚ ਹਜਾਰਾਂ ਸੈਮੀਨਾਰ ਅਤੇ ਕਾਨਫਰੰਸ਼ਾ ਇਸ ਲਈ ਹੋ ਰਹੀਆਂ ਹਨ ਕਿ ਦੁਨੀਆਂ ਵਿੱਚ ਆਪਸੀ ਭਾਈਚਾਰਾ ਕਿਵੇਂ ਕਾਇਮ ਕੀਤਾ ਜਾ ਸਕਦਾ ਹੈ। ਉਸਨੂੰ ਗੁਰੂ ਸਾਹਿਬਾਨ ਨੇ ਸੈਂਕੜੇ ਸਾਲ ਪਹਿਲਾਂ ਜੋ ਲੰਗਰ ਦਾ ਮਾਡਲ ਪੇਸ਼ ਕੀਤਾ ਉਹ ਲਾਸਾਨੀ ਹੈ। ਇਸ ਲਾਸਾਨੀ ਮਾਡਲ ਕਰਕੇ ਸਿੱਖ ਜਗਤ ਦੀ ਦੁਨਿਆ ਵਿੱਚ ਨਿਵੇਕਲੀ ਜਗ੍ਹਾਂ ਬਣੀ ਹੋਈ ਹੈ।

## 5.6 ਸਹਾਇਕ ਪੁਸਤਕਾਂ


1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
2. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਭਾਈ ਕਾਨ੍ਹ ਸਿੰਘ ਨਾਭਾ
3. ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
4. ਸਾਖੀ ਰਹਿਤ ਕੀ, ਭਾਈ ਨੰਦ ਲਾਲ ਜੀ
5. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ, ਕੇਸਰ ਸਿੰਘ ਛਿੱਬਰ
6. ਮਹਿਮਾ ਪ੍ਰਕਾਸ਼, ਸਰੂਪ ਦਾਸ ਭੱਲਾ
7. ਦਸ ਗੁਰੂ ਮਹਲ, ਮਹਿੰਦਰ ਕੌਰ ਗਿੱਲ
8. ਆਦਿ ਸਾਖੀਆਂ, ਸਿੱਖਾਂ ਦੀ ਭਗਤਮਾਲ।

# One Year Diploma in Sikh Theology

## Paper III: Theological Study of Sikh Institutions

## Unit: 6 Dasvandh

ਪਾਠ ਦੀ ਰੂਪ ਰੇਖਾ


6.0 ਉਦੇਸ਼
6.1 ਜਾਣ-ਪਛਾਣ
6.2 ਪਰਿਭਾਸ਼ਾ
6.3 ਦਸਵੰਧ ਸੰਸਥਾ ਦਾ ਆਰੰਭ ਅਤੇ ਵਿਕਾਸ
6.4 ਵੱਖ-ਵੱਖ ਧਰਮਾਂ ਵਿਚ ਦਸਵੰਧ ਦਾ ਸਰੂਪ
6.4.1 ਹਿੰਦੂ ਧਰਮ
6.4.2 ਯਹੂਦੀ ਧਰਮ
6.4.3 ਇਸਲਾਮ ਧਰਮ
6.4.4 ਬੁੱਧ ਧਰਮ
6.4.5 ਸਿੱਖ ਧਰਮ
6.5 ਅਜੋਕੇ ਸਮੇਂ ਵਿਚ ਦਸਵੰਧ ਦਾ ਸਰੂਪ
6.6 ਦਸਵੰਧ ਇੱਕਠਾ ਕਰਨ ਦੀ ਵਿਧੀ
6.7 ਦਸਵੰਧ ਸੰਸਥਾ ਦਾ ਪ੍ਰਭਾਵ
6.8 ਸਾਰ
6.9 ਪੜ੍ਹਣਯੋਗ ਪੁਸਤਕਾਂ

## 6.0 ਉਦੇਸ਼

ਹਥਲੇ ਵਿਸ਼ੇ ਦਾ ਮੁੱਖ ਉਦੇਸ਼ ਦਸਵੰਧ ਸੰਸਥਾ ਦੀ ਪਰੰਪਰਾ, ਇਤਿਹਾਸ ਅਤੇ ਅਜੋਕੇ ਸਮੇਂ ਵਿਚ ਦਸਵੰਧ ਦੀ ਮਹੱਤਤਾ ਅਤੇ ਮਹਾਨਤਾ ਦੀ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਅੱਜ ਦੇ ਯੁੱਗ ਵਿਚ ਦਸਵੰਧ ਸੰਸਥਾ ਦੁਆਰਾ ਮਨੁੱਖ ਦੀ ਬਿਹਤਰ ਜੀਵਨ-ਜਾਚ ਵਿਚ ਸੁੱਚਜੀ ਸੇਧ ਪ੍ਰਾਪਤ ਕੀਤੀ ਜਾ ਸਕੇ।

## 6.1 ਜਾਣ ਪਛਾਣ

ਧਰਮਾਂ ਦੀ ਦੁਨੀਆਂ ਵਿੱਚ ਇੱਕ ਗੱਲ ਬਹੁਤ ਮਹੱਤਵਪੂਰਨ ਹੈ ਕਿ ਕੋਈ ਵੀ ਧਰਮ ਉਸ ਸਮੇਂ ਤੱਕ ਹੀ ਮਜ਼ਬੂਤ ਹੁੰਦਾ ਹੈ, ਜਦੋਂ ਤੱਕ ਉਸ ਧਰਮ ਦੇ ਸਿਧਾਂਤ ਮਜ਼ਬੂਤ ਹੁੰਦੇ ਹਨ। ਇਹ ਮਜ਼ਬੂਤ ਸਿਧਾਂਤ ਹੀ ਹੁੰਦੇ ਹਨ, ਜਿਨ੍ਹਾਂ ਉੱਤੇ ਕਿਸੇ ਵੀ ਧਰਮ ਜਾਂ ਕੌਮ ਦੀ ਨੀਂਹ ਟਿਕੀ ਹੁੰਦੀ ਹੈ। ਇਹ ਸਿਧਾਂਤ ਹੀ ਕੌਮਾਂ ਨੂੰ ਉੱਚਤਮ ਅਵਸਥਾ ਤੱਕ ਲੈ ਕੇ ਜਾਂਦੇ ਹਨ। ਭਾਰਤੀ ਧਰਮ ਪ੍ਰਣਾਲੀ ਵਿੱਚ ਅਨੇਕਾਂ ਹੀ ਅਜਿਹੇ ਸਿਧਾਂਤ ਹਨ ਜਿਹੜੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਉਂਦੇ ਹੋਏ ਸ਼ੁੱਧ ਕਾਰਜਾਂ ਲਈ ਬਲ ਦਿੰਦੇ ਹਨ। ਇਹੀ ਕਾਰਨ ਹੈ ਕਿ ਮਨੁੱਖ ਆਪਣੇ ਸਿਧਾਂਤ ਨੂੰ ਬਚਾਉਣ ਲਈ ਆਪਣੀ ਜਾਨ ਤਕ ਦੀ ਵੀ ਪਰਵਾਹ ਨਹੀਂ ਕਰਦਾ।

ਭਾਰਤੀ ਧਰਮ ਪ੍ਰਣਾਲੀ ਵਿੱਚ ਸਿੱਖ ਧਰਮ ਦਾ ਆਪਣਾ ਇੱਕ ਖ਼ਾਸ ਮਹੱਤਵ ਹੈ। ਸਿੱਖ ਧਰਮ ਵਿੱਚ ਅਨੇਕਾਂ ਹੀ ਸਿਧਾਂਤ ਹਨ ਜੋ ਮਨੁੱਖ ਨੂੰ ਨਿੱਜਵਾਦ ਤੋਂ ਨਿਖੇੜਦੇ ਹਨ ਤੇ ਸਮੂਹਿਕ ਭਲਾਈ ਦੀ ਗੱਲ ਕਰਦੇ ਹਨ। ਅਜਿਹੀ ਹੀ ਭਾਵਨਾ ਨੂੰ ਦਰਸਾਉਂਦਾ ਹੋਇਆ ਸਿਧਾਂਤ ਹੈ "ਦਸਵੰਧ" ਦਾ ਸਿਧਾਂਤ। ਦਸਵੰਧ ਦਾ ਸਿਧਾਂਤ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਸਿਧਾਂਤ ਹੈ। ਦਸਵੰਧ ਸੰਸਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਦਸਵੰਧ ਕੋਈ ਕਰ ਨਹੀਂ, ਇਸ ਨੂੰ ਸਿੱਖ ਆਪਣੀ ਖੁਸ਼ੀ ਅਤੇ ਮਰਜ਼ੀ ਨਾਲ ਗੁਰੂ ਨੂੰ ਭੇਟਾਵਾਂ ਭੇਟ ਕਰਦਾ ਹੈ।

## 6.2 ਪਰਿਭਾਸ਼ਾ

ਦਸਵੰਧ ਦੋ ਸ਼ਬਦਾਂ ਦੇ ਤੋਂ ਮਿਲਕੇ ਬਣਿਆ ਹੈ, ਜਿਸਦਾ ਅਰਥ ਹੈ ਦਸ+ਵੰਧ ਦਸ ਭਾਵ 'ਦਸਵਾਂ' ਅਤੇ ਵੰਧ ਭਾਵ 'ਹਿੱਸਾ'। ਦਸਵੰਧ ਤੋਂ ਭਾਵ ਦਸਵਾਂ ਹਿੱਸਾ, ਆਪਣੀ ਕਿਰਤ ਕਮਾਈ ਦੇ ਵਿੱਚੋਂ ਦਸਵਾਂ ਹਿੱਸਾ ਗੁਰੂ ਹਿਤ ਕੱਢਣਾ। ਇਸੇ ਸ਼ਾਬਦਿਕ ਅਰਥਾਂ ਨੂੰ ਸਪੱਸ਼ਟ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ-

ਜੋ ਅਪਨੀ ਕਛੁ ਕਰਹੁ ਕਮਾਈ। ਗੁਰ ਹਿਤ ਦਿਹੁ ਦਸਵੰਧ ਬਨਾਈ।

ਭਾਈ ਕਾਨ੍ਹ ਸਿੰਘ ਨੇ ਦਸਵੰਧ ਲਈ ਦਸੌਂਧ ਸ਼ਬਦ ਦੀ ਵਰਤੋਂ ਵੀ ਕੀਤੀ ਹੈ।

ਸਿੱਖ ਪੰਥ ਵਿਸ਼ਵਕੋਸ਼ ਵਿਚ ਦਸਵੰਧ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ:

'ਦਸਮਾਂਸ ਸ਼ਬਦ ਤੋਂ ਵਿਉਤਪੰਨ ਇਸ ਸ਼ਬਦ ਦਾ ਅਰਥ ਹੈ 'ਦਸਵਾਂ ਹਿੱਸਾ' ਜਾਂ 'ਦਸਵਾਂ ਭਾਂਗ'। ਸਿੱਖ ਸਮਾਜ ਵਿਚ ਇਸ ਦਾ ਪਰਿਭਾਸ਼ਿਕ ਅਰਥ ਹੈ ਧਰਮ ਦੀ ਕੀਤੀ ਕਮਾਈ ਵਿਚੋਂ ਦਸਵਾਂ ਹਿੱਸਾ ਪੰਥਕ ਕੰਮਾਂ ਲਈ ਵੱਖਰਾ ਕੱਢਣਾ। ਇਹ ਹਰ ਇਕ ਸਿੱਖ ਦਾ ਧਾਰਮਿਕ ਕਰਤੱਵ ਹੈ'।

ਦਸਵੰਧ ਦਾ ਸ਼ਾਬਦਿਕ ਅਰਥ ਦਸਵਾਂ ਹਿੱਸਾ ਹੁੰਦਾ ਹੈ। ਇਹ ਦਸਵਾਂ ਹਿੱਸਾ ਆਪਣੀ ਫ਼ਸਲ ਵਿਚੋਂ ਵਿੱਤ, ਆਪਣੇ ਸਮੇਂ ਦੇ ਰੂਪ ਜੋ ਗੁਰੂ ਨਮਿੱਤ ਕੱਢਿਆ ਜਾਵੇ ਅਤੇ ਸੇਵਾ ਦੇ ਰੂਪ ਵਿਚ ਹੁੰਦਾ ਹੈ। ਇਹ ਗੁਰੂ ਨਾਨਕ ਸਾਹਿਬ ਦੇ ਵੰਡ ਛਕੋ ਦੇ ਸਿਧਾਂਤ ਦਾ ਹੀ ਇਕ ਸਰੂਪ ਹੈ। ਸ਼ਾਬਦਿਕ ਅਰਥਾਂ ਤੋਂ ਇਹ ਤਾਂ ਸਪਸ਼ੱਟ ਹੁੰਦਾ ਹੈ ਕਿ ਦਸਵੰਧ ਦਾ ਅਰਥ ਦਸਵਾਂ ਹਿੱਸਾ ਕੌਮੀ ਕਾਰਜਾਂ ਲਈ ਵਰਤਣਾ ਹੈ। ਦਸਵੰਧ ਦਾ ਪ੍ਰਮਾਣ ਗੁਰੂ ਸਾਹਿਬ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚ ਵੀ ਮਿਲਦਾ ਹੈ।

ਪਰ ਇੱਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਕਿਹੜੀ ਕਮਾਈ ਦੇ ਵਿੱਚੋਂ ਦਸਵੰਧ ਕੱਢਣਾ ਹੈ। ਕੀ ਲੁੱਟ-ਖਸੁੱਟ ਦੀ ਕੀਤੀ ਹੋਈ ਕਮਾਈ ਦੇ ਵਿੱਚੋਂ ਕੋਈ ਦਸਵੰਧ ਕੱਢਦਾ ਹੈ ਤਾਂ ਕੀ ਉਹ ਪ੍ਰਵਾਨ ਕੀਤਾ ਜਾ ਸਕਦਾ ਹੈ।ਇਸ ਲਈ ਸਾਨੂੰ ਇੱਥੇ ਇਹ ਵੀ ਨਿਰਣਾ ਕਰਨਾ ਪਵੇਗਾ ਕਿ ਕਿਹੜੀ ਕਮਾਈ ਦੇ ਵਿੱਚੋਂ ਦਿੱਤਾ ਗਿਆ ਦਸਵੰਧ ਸਵੀਕਾਰ ਹੈ ਤੇ ਕਿਹੜਾ ਅਸਵੀਕਾਰ।

ਇਸ ਪੱਖ ਨੂੰ ਸਪੱਸ਼ਟ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸਦੇ ਸ਼ਾਬਦਿਕ ਅਰਥਾਂ ਵਿੱਚ ਲਿਖਦੇ ਹਨ ਕਿ- "ਧਰਮ ਦੀ ਕਮਾਈ ਵਿੱਚੋਂ ਦਸਵਾਂ ਹਿੱਸਾ ਕੌਮੀ ਕਾਰਜਾਂ ਲਈ ਅਰਪਨਾ ਪੰਥਿਕ ਰੀਤਿ ਹੈ।" ਇਸਦੇ ਵਿੱਚ "ਧਰਮ ਦੀ ਕਮਾਈ" ਨੂੰ ਇੱਕ ਸੰਕੇਤਕ ਰੂਪ ਵਿੱਚ ਵਰਤਿਆ ਗਿਆ ਹੈ ਕਿ ਕਿਹੜੀ ਕਮਾਈ ਨੂੰ ਦਸਵੰਧ ਦੇ ਰੂਪ ਵਿੱਚ ਵਰਤਣਾ ਹੈ। ਧਰਮ ਨੂੰ ਅਸੀਂ ਸੱਚ ਦੇ ਰੂਪ ਵਿੱਚ ਮੰਨਦੇ ਹਾਂ। ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਧਰਮ ਦੀ ਕਮਾਈ, ਭਾਵ ਕਿ ਸੱਚ ਦੀ ਕਮਾਈ ਹੀ ਦਸਵੰਧ ਦਾ ਰੂਪ ਬਣਦੀ ਹੈ। ਰਹਿਤਨਾਮਿਆਂ ਦੇ ਵਿੱਚ ਵੀ ਇਹ ਸੰਦੇਸ਼ ਮਿਲਦਾ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਗੁਰੂ ਨੂੰ ਦਸਵੰਧ ਦੇਣਾ ਹੈ।

ਦਸ ਨਖ ਕਰ ਜੋ ਕਾਰ ਕਮਾਵੈ॥
ਤਾਂ ਕਰ ਜੋ ਧਨ ਘਰ ਮੈ ਆਵੈ ॥
ਤਹਿ ਤੇ ਗੁਰ ਦਸਵੰਧ ਜੋ ਦੇਈ॥
ਸਿੰਘ ਸੁ ਜਸ ਬਹੁ ਜਗ ਮਹਿ ਲੇਈ ॥

ਗੁਰ ਕਾ ਸਿਖ ਕਿਰਤ ਕੇ ਨਫੇ ਵਿਚੋਂ ਦਸਵੰਧ ਗੁਰੂ ਕਾ ਦੇਵੈ। ਗੁਰੂ ਅਰਥ ਲਗਾਏ।

ਇਨ੍ਹਾਂ ਹਵਾਲਿਆਂ ਤੇ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਧਰਮ ਦੀ ਕਮਾਈ ਵਿੱਚੋਂ ਨਿਕਲਿਆ ਦਸਵੰਧ ਹੀ ਕੌਮੀ ਕਾਰਜਾਂ ਹਿੱਤ ਵਰਤਣਾ ਹੈ।

## 6.3 ਦਸਵੰਧ ਸੰਸਥਾ ਦਾ ਆਰੰਭ ਅਤੇ ਵਿਕਾਸ

ਜਦੋਂ ਅਸੀਂ ਦਸਵੰਧ ਦੇ ਆਰੰਭ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਡੇ ਸਾਹਮਣੇ ਕੁੱਝ ਪ੍ਰਸ਼ਨ ਪੈਦਾ ਹੁੰਦੇ ਹਨ ਕਿ-

1. ਕਿਹੜੇ ਗੁਰੂ ਸਾਹਿਬ ਨੇ ਦਸਵੰਧ ਦੇ ਸਿਧਾਂਤ ਦਾ ਆਰੰਭ ਕੀਤਾ?
2. ਕੀ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਦਸਵੰਧ ਦਾ ਸਿਧਾਂਤ ਹੋਂਦ ਵਿੱਚ ਸੀ ਕਿ ਨਹੀਂ?
3. ਦਸਵੰਧ ਦਾ ਸੰਸਥਾਗਤ ਰੂਪ ਕਿਸ ਸਮੇਂ ਹੋਂਦ ਵਿੱਚ ਆਇਆ?

ਇੱਥੇ ਅਸੀਂ ਸਭ ਤੋਂ ਪਹਿਲਾਂ ਇਹ ਵਿਚਾਰਨ ਦਾ ਯਤਨ ਕਰਾਂਗੇ ਕਿ ਸਿੱਖ ਧਰਮ ਦੇ ਉਦੈ ਤੋਂ ਪਹਿਲਾਂ ਹੋਰ ਧਰਮਾਂ ਦੇ ਵਿੱਚ ਕਿਸੇ ਪ੍ਰਕਾਰ ਦੇ ਤੌਰ ਤੇ ਦਸਵੰਧ ਜਾਂ ਇਸਦੇ ਨਾਲ ਮਿਲਦਾ-ਜੁਲਦਾ ਸੰਕਲਪ ਮੌਜੂਦ ਸੀ।

## 6.4 ਵੱਖ-ਵੱਖ ਧਰਮਾਂ ਵਿਚ ਦਸਵੰਧ ਦਾ ਸਰੂਪ

### 6.4.1 ਹਿੰਦੂ ਧਰਮ

ਧਰਮਾਂ ਦੀ ਪ੍ਰਣਾਲੀ ਦੇ ਵਿੱਚ ਸਭ ਤੋਂ ਪੁਰਾਣਾ ਧਰਮ ਸਨਾਤਨੀ ਮੱਤ (ਹਿੰਦੂ ਧਰਮ) ਨੂੰ ਮੰਨਿਆ ਜਾਂਦਾ ਹੈ। ਇਸ ਧਰਮ ਵਿਚ ਦਾਨ ਲਈ ਕੋਈ ਨਿਰਧਾਰਿਤ ਪਰੰਪਰਾ ਦੇਖਣ ਨੂੰ ਨਹੀਂ ਮਿਲਦੀ ਪਰ ਇਸਦੇ ਸੰਕੇਤ ਜ਼ਰੂਰ ਮਿਲਦੇ ਹਨ । ਹਿੰਦੂ ਧਰਮ ਦੇ ਪਰਾਸ਼ਰ ਰਿਖੀ ਦੇ ਲੇਖ ਅਨੁਸਾਰ ਇਕ ਗ੍ਰਹਿਸਥ ਆਪਣੀ ਆਮਦਨ ਦਾ 1/21ਵਾਂ ਹਿੱਸਾ ਬ੍ਰਾਹਮਣ ਨੂੰ ਅਤੇ 1/31 ਵਾਂ ਹਿੱਸਾ ਦੇਵਤਿਆਂ ਨੂੰ ਦਾਨ ਕਰਨ ਲਈ ਕਿਹਾ ਗਿਆ ਹੈ, ਪਰ ਬ੍ਰਾਹਮਣ ਗ੍ਰਹਿਸਥੀ ਤੀਹਵਾਂ ਹਿੱਸਾ ਦੇਵੇ। ਉਪਨਿਸ਼ਦਾਂ ਅਤੇ ਭਗਵਤਗੀਤਾ ਵਿਚ ਨਿਸ਼ਕਾਮ ਤੌਰ ਤੇ ਲੋੜਵੰਦਾਂ ਨੂੰ ਸਹੀ ਸਮੇਂ ਅਤੇ ਸਹੀ ਸਥਾਨ ਤੇ, ਫਰਜ਼ ਸਮਝਦੇ ਹੋਏ, ਦਿੱਤੇ ਗਏ 'ਸਹੀ ਦਾਨ' ਨੂੰ ਸਲਾਹਿਆ ਗਿਆ ਹੈ।

### 6.4.2 ਯਹੂਦੀ ਧਰਮ

ਸੈਮੈਟਿਕ ਧਰਮ ਪ੍ਰੰਪਰਾ ਦੇ ਵਿੱਚ ਵੀ ਯਹੂਦੀ ਧਰਮ ਜੋ ਕਿ ਇੱਕ ਖ਼ਾਸ ਮਹੱਤਤਾ ਰੱਖਦਾ ਹੈ। ਯਹੂਦੀ ਮੱਤ ਦੇ ਮੁੱਖ 10 ਸਿਧਾਂਤ ਹਨ, ਜਿਨ੍ਹਾਂ ਵਿੱਚੋਂ ਸੱਤਵੇਂ ਸਿਧਾਂਤ ਵਿੱਚ ਇਸ ਪ੍ਰੰਪਰਾ ਦੀ ਝਲਕ ਦਾ ਕੁੱਝ ਹਿੱਸਾ ਦੇਖਣ ਨੂੰ ਮਿਲਦਾ ਹੈ। ਸਿਧਾਂਤ ਇਹ ਹੈ ਕਿ ਦਾਨ ਬਾਰੇ ਲਿਖਿਆ ਹੈ- "ਤੂੰ ਆਪਣੇ ਅਨਾਜ ਵਿੱਚੋਂ ਜਿਹੜਾ ਤੇਰੇ ਖੇਤਾਂ ਵਿੱਚ ਹੋਵੇ, ਦਸਵਾਂ

ਹਿੱਸਾ ਵਫ਼ਦਾਰੀ ਨਾਲ ਇੱਕ ਪਾਸੇ ਰੱਖ ਲੈ।" ਇੱਥੇ ਇੱਕ ਗੱਲ ਮਹੱਤਵਪੂਰਨ ਹੈ ਕਿ ਇੱਥੇ ਇਸ ਸਿਧਾਂਤ ਨੂੰ ਦਾਨ ਵਜੋਂ ਵਰਤਿਆ ਗਿਆ ਹੈ, ਪਰ ਜੋ ਨਿਯਮ ਹੈ, ਉਹ ਦਸਵਾਂ ਹਿੱਸਾ ਹੀ ਰੱਖਿਆ ਗਿਆ ਹੈ.

### 6.4.3 ਇਸਲਾਮ ਧਰਮ

ਸੈਮੇਟਿਕ ਧਰਮਾਂ ਦੀ ਲੜੀ ਵਿੱਚ ਅਗਲਾ ਨਾਮ ਇਸਲਾਮ ਧਰਮ ਦਾ ਆਉਂਦਾ ਹੈ ਜਿਸਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਸਨ। ਇਸਲਾਮ ਧਰਮ ਦੀਆਂ ਬੁਨਿਆਦੀ ਸਿੱਖਿਆਵਾਂ ਵਿਚ ਈਮਾਨ ਅਤੇ ਨਮਾਜ਼ ਮਗਰੋਂ ਜ਼ਕਾਤ ਦਾ ਸਥਾਨ ਹੈ। ਭਾਵ ਇਹ ਇਸਲਾਮ ਦਾ ਤੀਜਾ ਸਤੰਭ ਹੈ। ਜ਼ਕਾਤ ਨੂੰ ਟੈਕਸ, ਦਾਨ ਰਾਸ਼ੀ ਵੀ ਆਖਿਆ ਜਾਂਦਾ ਹੈ। ਜਿਹੜੀ ਲੋੜਵੰਦਾਂ ਦੀ ਮਦਦ ਲਈ ਦਿੱਤੀ ਜਾਂਦੀ ਹੈ। ਅਰਬੀ ਭਾਸ਼ਾ ਵਿਚ ਜ਼ਕਾਤ ਦਾ ਅਰਥ ਪਾਕ ਤੇ ਸ਼ੁੱਧ ਹੋਣਾ, ਵਧਣਾ, ਵਿਕਸਿਤ ਹੋਣਾ ਹਨ। ਜ਼ਕਾਤ ਉਸ ਨਿਸ਼ਚਿਤ ਧਨ ਨੂੰ ਕਹਿੰਦੇ ਸਨ ਜਿਸ ਦਾ ਆਪਣੀ ਕਮਾਈ ਅਤੇ ਆਪਣੇ ਮਾਲ ਵਿਚੋਂ ਕੱਢਣਾ ਅਤੇ ਉਸ ਨੂੰ ਅੱਲ੍ਹਾ ਦੇ ਦੱਸੇ ਹੋਏ ਸ਼ੁੱਭ ਕਾਰਜਾਂ 'ਤੇ ਖ਼ਰਚ ਕਰਨਾ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ, ਜ਼ਕਾਤ ਦਾ ਅਰਥ ਇਹ ਹੈ ਕਿ ਜਿਸ ਮੁਸਲਮਾਨ ਕੋਲ ਇਕ ਨਿਸ਼ਚਿਤ ਰਾਸ਼ੀ ਵਿਚ ਨਿਯਮਿਤ ਤੌਰ ਤੇ ਧਨ ਸੰਪੱਤੀ ਆਦਿ ਹੋਵੇ, ਉਹ ਹਰ ਸਾਲ ਹਿਸਾਬ ਲਗਾ ਕੇ ਆਪਣੀ ਸੰਪੱਤੀ ਦਾ 40ਵਾਂ ਭਾਗ ਗ਼ਰੀਬਾਂ 'ਤੇ ਜਾਂ ਨੇਕੀ ਦੀਆਂ ਉਨ੍ਹਾਂ ਹੋਰ ਗੱਲਾਂ 'ਤੇ ਖ਼ਰਚ ਕਰ ਦੇਵੇ, ਜੋ ਜ਼ਕਾਤ ਦੇ ਖ਼ਰਚ ਲਈ ਅੱਲ੍ਹਾ ਅਤੇ ਰਸੂਲ ਨੇ ਨਿਸ਼ਚਿਤ ਕੀਤੀ ਹੈ।

### 6.4.4 ਬੁੱਧ ਧਰਮ

ਭਾਰਤੀ ਧਰਮ ਪ੍ਰਣਾਲੀ ਦੇ ਵਿੱਚ ਬੁੱਧ ਧਰਮ ਦੇ ਵਿੱਚ ਭਾਵੇਂ ਕਿ ਇਸ ਦਾ ਵਰਣਨ ਤਾਂ ਨਹੀਂ ਮਿਲਦਾ ਕਿ ਆਪਣੀ ਕਮਾਈ ਦੇ ਵਿੱਚੋਂ ਕੁੱਝ ਹਿੱਸਾ ਭਲਾਈ ਖ਼ਾਤਰ ਵਰਤਣਾ ਹੈ ਪਰ ਇੰਨਾਂ ਵਰਣਨ ਜ਼ਰੂਰ ਮਿਲਦਾ ਹੈ ਕਿ ਸੱਚੀ ਆਜੀਵਿਕਾ ਕਮਾਉਣੀ ਹੈ। ਬੁੱਧ ਧਰਮ ਦੇ ਅਸ਼ਟਾਂਗ ਮਾਰਗਾਂ ਦੇ ਵਿੱਚੋਂ ਇੱਕ ਪੰਜਵਾਂ ਮਾਰਗ ਹੈ। ਇਸ ਮਾਰਗ ਦੇ ਅਨੁਸਾਰ-ਸੱਚੀ ਆਜੀਵਿਕਾ ਦਾ ਅਰਥ ਈਮਾਨਦਾਰੀ ਨਾਲ ਜੀਵਨ ਜਿਉਣਾ ਹੈ। ਜੀਵਨ ਨਿਰਵਾਹ ਠੀਕ ਢੰਗ ਨਾਲ ਹੋਣਾ ਚਾਹੀਦਾ ਹੈ। ਧੋਖਾ, ਰਿਸ਼ਵਤ, ਲੁੱਟ, ਅੱਤਿਆਚਾਰ ਜਿਹੇ ਗ਼ਲਤ ਤਰੀਕਿਆਂ ਨਾਲ ਜੀਵਿਕਾ ਨਿਰਵਾਹ ਤੋਂ ਇੱਕਦਮ ਦੂਰ ਰਹਿਣਾ ਚਾਹੀਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪਸ਼ੱਟ ਹੰਦਾ ਹੈ ਕਿ ਇਹ ਪ੍ਰੰਪਰਾ ਸਿੱਖ ਧਰਮ ਦੇ ਕਾਲ ਤੋਂ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਦੇ ਵਿੱਚ ਮੌਜੂਦ ਸੀ।

### 6.4.5 ਸਿੱਖ ਧਰਮ ਵਿਚ ਦਸਵੰਧ ਦਾ ਸਰੂਪ

ਭਾਰਤੀ ਧਰਮ ਪ੍ਰਣਾਲੀ ਦੇ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਦਵਸੰਧ ਦੇ ਸਿਧਾਂਤ ਦਾ ਸੰਸਥਾਗਤ ਰੂਪ ਗੁਰੂ ਸਾਹਿਬਾਨ ਵੇਲੇ ਹੀ ਹੋਂਦ ਦੇ ਵਿੱਚ ਆਇਆ। ਸਿੱਖ ਧਰਮ ਦੇ ਵਿੱਚ ਦਸਵੰਧ ਦਾ ਸਿਧਾਂਤ ਸੰਕਲਪ ਰੂਪ ਦੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਚੁੱਕਾ ਸੀ। ਜਿਵੇਂ ਕਿ "ਮਹਿਮਾ ਪ੍ਰਕਾਸ਼" ਦੀ ਸਾਖੀ ਦੱਸਦੀ ਹੈ।

ਇੱਕ ਵਾਰ ਗੁਰੂ ਨਾਨਕ ਦੇਵ ਜੀ ਮਨੁੱਖਤਾ ਨੂੰ ਤਾਰਦੇ ਹੋਏ ਇੱਕ ਜੋਗੀਆਂ ਦੇ ਸਥਾਨ ਤੇ ਪੁੱਜੇ। ਇੱਥੇ ਪੁਰਾਣਾ ।ਇੱਕ ਜੋਗੀਆਂ ਦਾ ਡੇਰਾ ਸੀ ਜੋਗੀਆਂ ਨਾਲ ਗੱਲਬਾਤ ਕਰਦਿਆਂ ਗੁਰੂ ਜੀ ਨੇ ਵੰਡ ਛਕਣ ਦਾ ਸਿਧਾਂਤ ਦੱਸਿਆ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਇੱਕ ਤਿਲ ਭੇਂਟ ਕੀਤਾ ਤੇ ਕਿਹਾ ਕਿ ਇਸ ਨੂੰ ਕਿਸ ਤਰ੍ਹਾਂ ਵੰਡ ਕੇ ਖਾ ਸਕਦੇ ਹੋ। ਗੁਰੂ ਸਾਹਿਬ ਨੇ ਉਹ ਤਿਲ ਕੁੰਡੀ ਵਿੱਚ ਪਾ ਕੇ ਕੁੱਟ ਲਿਆ ਤੇ ਸਭ ਨੂੰ ਵਰਤਾ ਦਿੱਤਾ ਅਤੇ ਵੰਡ ਛਕਣ ਦੇ ਸਿਧਾਂਤ ਨੂੰ ਲਾਗੂ ਕੀਤਾ। ਜਿਸ ਦੀ ਪੁਸ਼ਟੀ ਗੁਰਬਾਣੀ ਵਿੱਚੋਂ ਵੀ ਹੁੰਦੀ ਹੈ:-

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245)

ਕਿਰਤ ਕਰ ਕੇ ਵੰਡ ਕੇ ਛਕਣ ਦਾ ਉਪਦੇਸ਼ ਇਸ ਵਿੱਚੋਂ ਮਿਲ ਰਿਹਾ ਹੈ। ਵੰਡ ਛਕਣ ਦੇ ਆਸ਼ੇ ਵਿੱਚੋਂ ਹੀ ਦਸਵੰਧ ਦੀ ਸੰਸਥਾ ਸਥਾਪਿਤ ਹੋਈ ਤੇ ਸਿੱਖਾਂ ਦੀ ਦਸਵੰਧ ਤੋਂ ਜੁੜੀ ਮਾਇਆ ਕੌਮ ਦੀ ਉਸਾਰੀ ਲਈ ਖਰਚੀ ਜਾਣ ਲੱਗੀ। ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਕਾਰਜਾਂ ਲਈ ਕੱਢਣਾ ਸਿੱਖਾਂ ਲਈ ਰਹਿਤ ਦਾ ਭਾਗ ਬਣ ਗਿਆ। ਗੁਰੂ ਨਾਨਕ ਸਾਹਿਬ ਦੇ ਇਸ ਵੰਡ ਛਕਣ ਦੇ ਬੀਜ ਨੂੰ ਅਗਲੇ ਗੁਰੂ ਸਾਹਿਬਾਨ ਨੇ ਦਸਵੰਧ ਦਾ ਰੂਪ ਪ੍ਰਦਾਨ ਕੀਤਾ। ਗੁਰੂ ਅੰਗਦ ਦੇਵ ਜੀ ਆਪਣੇ ਜੀਵਨ ਕਾਲ ਵਿੱਚ ਗੁੱਜਰ ਨਾਮੇ ਸਿੱਖ ਨੂੰ ਦਸਵੰਧ ਕੱਢਣ ਦਾ ਉਪਦੇਸ਼ ਦਿੱਤਾ:-

ਜੇ ਅਪਨੀ ਕਛੁ ਕਰਹੁ ਕਮਾਈ॥
ਗੁਰ ਹਿਤ ਦਿਹੁ ਦਸਵੰਧ ਬਨਾਈ॥

ਇਸ ਵਿਚਾਰ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਹੈ ਤੇ ਦੱਸਿਆ ਹੈ ਕਿ ਹਰ ਸਿੱਖ ਲਈ ਜ਼ਰੂਰੀ ਹੈ ਕਿ ਉਹ ਸਖ਼ਤ ਮਿਹਨਤ ਕਰੇ ਤੇ ਆਪਣੀ ਕਿਰਤ ਕਮਾਈ ਵੰਡ ਕੇ ਛਕੇ। ਭਾਈ ਗੁਰਦਾਸ ਜੀ ਅਨੁਸਾਰ ਸਿੱਖ ਲੋੜਵੰਦਾਂ ਵਿਚ ਵੰਡੇ ਬਿਨਾਂ ਆਪ ਨਹੀਂ ਖਾਂਦਾ:

ਘਾਲਿ ਖਾਇ ਗੁਰਸਿਖ ਮਿਲ ਖਾਣਾ॥
ਕਿਰਤ ਵਿਰਤਿ ਕਰਿ ਧਰਮੁ ਦੀ ਲੈ ਪ੍ਰਸਾਦਿ ਆਣਿ ਵਰਤੰਦਾ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਾਵੰਦਾ॥

ਇਸ ਤਰ੍ਹਾਂ ਸਿੱਖ ਨੇ ਆਦਰਸ਼ਕ ਜੀਵਨ ਜਿਊਣਾ ਹੈ ਅਤੇ ਵੰਡ ਕੇ ਛਕਣਾ ਹੈ ਜੋ ਕਮਾਈ ਪਰਮਾਤਮਾ ਵੱਲੋਂ ਪ੍ਰਵਾਨ ਹੁੰਦੀ ਹੈ ਭਾਵ ਨੇਕ ਕਿਰਤ ਜਾਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਵੰਡ ਕੇ ਛਕਣਾ ਹੈ।

ਪ੍ਰੇਮ ਸੁਮਾਰਗ ਗ੍ਰੰਥ ਵਿਚ ਦਸਵੰਧ ਬਾਰੇ ਇਉਂ ਜ਼ਿਕਰ ਆਉਂਦਾ ਹੈ :

ਪਰਾਏ ਦਰਬ ਕਾ ਅੰਗੀਕਾਰ ਨਾ ਕਰੇ,
ਧਰਮ ਕੀ ਕਿਰਤ ਕਰ ਵੰਡ ਖਾਏ।
ਦਾਤਾ ਗੁਰੂ ਬਾਬਾ ਅਕਾਲ ਪੁਰਖ ਹੈ।

ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਨੇਮਬੱਧ ਕੀਤਾ ਤੇ ਮਿਸ਼ਨ ਨੂੰ ਪ੍ਰਚਾਰਨ ਵਾਸਤੇ ਬਾਈ ਕੇਂਦਰ ਬਣਾਏ। ਉੱਚੀ ਧਾਰਮਿਕ ਪਦਵੀ ਵਾਲੇ ਬੰਦਿਆਂ ਨੂੰ ਇਨ੍ਹਾਂ ਕੇਂਦਰਾਂ (ਮੰਜੀਆਂ) ਤੇ ਲਾਇਆ ਗਿਆ। ਵੱਖ-ਵੱਖ ਇਲਾਕਿਆਂ ਵਿੱਚ ਗੁਰੂ ਜੀ ਦੇ ਪੈਰੋਕਾਰਾਂ ਦੇ ਉਹ ਇੰਚਾਰਜ ਹੁੰਦੇ ਸਨ। ਉਹ ਉਨ੍ਹਾਂ ਦੀਆਂ ਧਾਰਮਿਕ ਤੇ ਸੰਸਾਰਕਿ ਲੋੜਾਂ ਵੱਲ ਧਿਆਨ ਦਿੰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਵਾਲੀ ਕੜੀ ਸਨ। ਗੁਰੂ ਦਾ ਹੁਕਮ ਸੰਗਤ ਤੱਕ ਪਹੁੰਚਾਉਂਦੇ ਸਨ ਤੇ ਸੰਗਤ ਦੀ ਅਰਦਾਸ ਗੁਰੂ ਪਾਸ। ਉਹ ਚੜ੍ਹਾਵਾ ਇੱਕਠਾ ਕਰ ਕੇ ਕੇਂਦਰੀ ਖਜ਼ਾਨੇ ਵਿੱਚ ਭੇਜਦੇ ਸਨ ਜਿੱਥੇ ਗੁਰੂ ਸਾਹਿਬ ਉਸ ਨੂੰ ਮਿਸ਼ਨ ਵਸਤੇ ਵਰਤਦੇ ਸਨ। ਗੁਰੂ ਰਾਮਦਾਸ ਜੀ ਦੀ ਅਗਵਾਈ ਅਧੀਨ ਅੰਮ੍ਰਿਤਸਰ ਦੀ ਖੁਦਾਈ ਅਤੇ ਇਸਦੇ ਵਿਚਕਾਰ ਹਰਿਮੰਦਰ ਦੀ ਉਸਾਰੀ ਆਰੰਭ ਹੋਈ ਤਾਂ ਬਹੁਤ ਸਾਰੇ ਧਨ ਦੀ ਲੋੜ ਸੀ। ਸਿੱਖਾਂ ਨੂੰ ਇਸ ਸਾਂਝੇ ਕਾਰਜ ਹਿੱਤ (ਦਸਵੰਧ) ਗੁਰੂ ਕੀ ਗੋਲਕ ਵਿਚ ਪਾਉਣ ਦਾ ਨਿਰਦੇਸ਼ ਦਿੱਤਾ ਗਿਆ। ਕਾਰ ਭੇਟ ਅਤੇ ਦਸਵੰਧ ਇਕੱਤਰ ਕਰਨ ਲਈ ਮਸੰਦ ਨਿਯੁਕਤ ਕੀਤੇ ਗਏ ਜਿਹੜੇ ਕਿ ਆਪਣੇ ਇਲਾਕੇ ਦੇ ਸਿੱਖਾਂ ਤੋਂ ਭੇਟਾਵਾਂ ਇਕੱਤਰ ਕਰਕੇ ਗੁਰੂ ਜੀ ਕੋਲ ਪਹੁੰਚਾਉਂਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਚੜ੍ਹਾਵਿਆਂ ਨੂੰ ਨੇਮਬੱਧ ਕੀਤਾ। ਉਨ੍ਹਾਂ ਨੇ ਸਾਂਝੇ ਮਿਸ਼ਨ ਦੇ

ਅਰਥ ਹਰ ਇੱਕ ਸਿੱਖ ਲਈ 'ਆਪਣੀ ਆਮਦਨ ਦਾ ਦਸਵਾਂ ਹਿੱਸਾ' ਦੇਣਾ ਨਿਸਚਿਤ ਕੀਤਾ। ਉਸ ਸਮੇਂ ਤੋਂ ਹੀ ਦਸਵੰਧ ਸਿੱਖ ਜੀਵਨ ਜਾਚ ਦਾ ਅੰਗ ਬਣ ਗਿਆ।

ਇੱਥੇ ਅਸੀਂ ਇਹ ਪੂਰਨ ਰੂਪ 'ਚ ਕਹਿ ਸਕਦੇ ਹਾਂ ਕਿ ਭਾਵੇਂ ਕਿ ਹਰ ਗੁਰੂ ਸਾਹਿਬਾਨ ਨੇ ਇਸ ਸਿਧਾਂਤ ਦੇ ਲਈ ਬਹੁਤ ਕਾਰਜ ਕੀਤਾ ਪਰ ਨੇਮਬੱਧ ਤੇ ਸੰਸਥਾਕਰਨ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਸੰਸਥਾਕਰਨ ਕਰਨ ਦੇ ਨਾਲ ਅਮੀਰ ਅਤੇ ਗ਼ਰੀਬ ਦਾ ਪਾੜਾ ਖ਼ਤਮ ਹੋਣ ਲੱਗਾ। ਅਮੀਰ ਅਤੇ ਗ਼ਰੀਬ ਦੋਵੇਂ ਇੱਕੋ ਕਾਰਜ ਲਈ ਵੰਡ ਛਕਣ ਦੇ ਵਿਧਾਨ ਨੂੰ ਅਪਣਾਉਣ ਲੱਗੇ ਤਾਂ ਪ੍ਰਸ਼ਨ ਇਹ ਹੋ ਸਕਦਾ ਹੈ ਦੋਵੇਂ ਵਰਗਾਂ ਵਿੱਚ ਵਿੱਥ ਬਹੁਤ ਜ਼ਿਆਦਾ ਹੈ ਇਸ ਲਈ ਕੌਣ ਕਿੰਨਾਂ ਦਾਨ ਦੇਵੇ? ਇਸ ਕਾਰਜ ਲਈ ਗੁਰੂ ਅਰਜਨ ਦੇਵ ਜੀ ਨੇ ਜੋ ਵਿਧਾਨ ਪ੍ਰਚਲਿਤ ਕੀਤਾ ਉਸ ਨਾਲ ਹਰ ਇੱਕ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੀ ਧਰਮ-ਕਿਰਤ ਦਾ ਦਸਵਾਂ ਹਿੱਸਾ ਗੁਰੂ ਘਰ ਭੇਟ ਕਰੇ ਤਾਂ ਕਿ ਸਮਾਜਿਕ ਵਿਕਾਸ ਦੇ ਕਾਰਜਾਂ ਵਿੱਚ ਹਰ ਕੋਈ ਯੋਗਦਾਨ ਪਾ ਸਕੇ ਅਤੇ ਸਰਬੱਤ ਦੇ ਭਲੇ ਹਿਤ ਆਰੰਭ ਕੀਤੇ ਕਾਰਜ ਨਿਰਵਿਘਨ ਅਤੇ ਨਿਰੰਤਰ ਜਾਰੀ ਰੱਖੇ ਜਾ ਸਕਣ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦਸਵੰਧ ਦਾ ਰੂਪ ਬਦਲ ਕੇ ਘੋੜੇ ਹਥਿਆਰ ਆਦਿ ਨੇ ਲੈ ਲਿਆ। ਦਸਵੰਧ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਾਂ ਉਨ੍ਹਾਂ ਤੋਂ ਛੇਤੀ ਪਿੱਛੋਂ ਰਹਿਤਨਾਮਿਆਂ ਵਿਚ ਨਿਯਮਬੱਧ ਕੀਤੀ ਗਈ।

ਗੁਰੂ ਸਾਹਿਬ ਨੇ ਸਭ ਸਿੱਖਾਂ ਨੂੰ ਹੁਕਮ ਦਿੱਤਾ ਕਿ ਦਸਵੰਧ ਅਰਥਾਤ ਆਪਣੀ ਆਮਦਨੀ ਦਾ ਦਸਵਾਂ ਭਾਗ ਗੁਰੂ ਦੇ ਨਾਂ ਭੇਟਾ ਕਰਨ। ਡਾ. ਹਰੀ ਰਾਮ ਗੁਪਤਾ ਅਨੁਸਾਰ, " Adopting the practice of the Muslim Zakat, Guru Arjan converted voluntary offerings into compulsory contributions."

ਦਸਵੰਧ ਦੀ ਇਕ ਹੋਰ ਉਦਾਹਰਣ ਸਿੱਖ ਦੇ ਸਮੇਂ ਵਿਚੋਂ ਦਿਨ ਦਾ ਦਸਵਾਂ ਹਿੱਸਾ ਹੈ। ਜਿਸ ਵਿਚ 24 ਘੰਟਿਆਂ ਵਿਚੋਂ ਢਾਈ ਘੰਟੇ ਸਿੱਖ ਗੁਰੂ ਦੇ ਨਮਿੱਤ ਆਪਣਾ ਸਮਾਂ ਕੱਢੇ। ਇਹ ਵੀ ਦਸਵੰਧ ਦਾ ਇਕ ਰੂਪ ਹੈ। ਜੋ ਹਰ ਸਿੱਖ ਲਈ ਆਪਣੇ ਰੋਜ਼ਾਨਾ ਜੀਵਨ ਵਿਚ ਜ਼ਰੂਰੀ ਹੈ।

ਆਪਣੇ ਸਿੱਖਾਂ ਲਈ ਗੁਰੂ ਦਾ ਉਪਦੇਸ਼ ਇੰਵ ਹੈ:

(ੳ) ਨਾਮ ਜਪਣਾ,

(ਅ) ਧਰਮ ਦੀ ਕਿਰਤ ਕਰਨੀ ਅਤੇ

(ੲ) ਵੰਡ ਛਕਣਾ

ਇਹ ਸਿੱਖੀ ਜੀਵਨ ਦੇ ਤਿੰਨ ਥੰਮ੍ਹ ਹਨ। ਦਸਵੰਧ ਦੇਣਾ ਸਿੱਖ ਨੂੰ ਉੱਦਮੀ ਵੀ ਬਣਾਉਂਦਾ ਹੈ। ਇਕ ਗੁਰਸਿੱਖ ਦੇ ਮਨ ਵਿਚ ਆਪਣੇ ਗੁਰੂ ਨਮਿੱਤ ਦਸਵੰਧ ਦੇਣ ਕਾਰਨ ਉਹ ਕਿਰਤੀ ਬਣਦਾ ਹੈ ਅਤੇ ਉਸ ਵਿਚ ਵੰਡ ਕੇ ਖਾਣ ਦੀ ਬਿਰਤੀ ਆਉਂਦੀ ਹੈ। ਪਰ ਜੇਕਰ ਕੋਈ ਕਿਰਤ ਹੀ ਨਹੀਂ ਕਰੇਗਾ ਤਾਂ ਉਹ ਵੰਡ ਕੇ ਕੀ ਖਾਏਗਾ, ਦਸਵੰਧ ਕਿਥੋਂ ਦੇਵੇਗਾ? ਇਸ ਤਰ੍ਹਾਂ ਦਸਵੰਧ ਸਿੱਖ ਨੂੰ ਉਤਸ਼ਾਹਿਤ ਵੀ ਕਰਦਾ ਹੈ ਕੰਮ ਕਰਨ ਲਈ ਅਤੇ ਵੰਡ ਕੇ ਛਕਣ ਲਈ। ਅਜਿਹਾ ਸਿੱਖ ਜਿਥੇ ਵੀ ਜਾਏਗਾ ਉਹ ਆਪ ਵੀ ਕਦੀ ਭੁੱਖ ਨਾਲ ਤੰਗ ਨਹੀਂ ਹੋਵੇਗਾ ਅਤੇ ਅਜਿਹੀ ਬਿਰਤੀ ਕਾਰਨ ਉਹ ਆਪਣੇ ਆਲੇ-ਦੁਆਲੇ ਲੋਕਾਂ ਦਾ ਵੀ ਭਲਾ ਕਰੇਗਾ।

## 6.5 ਦਸਵੰਧ ਇੱਕਠਾ ਕਰਨ ਦੀ ਵਿਧੀ

ਸਿੱਖ ਸੰਗਤਾਂ ਆਪਣੀ ਕਮਾਈ ਨੂੰ ਸਫ਼ਲ ਕਰਨ ਲਈ ਗੁਰੂ ਸਾਹਿਬ ਦੇ ਨਮਿੱਤ ਕੁਝ ਹਿੱਸਾ ਦਸਵੰਧ ਦੇ ਰੂਪ ਵਿਚ ਭੇਜਦੀਆਂ ਸਨ। ਇਹ ਦਸਵੰਧ ਭੇਜਣ ਦੇ ਕਈ ਢੰਗ ਸਨ ਪਹਿਲਾਂ ਤਾਂ ਇਹ ਸੀ ਕਿ ਸਿੱਖ ਸੰਗਤ ਖੁਸ਼ੀ ਨਾਲ ਵਿੱਤ ਮੁਤਾਬਿਕ ਧਨ-ਪਦਾਰਥ ਆਪਣੇ ਇਲਾਕੇ ਦੇ ਮਸੰਦ ਕੋਲ ਜਮ੍ਹਾਂ ਕਰਵਾਉਂਦੀਆਂ ਸਨ ਅਤੇ ਮਸੰਦਾਂ ਦੀ ਇਹ ਜ਼ਿੰਮੇਦਾਰੀ ਹੁੰਦੀ ਸੀ ਕਿ ਉਹ ਇਕੱਤਰ ਕੀਤਾ ਗਿਆ ਸਾਰਾ ਧਨ-ਪਦਾਰਥ ਹਰ ਸਾਲ ਵੈਸਾਖੀ ਜਾਂ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਵਿਚ ਗੁਰੂ ਕੀ ਗੋਲਕ ਵਿਚ ਜਮ੍ਹਾਂ ਕਰਾਉਣ। ਗੁਰੂ ਕੀ ਗੋਲਕ ਵਿਚ ਇਸ ਧਨ ਦਾ ਪੂਰਾ ਹਿਸਾਬ ਰਖਿਆ

ਜਾਂਦਾ ਸੀ ਅਤੇ ਹਰ ਇਕ ਮਸੰਦ ਨੂੰ ਧਨ ਜਮ੍ਹਾਂ ਕਰਵਾਉਂਦੇ ਸਮੇਂ ਨਿਯਮ ਅਨੁਸਾਰ ਰਸੀਦ ਦਿੱਤੀ ਜਾਂਦੀ ਸੀ। ਸਿੱਖ ਸੰਗਤ ਆਪ ਵੀ ਸਿੱਧੇ ਰੂਪ ਵਿਚ ਧਨ-ਪਦਾਰਥ ਗੁਰੂ ਸਾਹਿਬਾਨ ਕੋਲ ਪਹੁੰਚਾ ਦਿੰਦੀਆਂ ਸਨ।

ਦਸਵੰਧ ਵਿਚ ਨਕਦ ਧਨ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਵਸਤਾਂ ਜਿਵੇਂ ਸੋਨਾ, ਅਨਾਜ, ਚੰਗੇ ਪਸ਼ੂ ਆਦਿ ਹੁੰਦੇ ਸਨ। ਸੰਗਤਾਂ ਚੰਗੇ ਹਥਿਆਰ ਵੀ ਗੁਰੂ ਸਾਹਿਬਾਨ ਨੂੰ ਭੇਂਟ ਕਰਦੀਆਂ ਸਨ। ਜਿਵੇਂ ਕਿ ਸਿੱਖ ਰਵਾਇਤ ਵਿਚ ਵੀ ਜ਼ਿਕਰ ਆਉਂਦਾ ਹੈ ਉਦਾਹਰਨ ਦੇ ਤੌਰ ਤੇ ਆਸਾਮ ਦੇ ਰਾਜੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਸਾਦੀ ਹਾਥੀ ਭੇਂਟ ਕੀਤਾ ਜੋ ਕਿ ਚਿੱਟੇ ਰੰਗ ਦਾ ਸੀ। ਇਸੇ ਤਰ੍ਹਾਂ ਕਾਬਲ ਦੀ ਸੰਗਤ ਨੇ ਬਹੁਤ ਕੀਮਤੀ ਤੰਬੂ ਭੇਂਟ ਕੀਤੇ। ਪਰ ਗੁਰੂ ਸਾਹਿਬ ਨੇ ਦਸਵੰਧ ਵਿਚ ਭੇਟਾ ਕੀਤੇ ਪਦਾਰਥਾਂ ਅਤੇ ਧਨ ਨੂੰ ਹਮੇਸ਼ਾ ਸੰਗਤ ਲਈ ਹੀ ਵਰਤਿਆਂ। ਜਿਸ ਵਿਚ ਲੋਕ-ਭਲਾਈ, ਧਰਮ ਪ੍ਰਚਾਰ, ਲੰਗਰ, ਸੰਗਤਾਂ ਲਈ ਇਮਾਰਤਾਂ ਦੀ ਉਸਾਰੀ ਆਦਿ ਉਪਰ ਖਰਚ ਕੀਤਾ।

ਗੁਰੂ ਸਾਹਿਬਾਨ ਆਪਣੇ ਨਿਜੀ ਖ਼ਰਚ ਲਈ ਦਸਵੰਧ ਦੀ ਵਰਤੋਂ ਨਹੀਂ ਕਰਦੇ ਸਨ। ਉਨ੍ਹਾਂ ਦਾ ਜੀਵਨ ਬੜਾ ਸਰਲ ਸੀ ਤੇ ਆਪਣੀਆਂ ਸੀਮਿਤ ਲੋੜਾਂ ਦੀ ਪੂਰਤੀ ਉਹ ਆਪਣੇ ਵਸੀਲਿਆਂ ਤੋਂ ਕਰਦੇ ਸਨ।

ਦੂਰ -ਦੂਰ ਦੇ ਇਲਾਕਿਆਂ ਵਿਚ ਜਿੱਥੇ ਮਸੰਦ ਧਨ ਇਕੱਠਾ ਕਰਨ ਲਈ ਆਪ ਨਹੀਂ ਪਹੁੰਚ ਸਕਦੇ ਸਨ ਉੱਥੇ ਉਹ ਅੱਗੇ ਆਪਣੇ ਪ੍ਰਤੀਨਿਧ ਭੇਜ ਦਿੰਦੇ ਸਨ ਜਿਨ੍ਹਾਂ ਨੂੰ ਮਸੰਦੀਆਂ ਜਾਂ ਸੰਗਤੀਆਂ ਕਿਹਾ ਜਾਂਦਾ ਸੀ। ਉਹ ਧਨ ਇੱਕਠਾ ਕਰਕੇ ਮਸੰਦਾਂ ਨੂੰ ਭੇਜਦੇ ਸਨ ਅਤੇ ਮਸੰਦ ਅੱਗੇ ਗੁਰੂ ਸਾਹਿਬ ਦੇ ਕੇਂਦਰੀ ਕੋਸ਼ ਵਿਚ ਪਹੁੰਚਾ ਦਿੰਦੇ ਸਨ। ਇਸ ਤਰ੍ਹਾਂ ਸਿੱਖਾਂ ਨੇ ਦਸਵਾਂ ਹਿੱਸਾ ਮਸੰਦਾਂ ਨੂੰ ਦੇਣਾ ਆਰੰਭ ਕਰ ਦਿੱਤਾ।

ਡਾ. ਗੋਕਲ ਚੰਦ ਨਾਰੰਗ ਅਨੁਸਾਰ, "The Guru could now arrange his budget with more certainty as the dues of the Guru were paid more readily and unfailingly than even the Moghal revenues."

ਗੁਰੂ ਅਰਜਨ ਦੇਵ ਜੀ ਤੱਕ ਇਸ ਸੰਸਥਾ ਦਾ ਪੂਰਾ ਵਿਧੀ-ਵਿਧਾਨ ਪ੍ਰਚਲਿਤ ਹੋ ਚੁੱਕਾ ਸੀ। ਗੁਰੂ ਜੀ ਨੇ ਦਸਵੰਧ ਦੀ ਭੇਟਾ ਚੋਂ ਸਿੱਖਾਂ ਨੂੰ ਘੋੜੇ ਸ਼ਸਤਰ ਆਦਿਕ ਵੀ ਲਿਆਉਣ ਲਈ ਵੀ ਹੁਕਮ ਕੀਤਾ। ਅਗਲੇ ਗੁਰੂ ਸਾਹਿਬਾਨਾਂ ਨੇ ਵੀ ਇਸ ਸਿਧਾਂਤ ਨੂੰ ਜਾਰੀ ਰੱਖਿਆ ਤੇ ਦਸਵੰਧ ਦੀ ਮਾਇਆ ਤੋਂ ਕੌਮੀ ਕਾਰਜ ਸੰਪੂਰਨ ਕੀਤੇ ਜਾਂਦੇ ਰਹੇ। ਇਥੇ ਇਹ ਵਰਣਨਯੋਗ ਹੈ ਕਿ ਦਸਵੰਧ ਕੋਈ ਲਾਜ਼ਮੀ ਕਰ ਨਹੀਂ ਹੈ। ਇਹ ਸਿੱਖ ਸੰਗਤਾਂ ਵੱਲੋਂ ਆਪਣੀ ਖੁਸ਼ੀ ਨਾਲ ਦਿੱਤੀ ਗਈ ਭੇਂਟ ਸੀ, ਇਸ ਲਈ ਨਾ ਕੋਈ ਸਖ਼ਤ ਹਦਾਇਤ ਸੀ ਅਤੇ ਨਾ ਹੀ ਕੋਈ ਸਪੱਸ਼ਟ ਨਿਯਮ ਸੀ। 'ਜ਼ਕਾਤ' ਅਤੇ 'ਦਸਵੰਧ' ਵਿਚ ਇਕ ਵੱਡਾ ਫ਼ਰਕ ਇਹੀ ਹੈ ਕਿ ਸਿੱਖੀ ਵਿਚ ਦਸਵੰਧ ਲਈ ਕੋਈ ਕਰੜੇ ਅਤੇ ਗੁੰਝਲਦਾਰ ਨਿਯਮ ਨਹੀਂ ਹਨ। ਜਦੋਂ ਕਿ ਇਸਲਾਮਿਕ ਗ੍ਰੰਥਾਂ ਵਿਚ ਜ਼ਕਾਤ ਬਾਰੇ ਬੜੇ ਵਿਸਤ੍ਰਿਤ ਨਿਯਮ ਲਿਖੇ ਮਿਲਦੇ ਹਨ।

ਜਿਥੇ ਦਸਵੰਧ ਸੰਸਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ ਪਾਇਆ ਉਥੇ ਕੁਝ ਸਮੇਂ ਬਾਅਦ ਸਿੱਖ ਸੰਗਠਨ ਵਿਚ ਇਸ ਸੰਸਥਾ ਕਾਰਨ ਕੁਝ ਸਮੱਸਿਆਵਾਂ ਵੀ ਪੈਦਾ ਹੋ ਗਈਆਂ। ਮਸੰਦ ਭ੍ਰਿਸ਼ਟਾਚਾਰੀ ਹੋ ਗਏ ਸਨ ਅਤੇ ਉਹ ਭੋਲੇ-ਭਾਲੇ ਸਿੱਖਾਂ ਦਾ ਸੋਸ਼ਣ ਕਰਨ ਲੱਗ ਪਏ ਸਨ। ਉਹ ਗੁਰੂ ਸਾਹਿਬ ਦੇ ਨਾਂ ਉਤੇ ਇਕੱਠੇ ਹੋਏ ਧਨ ਵਿਚ ਹੇਰਾ ਫ਼ੇਰੀ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਮਸੰਦ ਬਹੁਤ ਬਦਨਾਮ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਮਸੰਦ ਪ੍ਰਥਾ 'ਤੇ ਰੋਕ ਲਗਾ ਦਿੱਤੀ ਸੀ। ਇਹ ਲੋਕਾਂ ਕੋਲੋਂ ਜ਼ਬਰੀ ਮਾਇਆ ਉਗਰਾਹੁਣ ਲੱਗ ਪਏ ਸਨ।

## 6.6 ਅਜੋਕੇ ਸਮੇਂ ਵਿਚ ਦਸਵੰਧ ਦਾ ਸਰੂਪ

ਦੇਹਧਾਰੀ ਗੁਰੂ ਪ੍ਰੰਪਰਾ ਤੋਂ ਬਾਅਦ ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਅਜੋਕੇ ਸਮੇਂ ਵਿੱਚ ਵੀ ਇਹ ਸਿਧਾਂਤ ਸਿੱਖ ਧਰਮ ਦੇ ਲੋਕਾਂ ਅੰਦਰ ਸਮੋਇਆ ਹੋਇਆ ਹੈ। ਅਸੀਂ ਵੇਖਦੇ ਹਾਂ ਕਿ ਕਿਵੇਂ ਸਿੱਖ ਧਰਮ ਦੇ ਲੋਕ ਮੱਨੁਖਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੇ ਦੌਰਾਨ ਹੀ ਇਸ ਸਿਧਾਂਤ ਦਾ ਇੱਕ ਇਨਕਲਾਬੀ ਵਿਕਾਸ ਕੀਤਾ ਤਾਂ ਕਿ ਸਿੱਖ ਧਰਮ ਨੂੰ ਪ੍ਰਣਾਇ ਹੋਏ ਲੋਕਾਂ ਦੇ ਮਨਾਂ ਅੰਦਰ ਇਹ ਸਿਧਾਂਤ ਘਰ ਕਰ ਸਕੇ।

## 6.7 ਦਸਵੰਧ ਸੰਸਥਾ ਦਾ ਪ੍ਰਭਾਵ

ਕੋਈ ਵੀ ਸਿਧਾਂਤ ਉਸ ਸਮੇਂ ਸੰਪੂਰਨ ਹੁੰਦਾ ਹੈ ਜਦੋਂ ਉਸ ਦਾ ਰੂਪ ਸੰਸਥਾ ਬਣ ਜਾਵੇ ਤੇ ਸੰਸਥਾ ਦਾ ਰੂਪ ਉਸ ਸਮੇਂ ਬਣਦਾ ਹੈ ਜਦੋਂ ਉਸ ਸਿਧਾਂਤ ਨੂੰ ਲੋਕਾਂ ਦੁਆਰਾ ਅਪਣਾਇਆ ਜਾਣ ਲੱਗ ਪਵੇ। ਦਸਵੰਧ ਤੇ ਸਿਧਾਂਤ ਨੇ ਸਿੱਖ ਦੇ ਮਨਾਂ ਵਿੱਚ ਆਪਣਾ ਇੱਕ ਗਹਿਰਾ ਪ੍ਰਭਾਵ ਛੱਡਿਆ ਹੈ ਅਸੀਂ ਪਿੱਛੇ ਵੀ ਇਹ ਵਰਣਨ ਕੀਤਾ ਹੈ ਕਿ ਪਹਿਲਾਂ ਇਸ ਦਾ ਰੂਪ ਦਾਨ ਦੇ ਰੂਪ ਵਿੱਚ ਆਇਆ ਹੈ।

ਪਰ ਸਿੱਖ ਧਰਮ ਵਿਚਲੇ ਦਸਵੰਧ ਦੇ ਸਿਧਾਂਤ ਨੇ ਆਪਣਾ ਇੱਕ ਵੱਖਰਾ ਪ੍ਰਭਾਵ ਛੱਡਿਆ। ਦਸਵੰਧ ਦੀ ਸੰਸਥਾ ਦਾ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ:-

ਦਸਵੰਧ ਦੇਣ ਦੀ ਬਿਰਤੀ ਦਾਨ ਤੋਂ ਭਿੰਨ ਹੈ।

ਡਾ. ਹਰਬੰਸ ਸਿੰਘ ਅਨੁਸਾਰ, Dasvandh is, however to be distinguished from Dan or charity. The concept of Dasvandh was implicit in Guru Nanak's own line.

ਦਾਨ ਵਿੱਚ ਦਾਨੀ ਦੇ ਅੰਦਰ ਹਉਮੈ ਦਾ ਪ੍ਰਵੇਸ਼ ਹੁੰਦਾ ਹੈ। ਦੂਜੇ ਪਾਸੇ ਦਾਨ ਲੈਣ ਵਾਲਾ ਆਪਣੇ ਆਪ ਨੂੰ ਤੁੱਛ ਸਮਝਦਾ ਹੈ। ਇਸ ਨਾਲ ਭਿੱਖਿਆ ਬਿਰਤੀ ਦਾ ਵਿਕਾਸ ਹੁੰਦਾ ਹੈ। ਸਮਾਜ ਦਾਨੀ ਅਤੇ ਭਿਖਾਰੀ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ। ਦਾਨੀ ਭਿਖਾਰੀਆਂ ਨੂੰ ਨੀਵੇਂ ਹੋਣ ਦਾ ਅਹਿਸਾਸ ਕਰਾਉਂਦਾ ਹੈ। ਲੋਕਾਂ ਵਿੱਚ ਵਿੱਥ ਵਧਦੀ ਹੈ, ਮਨੁੱਖ- ਮਨੁੱਖ ਤੋਂ ਦੂਰ ਹੁੰਦਾ ਹੈ। ਇਸ ਤਰ੍ਹਾਂ ਮਨੁੱਖਾ ਜਨਮ ਪ੍ਰਾਪਤ ਕਰਕੇ ਵੀ ਵਿਅਰਥ ਵਿੱਚ ਗੁਆਇਆ ਹੋ ਜਾਂਦਾ ਹੈ।" ਦਸਵੰਧ ਦਾ ਮੁੱਖ ਪ੍ਰਭਾਵ ਇਹ ਹੈ ਕਿ ਇਹ ਹਉਮੈਂ ਵਾਲੀ ਬਿਰਤੀ ਤੋਂ ਮਨੁੱਖ ਨੂੰ ਬਚਾਉਂਦਾ ਹੈ।

ਦੂਸਰੇ ਤੌਰ ਤੇ ਦਸਵੰਧ ਦੀ ਸੰਸਥਾ ਇੱਕ ਪੈਨਲ ਨਿਯਤ ਕਰਦੀ ਹੈ ਕਿ ਮਨੁੱਖ ਦੀ ਲੋੜ ਕੀ ਹੈ ਤੇ ਜੋ ਲੋੜ ਤੋਂ ਵੱਧ ਹੈ ਉਸ ਦਾ ਕੀ ਕਰਨਾ ਹੈ ਜਿਵੇਂ ਕਿ:-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1245)

ਇਨ੍ਹਾਂ ਪੰਕਤੀਆਂ ਤੋਂ ਕਿਰਤ ਕਮਾਈ ਦੀ ਵਰਤੋਂ ਦਾ ਸੰਕੇਤ ਮਿਲਦਾ ਹੈ। ਕਿਰਤ ਕਰ ਕੇ ਸੰਪਤੀ ਨਹੀਂ ਬਣਾਉਣੀ, ਨਾ ਹੀ ਧਨ ਨੂੰ ਇਕੱਠਾ ਕਰਨ ਹੈ, ਸਗੋਂ ਲੋੜ ਤੋਂ ਜੋ ਵੱਧ ਹੈ, ਉਸ ਨੂੰ ਲੋੜਵੰਦਾਂ ਵਿੱਚ ਵੰਡਣਾ ਹੈ, ਕਿਉਂਕਿ ਵੰਡ ਕੇ ਛਕਣ ਵਾਲੇ ਦੈਵੀ ਪਿਆਰ ਦੇ ਸਾਧਕ ਹੁੰਦੇ ਹਨ। ਰੱਬ ਦੇ ਜੀਆਂ ਨੂੰ ਪਿਆਰ ਕੀਤੇ ਬਿਨਾਂ ਅਸੀਂ ਰੱਬ ਨੂੰ ਕਿਵੇਂਪਿਆਰ ਕਰ ਸਕਦੇ ਹਾਂ? ਆਪਣੀ ਘਾਲ ਕਮਾਈ ਨੂੰ ਹੋਰਾਂ ਨਾਲ ਵੰਡਣਾ ਰੱਬ ਨਾਲ ਪਿਆਰ ਦੀ ਸ਼ਾਖ਼ ਭਰਨਾ ਹੈ। ਰਹਿਤਨਾਮਿਆਂ ਵਿੱਚ ਵੀ ਇਹ ਹੀ ਦਰਸਾਇਆ ਗਿਆ ਹੈ ਕਿ ਗੁਰੂ ਦੀ ਪ੍ਰਸੰਨਤਾ ਉਦੋਂ ਹੀ ਹੈ ਜਦੋਂ ਸਿੱਖ ਵੰਡ ਕੇ ਛਕਦਾ ਹੈ।

ਕਰੇ ਪ੍ਰਸਾਦਿ ਸਿਖ ਮੁਖ ਪਾਵੈ॥
ਤਿਸ ਸਿਖ ਕੇ ਗੁਰ ਵਾਰਨੇ ਜਾਵੈ॥

ਗੁਰਸਿੱਖ ਲੋਕ ਭਲਾਈ ਲਈ ਜੋ ਖ਼ਰਚ ਕਰਦਾ ਹੈ, ਉਸਦੇ ਬਦਲੇ ਨਾ ਤਾਂ ਕਈ ਗੁਣਾ ਧਨ ਮਿਲਣ ਦੀ ਕਾਮਨਾ ਕਰਦਾ ਹੈ ਅਤੇ ਨਾ ਹੀ ਦੇਵਤੇ ਤੋਂ ਕੋਈ ਅਸੀਸ ਪ੍ਰਾਪਤੀ ਚਾਹੁੰਦਾ ਹੈ। ਰਵਾਇਤੀ 'ਦਾਨ' ਦੇ ਸੰਕਲਪ ਤੋਂ ਸਿੱਖਾਂ ਦਾ ਦਾਨ ਜਾਂ 'ਦਸਵੰਧ' ਦਾ ਸੰਕਲਪ ਬਿਲਕੁਲ ਨਿਆਰਾ ਹੈ। ਸਿੱਖ ਇਤਿਹਾਸ ਵਿੱਚ ਵੀ ਸਾਨੂੰ ਦਸਵੰਧ ਪ੍ਰਤੀ ਸਿੱਖਾਂ ਦੀ ਸਪਿਰਟ ਵੇਖਣ ਨੂੰ ਮਿਲਦੀ ਹੈ। ਜਦੋਂ ਸਿੱਖ ਜੰਗਲਾਂ ਵਿੱਚ ਰਹਿੰਦੇ ਸਨ ਤੇ ਪ੍ਰਸ਼ਾਦਾ ਤਿਆਰ ਕਰ ਕੇ ਵੰਡ ਛਕਣ ਦੇ ਸਿਧਾਂਤ ਨੂੰ ਅਪਣਾਉਂਦਿਆਂ ਹੋਇਆਂ ਵੈਰੀਆਂ ਨੂੰ ਵੀ ਲੰਗਰ ਛਕਾਉਣ ਤੋਂ ਕਦੇ ਵੀ ਗੁਰੇਜ਼ਨ ਨਹੀਂ ਕਰਦੇ ਸਨ।

ਦੇਗ ਤਿਆਰ ਗੁਰ ਹੋਈ।

ਓਸ ਸਮੇ ਵੈਰੀ ਕਿਨ ਆਵੈ।
ਪਰਮ ਮੀਤ ਸਮ ਤਾਹਿ ਛਕਾਵੈ।
ਵੈਰੀ ਮਿਤ੍ਰਨ ਕੋ ਸਮ ਦੈ ਹੈ।
ਬਚੇ ਸੁ ਪਾਛੈ ਖੁਦ ਖਾ ਲੈ ਹੈ।
ਨਹਿ ਤੋ ਲੰਗਰ ਮਸਤ ਬਨੈ ਹੈ।

ਇਸ ਤਰ੍ਹਾਂ ਦਸਵੰਧ ਵੀ ਸਿਰਫ਼ ਓਹੀ ਪਰਵਾਨ ਹੈ ਜਿਹੜਾ ਕਿ ਧਰਮ ਦੀ ਨੇਕ ਕਮਾਈ ਵਿਚੋਂ ਦਿੱਤਾ ਜਾਂਦਾ ਹੈ।
ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਦਸਵੰਧ ਇੱਕ ਸੰਪੂਰਨ ਸੰਸਥਾ ਦੇ ਰੂਪ ਵਿੱਚ ਸਿੱਖ ਸਮਾਜ ਦੇ ਵਿੱਚ ਵਿਦਮਾਨ ਹੋ ਚੁੱਕਾ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਦਸਵੰਧ ਨਾ ਦੇਣ ਦੇ ਪ੍ਰਤੀ ਵੀ ਤਾੜਨਾ ਕੀਤੀ ਗਈ ਹੈ ਜਿਸ ਤੋਂ ਭਾਵ ਨਿਕਲਦਾ ਹੈ ਕਿ ਦਸਵੰਧ ਦੇਣਾ ਹਰ ਇੱਕ ਸਿੱਖ ਲਈ ਅਤਿ ਜ਼ਰੂਰੀ ਹੈ:-

ਦਸਵੰਧ ਗੁਰੂ ਨਹਿ ਦੇਵਹੀ ਝੂਠ ਬੋਲ ਜੋ ਖਾਇ॥
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੁ ਨ ਬਿਸਾਹੁ॥

ਪੁਰਾਤਨ ਸਮੇਂ ਇਹ ਗੱਲ ਸਿੱਖਾਂ ਵਿਚ ਪ੍ਰਚੱਲਿਤ ਹੋ ਗਈ ਸੀ ਜਿਹੜੇ ਸਿੱਖ 'ਬਾਬੇ ਕੇ ਦਾਮ' (ਦਸਵੰਧ) ਨਹੀਂ ਦੇਣਗੇ ਉਨ੍ਹਾਂ ਦਾ ਧਨ ਦੌਲਤ ਮੁਗ਼ਲ ਜਰਵਾਣੇ (ਬਾਬਰ ਕੇ) ਲੁੱਟ ਖੋਹ ਕੇ ਲੈ ਜਾਣਗੇ ।

ਜੋ ਬਾਬੇ ਕੋ ਦਾਮ ਨ ਦੈਹੈਂ,
ਤਿਨ ਤੇ ਗਹਿ ਬਾਬਰ ਕੈ ਲੈਹੈਂ।
ਦੈ ਦੈ ਤਿਨ ਕੋ ਬਡੀ ਸਜਾਇ,
ਪੁਨਿ ਲੈਹੈਂ ਗ੍ਰਿਹਿ ਲੂਟ ਬਨਾਇ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਦਸਵੰਧ ਸਿਰਫ਼ ਇਕ ਫਰਜ਼ ਹੀ ਨਹੀਂ ਸਗੋਂ ਸਰਬੱਤ ਦੇ ਭਲੇ ਦਾ ਇਕ ਮਹਾਨ ਜ਼ਰੀਆ ਹੈ। ਜਿਸ ਵਿਚ ਇਕ ਗੁਰਸਿੱਖ ਨਾ ਸਿਰਫ਼ ਗਰੀਬ ਸਿੱਖਾਂ ਦੀ ਮਦਦ ਕਰਦਾ ਹੈ ਸਗੋਂ ਸੰਸਾਰ ਦੇ ਅੰਦਰ ਵੱਸ ਰਹੇ ਹਰ ਉਸ ਲੋੜਵੰਦ ਦੀ ਮਦਦ ਕਰਨਾ ਹੈ।

## 6.8 ਸਾਰ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਸਵੰਧ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋਇਆ, ਭਾਵੇਂ ਕਿ ਪਹਿਲਾਂ ਇਸ ਦਾ ਨਾਂ ਦਸਵੰਧ ਨਹੀਂ ਸੀ। ਸ਼ੁਰੂ ਵਿਚ ਸਿੱਖ ਗੁਰੂ ਅੱਗੇ ਸਰਦੀ-ਬਣਦੀ ਕਾਰ ਭੇਟਾ ਦਿੰਦੇ ਸਨ। ਗੁਰੂ ਰਾਮਦਾਸ ਜੀ ਦੇ ਸਮੇਂ ਮਾਇਆ ਇੱਕਤਰ ਕਰਨ ਦਾ ਕੰਮ ਆਰੰਭ ਹੋ ਗਿਆ ਸੀ ਪਰ ਪ੍ਰਿਥੀਏ ਕਾਰਨ ਇਹ ਕਾਰ ਭੇਟ ਸਿੱਧੇ ਰੂਪ ਵਿਚ ਗੁਰੂ ਸਾਹਿਬ ਕੋਲ ਨਹੀਂ ਪੁੱਜਦੀ ਸੀ। ਭਾਵੇਂ ਕਿ ਇਸ ਦਾ ਨਾਮ ਉਦੋਂ ਵੀ ਦਸਵੰਧ ਨਹੀਂ ਸੀ ਇਸ ਨੂੰ ਕਾਰ ਭੇਟ ਹੀ ਕਿਹਾ ਜਾਦਾਂ ਸੀ, ਜਿਵੇਂ ਕਿਹਾ ਜਾ ਸਕਦਾ ਹੈ ਕਿ ਗੁਰਦੁਆਰਿਆਂ ਦਾ ਸਰੂਪ ਗੁਰੂ ਨਾਨਕ ਸਾਹਿਬ ਦੇ ਸਮੇਂ ਧਰਮਸ਼ਾਲਾਵਾ ਦੇ ਰੂਪ ਵਿਚ ਮੌਜੂਦ ਸੀ ਪਰ ਇਸ ਦਾ ਨਾਮ ਗੁਰਦੁਆਰਾ ਛੇਵੇਂ ਪਾਤਸ਼ਾਹ ਦੇ ਸਮੇਂ ਪਿਆ। ਇਸ ਦਾ ਹਵਾਲਾ ਭਾਈ ਸੰਤੋਖ ਸਿੰਘ ਜੀ ਦੇ ਰਚਿਤ ਗ੍ਰੰਥ ਸੂਰਜ ਪ੍ਰਕਾਸ਼ ਵਿਚ ਮਿਲਦਾ ਹੈ। ਇਸੇ ਪ੍ਰਕਾਰ ਦਸਵੰਧ ਅਸਲੀ ਅਰਥਾਂ ਵਿਚ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਂਦ ਵਿਚ ਆਇਆ। ਜੋ ਕਿ ਸਿੱਖਾਂ ਦੀ ਨੇਕ ਕਮਾਈ ਦਾ ਦਸਵਾਂ ਹਿੱਸਾ ਸੀ। ਇਸ ਕਾਰਨ ਗੁਰੂ ਘਰ ਦੀ ਆਮਦਨ ਨਿਸ਼ਚਿਤ ਹੋ ਗਈ। ਇਸੇ ਦਸਵੰਧ ਨੇ ਅੱਗੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਘੋੜਿਆਂ ਅਤੇ ਸ਼ਸ਼ਤਰਾਂ ਦਾ ਰੂਪ ਧਾਰਣ ਕਰ ਲਿਆ। ਇਸ ਤਰ੍ਹਾਂ ਵੱਖ-ਵੱਖ ਸਮੇਂ ਇਸ ਦੇ ਸਰੂਪ ਬਦਲਦੇ ਰਹੇ ਪਰ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਵਧੇਰੇ ਜਥੇਬੰਦ ਅਤੇ ਬਾਕਾਇਦਾ ਕੀਤਾ।
ਸਿੱਖ ਅੱਜ ਵੀ ਗੁਰੂਆਂ ਦੇ ਦਿੱਤੇ ਹੋਏ ਸਿਧਾਂਤ ਨੂੰ ਅਪਣਾਉਂਦੇ ਆ ਰਹੇ ਹਨ ਭਾਵੇਂ ਸਮਾਂ ਕਿਹੋ ਜਿਹਾ ਵੀ ਹੋਵੇ। ਇਸ ਪ੍ਰਕਾਰ ਦੇ ਅਸੂਲ ਉੱਤੇ ਕਾਇਮ ਹੋਇਆ ਸਮਾਜ ਹੀ ਕਲਿਆਣ-ਮੁਖੀ ਹੋ ਸਕਦਾ ਹੈ, ਕਿਉਂਕਿ ਵੰਡ ਛਕਣ ਨਾਲ ਮਨੁੱਖ ਮਨੁੱਖ ਦੇ ਨੇੜੇ ਆਉਂਦਾ ਹੈ, ਸਮਾਜਿਕਤਾ ਦਾ ਬੋਧ ਵਧਦਾ ਹੈ, ਸਮਾਨਤਾ ਦੀ ਭਾਵਨਾ ਪ੍ਰਪੱਕ ਹੁੰਦੀ ਹੈ।

❖

## 6.9 ਪੜ੍ਹਣਯੋਗ ਪੁਸਤਕਾਂ


- ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।
- ਰੂਪ ਸਿੰਘ (ਸੰਪਾ.), ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
- ਇੰਦੂਭੂਸ਼ਣ ਬੈਨਰਜੀ, ਖਾਲਸੇ ਦੀ ਉਤਪੱਤੀ, ਪੰਜਾਬੀ ਯੂਨੀਵਰਿਸਟੀ ਪਟਿਆਲਾ।
- Hari Ram Gupta, History of Sikh Gurus, New Delhi
- Harbans Singh, The Encyclopaedia of Sikhism, Publication Bureau Punjabi University Patiala
- Teja Singh and Ganda Singh, A Short History of the Sikhs, Publication Bureau Punjabi University, Patiala.